ੴ

ਗੁਰਮੁਖ ਸੋਝੀ ਸਹਜ ਸਮਾਵੈ

ਗਿ: ਅਮਰੀਕ ਸਿੰਘ



Gurmukah Soee Saihj Smaavai

Giani Amrik Singh Chandigarh

ISBN : 81-7601-804-X

ਪਹਿਲੀ ਐਡੀਸ਼ਨ ਦਸੰਬਰ 2006

ਦੂਜੀ ਐਡੀਸ਼ਨ ਅਪ੍ਰੈਲ 2011

ਭੇਟਾ : 125-00

An ISO 9001:2008 Certified Publishing House No. 101809-A01

ਪ੍ਰਕਾਸ਼ਕ :

ਭਾ: ਚਤਰ ਸਿੰਘ ਜੀਵਨ ਸਿੰਘ

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ।

ਫੋਨ : (0183) 2542346, 2547974

ਫੈਕਸ : (0183) 5017488

E-mail : csjssales@hotmail.com

: csjspurchase@yahoo.com

: csjsexports@vsnl.com

Visit our Website : www.csjs.com

ਪ੍ਰਿੰਟਰ :

ਜੀਵਨ ਪ੍ਰਿੰਟਰਜ਼, ਅੰਮ੍ਰਿਤਸਰ।

ਫੋਨ : 0183-2705003, 5095774

Printed & Bound in India

ੴ ਸਤਿਗੁਰ ਪ੍ਰਸਾਦਿ ॥

ਗੁਰਮੁਖਿ ਸੋਈ ਸਹਜ ਸਮਾਵੈ

ਗਿਆਨੀ ਅਮਰੀਕ ਸਿੰਘ

ਚੰਡੀਗੜ੍ਹ ਵਾਲੇ

ਪ੍ਰਕਾਸ਼ਕ

An ISO 9001:2000 Certified Publishing House

ਭਾ. ਚਤਰ ਸਿੰਘ ਜੀਵਨ ਸਿੰਘ

ਅੰਮ੍ਰਿਤਸਰ

ਤਤਕਰਾ

ਸਮਰਪਿਤ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪੂਰਨਤਾ ਦਿਵਸ ਸ਼ਤਾਬਦੀ ਅਤੇ ਸਮੂੰਹ ਪ੍ਰਚਾਰਕਾਂ ਨੂੰ, ਜਿਹੜੇ ਨਮੋ ਸਰਬ ਜੀਤੰ ਦੀ ਟੇਕ ਲੈ ਕੇ ਸਮੁੱਚੇ ਗੁਰਮਤਿ ਅਸੂਲਾਂ ਅਨੁਸਾਰ ਇਸ ਪਿਉ ਦਾਦੇ ਦੇ ਖ਼ਜ਼ਾਨੇ ਨੂੰ ਸਮੁੱਚੀ ਮਾਨਵਤਾ ਲਈ ਵੰਡ ਰਹੇ ਹਨ ।

ੴ

ਗੁਰਮੁਖ ਸੋਝੀ ਸਹਜ ਸਮਾਵੈ

ਗਿ: ਅਮਰੀਕ ਸਿੰਘ



ਇਸੇ ਕਲਮ ਤੋਂ

ਸਾਹਿਬ ਜੀ ਨੇ ਮਿਹਰ ਕਰਕੇ ਇਸੇ ਕਲਮ ਤੋਂ :

1. ਗਿਆਨ ਅੰਜਨ ਗੁਰਿ ਦੀਆ
2. ਸੰਸਾਰ ਤੋਂ ਨਿਰੰਕਾਰ ਤੱਕ
3. ਵਿਆਹ ਅਤੇ ਨਿਰਬਾਹ

ਦੀ ਸੇਵਾ ਵੀ ਲਈ ਹੈ ਜੀ ।

ੴ

ਗੁਰਮੁਖ ਸੋਈ ਸਹਜ ਸਮਾਵੈ

ਗਿ: ਅਮਰੀਕ ਸਿੰਘ



ਸੁਣ ਤੂੰ ਲਿਖਣ ਹਾਰਿਆ ਐਸਾ ਕੁਝ ਨਾ ਲਿਖ
ਜਿਸ ਨੂੰ ਪੜ੍ਹਨੇ 'ਤੇ, ਜਗਤਿ, ਵਧੇ ਪਾਪ ਅਰ ਦੁੱਖ ।
ਲਿਖਣ ਚਾਉ ਜੇ ਉਮਗਿਆ ਆਪਣੇ ਅੰਦਰ ਵੇਖ,
ਹੈ ਉਥੇ ਸੰਦੇਸ਼ ਜੋ ਮੇਟੇ ਮਨ ਦੀ ਧੁਖ ?
ਜਿਸਨੂੰ ਪੜ੍ਹਕੇ ਪੜ੍ਹਨਹਾਰ ਪੜ੍ਹਨ ਪਹਿਲਿਓਂ ਹਾਲ,
ਨਾਲੋਂ ਉੱਚਾ ਹੋ ਜਾਏ ਸੁਖ ਵਿੱਚ ਭਾਵੇਂ ਦੁੱਖ ।
ਦ੍ਰਵ ਜਾਵੇ ਰਹਿ ਅਕਲ ਵਿੱਚ ਕੁੱਛਕੁ ਸੁਖੀਆ ਹੋਇ,
ਸੁਹਣੇ ਸ੍ਵਾਦੀ ਰੰਗ ਵਿਚ ਪਲਟ ਜਾਸ ਕੁਝ ਰੁੱਖ ।
ਨੀਵੀਆਂ ਰੁਚੀਆਂ ਜਗਤ ਵਿਚ ਨੀਵੇਂ ਕਰਮ ਸੁਭਾਉ,
ਅੱਗੇ ਫੈਲੇ ਹੈ ਬੜੇ ਕਾਹੇ ਵਧਾਵੈਂ ਲਿਖ ?
ਇਕ ਦਿਨ ਅੰਮ੍ਰਿਤ ਡੋਹਲਦੀ ਬੋਲ ਪਈ ਮੈਂ ਕਲਮ,
ਮੈਂ ਜਾਣੂੰ ਨਹੀਂ ਪਾਪ ਤੋਂ ਅਸਮਤ ਮੇਰੀ ਰੱਖ ।
ਵਰਤਣ ਮੇਰੀ ਉਹ ਕਰੀਂ ਜਿਸ ਵਿੱਚ ਪਾਪ ਨਾ ਲੇਸ,
ਜਗਤ ਜਲੰਦੇ ਦੀ ਮਲ੍ਹਮ, ਲਿਖਤ ਬਣੇ ਸੋ ਲਿਖ ।
ਦਿਲ ਦੁਨੀਆਂ ਦੇ ਭੁਜ ਰਹੇ, ਹੋ ਰਹੇ ਹੈਨ ਕਬਾਬ,
ਅੰਮ੍ਰਿਤ ਛਿਟੇ ਲੇਖ ਲਿਖ, ਕੁਛ ਦੁੱਖ ਘਟੇ ਮਨੁੱਖ ।
ਨਹੀਂ ਤੇ ਮੈਨੂੰ ਛੱਡ ਆ ਮੇਰੇ ਜੰਗਲ ਦੇਸ਼,
ਜਿੰਦੜੀ ਮੇਰੀ ਮੋੜ ਦੇਹ ਉਂਗਲਾਂ ਨਾ ਪਈ ਬਿਖ ।
ਵਿੱਚ ਸਰਕੰਡਿਆਂ ਸੁਖੀ ਸਾਂ, ਦੁੱਖਾਂ ਨਾ ਕਿਸੇ ਦੁਖਾਉਂ ।
ਝੋਲੇ ਝੰਡੇ ਵਾਉ ਦੇ ਆਣ ਰਹੀਂ ਸਾਂ ਸੁੱਖ ।
ਜੇ ਮੈਨੂੰ ਹਈ ਵਰਤਣਾ ਪਾਰ ਅੱਜ ਲੈ ਨੇਮ,
ਸੁਖ ਦੀ ਧਾਰਾ ਵਹਿ ਚਲੇ ਅਸਮਤ ਵਾਲੇ ਸੁੱਖ ।

(ਧੰਨਵਾਦ ਸਹਿਤ ਅਵਾਜ਼ ਆਈ ਵਿਚ)

ੴ

ਗੁਰਮੁਖ ਸੋਈ ਸਹਜ ਸਮਾਵੈ

ਗਿ: ਅਮਰੀਕ ਸਿੰਘ



ਮੁੱਢਲੀ ਵੀਚਾਰ

ਕਿਤਾਬਾਂ ਮਨੁੱਖ ਦੀ ਜ਼ਿੰਦਗੀ ਵਿਚ ਦੋ ਤਰ੍ਹਾਂ ਪਰਵੇਸ਼ ਕਰਦੀਆਂ ਹਨ। ਸ਼ੁਰੂਆਤੀ ਦੌਰ ਵਿੱਚ ਬੱਚਾ ਕਿਤਾਬਾਂ ਪੜ੍ਹਦਾ ਘੱਟ ਹੈ ਪਰ ਪਾੜਦਾ ਜ਼ਿਆਦਾ ਹੈ। ਕੁਝ ਸਮੇਂ ਬਾਅਦ ਦੂਸਰਾ ਦੌਰ ਭਾਵ ਸਿਆਣਪ ਦਾ ਦੌਰ ਸ਼ੁਰੂ ਹੁੰਦਾ ਹੈ। ਫਿਰ ਬੰਦਾ ਪੜ੍ਹਦਾ ਜ਼ਿਆਦਾ ਅਤੇ ਪਾੜਦਾ ਘੱਟ ਹੈ। ਪਰ ਪਹਿਲਾ ਦੌਰ ਦੇਖਕੇ ਕੋਈ ਅਜਿਹਾ ਨਹੀਂ ਕਰਦਾ ਕਿ ਜੇਕਰ ਪੜ੍ਹਦਾ ਘੱਟ ਤੇ ਕਿਤਾਬਾਂ ਪਾੜਦਾ ਜ਼ਿਆਦਾ ਹੈ ਤਾਂ ਇਸਦਾ ਮਤਲਬ ਬੱਚੇ ਨੂੰ ਕਿਤਾਬਾਂ ਹੀ ਲੈ ਕੇ ਨਾ ਦਈਏ, ਸਗੋਂ ਸਿਆਣੇ ਮਾਪੇ ਤਾਂ ਖ਼ੁਸ਼ ਹੁੰਦੇ ਹਨ ਕਿਉਂਕਿ ਕਿਤਾਬ ਨੂੰ ਫੋਲੇਗਾ ਤਾਂ ਪਾੜੇਗਾ, ਫੋਲੇਗਾ ਤੇ ਕੁਝ ਪੜ੍ਹੇਗਾ ਵੀ ਤਾਂ ਹੀ। ਜੇਕਰ ਕਿਤਾਬ ਨੂੰ ਹੱਥ ਹੀ ਨਹੀਂ ਲਾਇਆ ਤਾਂ ਪੜ੍ਹੇਗਾ ਕੀ ? ਸੱਚ ਇਹ ਹੈ ਕਿ ਪੜ੍ਹਿਆ ਹੀ ਉਨ੍ਹਾਂ ਨੇ ਹੈ ਜਿਹਨਾਂ ਨੇ ਬਚਪਨ ਵਿੱਚ ਕੁਝ ਕਿਤਾਬਾਂ ਪਾੜੀਆਂ ਹਨ।

ਬੱਚਾ ਜਦੋਂ ਸ਼ੁਰੂਆਤੀ ਦੌਰ ਵਿੱਚ ਸਕੂਲ ਜਾਣ ਲੱਗਦਾ ਹੈ ਤਾਂ ਉਹ ਉਦੋਂ ਵੀ ਕਹਿੰਦਾ ਇਹੋ ਹੀ ਹੈ ਕਿ ਮੈਂ ਕਿਤਾਬਾਂ ਨਵੀਆਂ ਲੈ ਕੇ ਆਇਆ ਹਾਂ। ਪੜ੍ਹਦਾ ਪੜ੍ਹਦਾ ਵੱਡਾ ਹੋ ਜਾਂਦਾ ਹੈ ਤਾਂ ਮਾਪਿਆਂ ਨੂੰ ਹਾਲੇ ਵੀ ਕਹਿੰਦਾ ਰਹਿੰਦਾ ਹੈ ਕਿ ਮੈਂ ਫਲਾਣੀ ਕਿਤਾਬ ਲੈਣੀ ਹੈ। ਕਦੇ ਕੋਈ ਕਿਤਾਬ ਖ਼ਰੀਦਦਾ ਹੈ, ਕਦੇ ਕੋਈ ਕਿਤਾਬ ਖ਼ਰੀਦਦਾ ਹੈ। ਫਿਰ ਦੁਹਰਾ ਦੇਵਾਂ ਕਿ ਪਹਿਲਾਂ ਮਾਪੇ ਸਿਰਫ਼ ਕੁਝ ਪੜ੍ਹਨ ਤੇ ਕੁਝ ਪਾੜਨ ਲਈ ਹੀ ਕਿਤਾਬ ਲੈ ਕੇ ਦਿੰਦੇ ਹਨ, ਪਰ ਫਿਰ ਮਗਰੋਂ ਸਿਰਫ਼ ਪੜ੍ਹਨ ਲਈ ਲੈ ਕੇ ਦਿੰਦੇ ਹਨ। ਹਾਲਾਂਕਿ ਹਰ ਵਿਦਿਆਰਥੀ ਨੇ ਅਜਿਹਾ ਹੀ ਕੀਤਾ ਹੁੰਦਾ ਹੈ, ਪਰ ਸਮਾਂ ਪਾ ਕੇ ਉਹ ਕਿਤਾਬਾਂ ਪਾੜਨ ਵਾਲਾ ਜ਼ਿੰਦਗੀ ਦਾ ਹਿੱਸਾ ਭੁਲਾ ਕੇ ਸਿਰਫ਼ ਪੜ੍ਹਨ ਵਾਲਾ ਹੀ ਯਾਦ ਰੱਖਦਾ ਹੈ। ਅੱਜ ਤਾਂ ਸਗੋਂ ਉਸ ਪੜ੍ਹੇ ਲਿਖੇ ਲਈ ਇਹ ਬਾਲ ਉਪਦੇਸ਼ ਦੀ ਕਿਤਾਬ ਇਕ ਦੋ ਮਿੰਟ ਦੀ ਝਾਤ ਹੀ ਹੈ, ਪਰ ਕਦੇ ਉਸ ਲਈ ਇਹੋ ਬਾਲ ਉਪਦੇਸ਼ ਸਾਲ ਦਾ ਸਿਲੇਬਸ ਸੀ। ਲਿਖਣ ਤੋਂ ਮੁਰਾਦ ਇਹ ਹੈ ਕਿ ਗੁਰਮਤਿ ਦੇ ਗੂੜ੍ਹ ਗਿਆਨੀਆਂ ਲਈ ਜਾਂ ਪੜ੍ਹਿਆਂ ਲਿਖਿਆਂ ਲਈ ਤਾਂ ਇਹ ਕਿਤਾਬਾਂ ਜੋ ਦਾਸ ਕੋਲੋਂ ਮਹਾਰਾਜ ਧੰਨ ਗੁਰੂ ਗ੍ਰੰਥ ਸਾਹਿਬ ਜੀ ਨੇ ਮਿਹਰ ਭਰਿਆ ਹੱਥ ਰੱਖ ਕੇ ਲਿਖਵਾਈਆਂ ਹਨ, ਸਿਰਫ ਕੁਝ ਮਿੰਟਾਂ ਦੀ ਸਰਸਰੀ ਝਾਤ ਹੀ ਹਨ, ਪਰ ਨਵੇਂ ਜਗਿਆਸੂ ਲਈ ਇਹ ਬਾਲ ਉਪਦੇਸ਼ ਦਾ ਕੰਮ ਕਰਦੀਆਂ ਹਨ। ਜਿਹੜੇ ਹਾਲੇ ਗੁਰਮਤਿ ਦੇ ਪੰਘੂੜੇ ਵਿਚੋਂ ਨਿਕਲਕੇ ਥੋੜ੍ਹੇ ਕਦਮ ਹੀ ਤੁਰੇ

ਹਨ, ਇਹ ਕਿਤਾਬਾਂ ਉਨ੍ਹਾਂ ਲਈ ਹਨ। ਕੁਝ ਪੜ੍ਹ ਲੈਣਗੇ, ਕੁਝ ਸਿਖ ਲੈਣਗੇ ਕੁਝ ਪਾੜ ਲੈਣਗੇ। ਇਹ ਕਿਤਾਬਾਂ ਸ਼ਾਇਦ ਵਿਦਿਅਕ ਪੱਖ ਤੋਂ ਵਿਦਵਾਨਾਂ ਦੀ ਨਜ਼ਰ ਵਿੱਚ ਕੋਈ ਪਾਇਆਂ ਨਹੀਂ ਰੱਖਦੀਆਂ, ਪਰ ਮੇਰੇ ਖ਼ਿਆਲ ਅਨੁਸਾਰ ਇਕ ਕੰਮ ਜ਼ਰੂਰ ਕਰਨਗੀਆਂ ਕਿ ਕਿਸੇ ਬਾਲ ਨੂੰ ਉਸ ਦੌਰ ਵਿਚੋਂ ਜ਼ਰੂਰ ਕੱਢ ਦੇਣਗੀਆਂ ਜਿਸ ਦੌਰ ਵਿੱਚ ਇਹ ਪੜ੍ਹਦਾ ਘੱਟ ਤੇ ਕਿਤਾਬਾਂ ਪਾੜਦਾ ਜ਼ਿਆਦਾ ਹੈ। ਸੋ ਇਹ ਕਿਤਾਬ ਆਪ ਜੀ ਦੀ ਦਹਿਲੀਜ਼ 'ਤੇ ਬਸ ਨਵੇਂ ਵਿਦਿਆਰਥੀਆਂ ਨੂੰ ਕੁਝ ਪੜ੍ਹਨ ਤੇ ਪਾੜਨ ਲਈ ਹੀ ਭੇਟਾ ਕੀਤੀਆਂ ਹਨ ਤਾਂ ਕਿ ਅਗਲੇ ਦੌਰ ਵਿੱਚ ਇਸ ਨੇ ਸਿਰਫ਼ ਪੜ੍ਹਨਾ ਹੈ। ਇਹ ਪੜ੍ਹਾਈ ਬਹੁਤ ਹੀ ਵਿਦਿਆ ਦੇ ਧਾਰਨੀ ਲੋਕਾਂ ਵਲੋਂ ਪੜ੍ਹਾਈ ਜਾਣੀ ਹੈ, ਜਿਸ ਦੀ ਇਹ ਸਿਰਫ਼ ਤਿਆਰੀ ਹੀ ਹੈ। ਇਹੋ ਜੋ ਕੁਝ ਮੈਨੂੰ ਮਾਲਿਕ ਨੇ ਸਮਝ ਬਖ਼ਸ਼ੀ ਹੈ, ਉਸ ਅਨੁਸਾਰ ਲਿਖ ਭੇਟਾ ਕੀਤੀਆਂ ਹਨ ਤੇ ਕਰ ਰਿਹਾ ਹਾਂ। ਮੇਰਾ ਮਕਸਦ ਅਕਲ ਲਤੀਫ ਬਣਾਉਣਾ ਨਹੀਂ, ਮੇਰਾ ਮਤਲਬ ਗੁਰਮਤਿ ਦੇ ਸਕੂਲੇ ਪਾਉਣਾ ਹੈ। ਕਥਾ ਦੇ ਸ਼ੁਰੂਆਤੀ ਦੌਰ ਲਈ ਸ਼ਾਇਦ ਇਹ ਕਿਤਾਬਾਂ ਆਪ ਜੀ ਦੀ ਕੁਝ ਮਦਦ ਕਰ ਸਕਣ, ਬੱਸ ਇਹੋ ਹੀ ਭਾਵਨਾ ਹੈ ਜੀ।

ਜਦੋਂ ਦਾਸ ਪੜ੍ਹਿਆ ਹੈ ਤਾਂ ਮੇਰੇ ਵੀ ਸ਼ੁਰੂਆਤੀ ਦੌਰ ਵਿੱਚ ਪੜ੍ਹਨਾ ਤਾਂ ਇਕ ਪਾਸੇ, ਬਹੁਤੀ ਵਾਰੀ ਲੇਖਾਂ ਦੇ ਨਾਂ ਵੀ ਸਮਝ ਨਹੀਂ ਸੀ ਲੱਗਦੇ। ਜਿਵੇਂ ਗੁਰਮਤਿ ਵਿੱਚ ਸੇਵਾ ਦਾ ਸੰਕਲਪ, ਗੁਰਮਤਿ ਵਿੱਚ ਮਾਇਆ ਦਾ ਸੰਕਲਪ, ਸਰਗੁਣ ਵਿੱਚ ਨਿਰਗੁਣ ਦੀ ਅਭੇਦਤਾ ਆਦਿਕ ਅਜਿਹੇ ਕਈ ਹੈਡਿੰਗ ਵੀ ਸਮਝ ਨਹੀਂ ਸੀ ਆਉਂਦੇ। ਮੈਂ ਤਾਂ ਭਾਵੇਂ ਹਾਲੇ ਵੀ ਪਹਿਲੇ ਦੌਰ ਦਾ ਹੀ ਵਿਦਿਆਰਥੀ ਹਾਂ, ਪਰ ਆਪਣੇ ਵਰਗਿਆਂ ਨੂੰ ਕੁਝ ਨਾਲ ਲੈ ਕੇ ਤੁਰਨ ਦੀ ਵੀਚਾਰ ਨੇ ਹੀ ਬਸ ਐਸਾ ਕੁਝ ਕਰਵਾ ਲਿਆ ਹੈ। ਜਿਹੜਾ ਵਿਦਿਆਰਥੀ ਕੁਝ ਪੜ੍ਹ ਤੇ ਬਹੁਤਾ ਇਨ੍ਹਾਂ ਕਿਤਾਬਾਂ ਨੂੰ ਪਾੜ ਹੀ ਦੇਵੇਗਾ ਪਰ ਪੰਨਾ ਪੰਨਾ ਫ਼ੋਲ ਲਵੇਗਾ ਤਾਂ ਬਸ ਮੇਰੀ ਇਤਨੀ ਕੁ ਹੀ ਮਿਹਨਤ ਸੀ, ਜਿਸਨੂੰ ਮੈਂ ਸਫਲ ਸਮਝਾਂਗਾ।

ਪਰਮ ਪਿਤਾ ਪ੍ਰਮੇਸ਼ਰ ਨੇ ਹਰ ਬੰਦੇ ਦਾ ਕੁਝ ਆਪਣਾ ਹੀ ਸੰਸਾਰ ਬਣਾ ਕੇ ਭੇਜਿਆ ਹੈ। ਹਰ ਬੰਦੇ ਨਾਲ ਤੁਰਨ ਵਾਲੇ ਕੁਝ ਬੰਦੇ ਮਿਲ ਜਾਂਦੇ ਹਨ। ਇਹ ਗੱਲ ਵੱਖਰੀ ਹੈ ਕਿ ਬਹੁਤ ਸਿਆਣੇ ਬੰਦਿਆਂ ਦਾ ਸੰਸਾਰ ਵੀ ਵੱਡਾ ਹੁੰਦਾ ਹੈ। ਛੋਟੀ ਅਕਲ ਵਾਲੇ ਦਾ ਸੰਸਾਰ ਕੁਝ ਛੋਟਾ ਹੁੰਦਾ ਹੈ। ਇਸੇ ਤਰ੍ਹਾਂ ਮੇਰੇ ਛੋਟੇ ਜਿਹੇ ਸੰਸਾਰ ਦੇ ਬੰਦਿਆਂ ਦੇ ਦਿੱਤੇ ਹੌਂਸਲੇ ਨੇ, ਕੁਝ ਇਧਰ ਉਧਰ ਦੀਆਂ ਵੀਚਾਰਾਂ ਨਾਲ ਕਾਲੇ ਕੀਤੇ ਕਾਗ਼ਜ਼ਾਂ ਦਾ ਨਾਂ "ਗਿਆਨ ਅੰਜਨ ਗੁਰੁ ਦੀਆ" ਰੱਖ ਦਿੱਤਾ, ਫਿਰ ਦੁਬਾਰਾ ਇਸ ਹੌਸਲੇ ਨੇ ਹੀ "ਸੰਸਾਰ ਤੋਂ ਨਿਰੰਕਾਰ ਤੱਕ" ਦੂਜੀ ਵਾਰ ਫਿਰ ਸਿਰ 'ਤੇ ਮਿਹਰ ਭਰਿਆ ਹੱਥ ਗੁਰੂ ਕੀਆਂ ਸੰਗਤਾਂ ਰੱਖ ਦਿੱਤਾ ਤੇ ਦੂਜੀ ਵਾਰੀ ਫਿਰ

ਵੀਚਾਰਾਂ ਕਿਤਾਬ ਦਾ ਰੂਪ ਧਾਰਨ ਕਰ ਗਈਆਂ। ਤੀਜੀ ਕਿਤਾਬ ਦਾ ਇਤਫ਼ਾਕ ਵੀ ਕੁਝ ਅਜਿਹਾ ਹੀ ਕਹਿ ਸਕਦਾ ਹਾਂ ਜਿਸ ਦਾ ਨਾਂ "ਵਿਆਹ ਅਤੇ ਨਿਰਬਾਹ" ਹੈ। ਇਸੇ ਹੌਂਸਲੇ ਅਤੇ ਉਤਸ਼ਾਹ ਨੇ ਪ੍ਰੇਰਨਾ ਬਣਕੇ ਇਹ ਚੌਥੀ ਕਿਤਾਬ "ਗੁਰਮੁਖਿ ਸੋਈ ਸਹਜ ਸਮਾਵੈ" ਦਾ ਰੂਪ ਅਖ਼ਤਿਆਰ ਕੀਤਾ ਹੈ। ਮੇਰੇ ਸਤਿਗੁਰੂ ਪਾਤਿਸ਼ਾਹ ਜੀ ਵਰਗੀ ਹੀ ਉਸ ਦੀ ਸੰਗਤ ਵੀ ਬਖ਼ਸ਼ੰਦ ਹੈ ਜਿਹੜੀ ਮੇਰੇ ਜਿਹੇ ਔਗੁਣਆਰੇ ਨੂੰ ਬਖ਼ਸ਼ ਲੈਂਦੀ ਹੈ ਤੇ ਬਖ਼ਸ਼ਦੀ ਰਹੇਗੀ।

ਜਦੋਂ ਤੋਂ ਵੀ ਮਨੁੱਖੀ ਜ਼ਿੰਦਗੀ ਵਿੱਚ ਸ਼ਬਦ ਬੋਧ ਪ੍ਰਵੇਸ਼ ਕੀਤਾ ਹੈ, ਇਸ ਨੇ ਉਦੋਂ ਤੋਂ ਲੈ ਕੇ ਅੱਜ ਤੱਕ ਸੰਸਾਰ ਦਾ ਸਾਰਾ ਗਿਆਨ ਕਿਤਾਬਾਂ ਦੇ ਭਾਂਡਿਆਂ ਵਿਚ ਸੰਭਾਲ ਕੇ ਹੀ ਤਾਂ ਅੱਜ ਮਨੁੱਖ ਦੀ ਝੋਲੀ ਵਿੱਚ ਪਾਇਆ ਹੈ। ਸੰਸਾਰ ਨੇ ਆਪਣੀ ਨਿਰੰਤਰ ਟੋਰ ਵਿੱਚ ਕਿਥੇ ਠੇਡਾ ਖਾਧਾ ਅਤੇ ਸਦੀਆਂ ਦੁੱਖ ਪਾ ਕੇ ਮੁੜ ਕਿਵੇਂ ਸੰਭਲ ਕੇ ਫਿਰ ਤੁਰਿਆ ਅਤੇ ਕੀ ਕੀ ਪ੍ਰਾਪਤੀਆਂ ਕੀਤੀਆਂ ਹਨ। ਧਰਤੀ ਉੱਤੇ ਕਿਤਨੇ ਹੀ ਮਹਾਨ ਤੋਂ ਮਹਾਨ ਲੋਕ ਹੋ ਗੁਜ਼ਰੇ ਹਨ, ਜਿਨ੍ਹਾਂ ਨੂੰ ਧਰਤੀ ਨੇ ਅੱਜ ਫਿਰ ਆਪਣੇ ਵਿੱਚ ਕਬਰ ਰੂਪ ਬਾਂਹ ਖੋਲ੍ਹਕੇ ਫਿਰ ਸਮਾ ਲਿਆ। ਜੇਕਰ ਕੋਈ ਅਜਿਹੇ ਪੁਰਖਾਂ ਦੇ ਜ਼ਿੰਦਗੀ ਦੇ ਕਾਰਨਾਮੇ ਧਰਤੀ ਤੋਂ ਪੁੱਛੇ ਤਾਂ ਧਰਤੀ ਵਿਚਾਰੀ ਕੋਲ ਮਨੁੱਖ ਨੂੰ ਸਮਝਾਉਣ ਯੋਗ ਕੋਈ ਵੀ ਸਾਧਨ ਨਹੀਂ। ਹਾਂ, ਪਰ ਜੇਕਰ ਕਿਸੇ ਕਿਤਾਬ ਦੇ ਅੱਖਰਾਂ ਕੋਲੋਂ ਪੁੱਛੇ ਤਾਂ ਉਸ ਕੋਲੋਂ ਤਸੱਲੀ ਬਖ਼ਸ਼ ਜਵਾਬ ਮਿਲ ਸਕਦਾ ਹੈ। ਕਿਤਾਬ ਮਨੁੱਖਤਾ ਦੀ ਸੱਚੀ ਮਿੱਤਰ ਹੈ ਜਿਹੜੀ ਮਿੱਤਰਤਾ ਦਾ ਮੁੱਲ ਖ਼ਰੀਦਣ ਵੇਲੇ ਹੀ ਪੁਵਾ ਕੇ ਮੁੜ ਸਦਾ ਲਈ ਵਫ਼ਾਦਾਰੀ ਹੀ ਕਰਦੀ ਹੈ, ਕਦੇ ਧੋਖਾ ਨਹੀਂ ਕਰਦੀ। ਇਸ ਕਰਕੇ ਹੀ ਦਾਨੇ ਲੋਕਾਂ ਦੇ ਬੋਲ ਹਨ ਕਿ ਜਿਥੇ ਚੰਗੀਆਂ ਕਿਤਾਬਾਂ ਹੋਣ ਉਥੇ ਨਰਕ ਵੀ ਸਵਰਗ ਬਣ ਜਾਂਦੇ ਹਨ। ਜਿਹੜੀ ਕਲਮ ਸ਼ਬਦਾਂ ਨੂੰ ਜਨਮ ਦਿੰਦੀ ਹੈ, ਕਿਸੇ ਕਵੀ ਨੇ ਉਸ ਨਾਲ ਸੁਆਲ ਜਵਾਬ ਕਰਕੇ ਮਨੁੱਖ ਨੂੰ ਸਮਝਾਇਆ ਹੈ ਕਿ ਭਲੇ ਪੁਰਖਾ, ਹੋਸ਼ ਨਾਲ ਪੜ੍ਹੀਂ। ਇਨ੍ਹਾਂ ਸ਼ਬਦਾਂ ਦੀ ਬਣਤਰ ਬਣਾਉਣ ਵਾਲੀ ਨੇ ਵੀ ਬਹੁਤ ਮੁਸੀਬਤਾਂ ਦਾ ਟਾਕਰਾ ਕਰਕੇ ਤੇਰੇ ਤੱਕ ਇਹ ਗਿਆਨ ਦੀ ਦਾਤਿ ਪਹੁੰਚਾਈ ਹੈ। ਕਵੀ ਜੀ ਦੇ ਸੁਆਲ ਅਤੇ ਜਵਾਬ ਰੂਪ ਵਿਚ ਬੋਲ ਹਨ ਕਿ—

"ਇਕ ਦਿਨ ਕਲਮ ਤਾਂਈ ਮੈਂ ਕਹਿਆ ਹੇ ਵਡਭਾਗਣ ਕਾਨੀ,
ਹੁਕਮ ਤੇਰਾ ਕੁਲ ਦੁਨੀਆ ਮੰਨੇ ਕਿਉਂ ਭਰਦੀ ਖ਼ਲਕਤ ਪਾਨੀ ?"
"ਧੁਪਾਂ ਸੁਕੀ ਚਾਕੂ ਛਿਲੀ ਸੀਨੇ ਚੀਰ ਪਵਾਇਆ,
ਸਬਰ ਸ਼ੁਕਰ ਵਿੱਚ ਉਲਟੀ ਚਲੀ ਪਾਇਆ ਮਾਣ ਨਿਮਾਨੀ ॥

ਇਸ ਲਈ ਪਿਆਰ ਵਾਲਿਓ ! ਇਹ ਅਸਲ ਵਿੱਚ ਸ਼ਬਦਾਂ ਦੀ ਅਤੇ ਕਲਮ

ਦੀ ਹੀ ਕੁਰਬਾਨੀ ਹੈ ਜਿਹੜੀ ਸਤਿਗੁਰ ਜੀ ਦੀ ਮਿਹਰਬਾਨੀ ਨੂੰ ਸੰਗਤਾਂ ਅਤੇ ਦਾਸ ਵਰਗੇ ਨਿਮਾਣੇ ਨੂੰ ਇਕ ਵੀਚਾਰ ਦੀ ਡੋਰ ਨਾਲ ਬੰਨ੍ਹਕੇ ਇਕ ਰਿਸ਼ਤਾ ਬਣਾਈ ਆਉਂਦੀ ਹੈ। ਗੁਰੂ ਪਾਤਿਸ਼ਾਹ ਜੀ ਦੇ ਚਰਨਾਂ ਵਿੱਚ ਅਤਿ ਅਧੀਨਗੀ ਨਾਲ ਅਰਦਾਸ ਹੈ ਕਿ ਹੇ ਪਾਤਿਸ਼ਾਹ ਜੀ ! ਆਪ ਜੀ ਦੀ ਸੰਗਤ ਵੀ ਆਪ ਜੀ ਵਾਂਗ ਹੀ ਬੇਮੁਹਤਾਜ ਹੈ, ਪਰ ਮੈਨੂੰ ਗ਼ਰਜ਼ਮੰਦ ਨੂੰ ਸਦੀਵ ਆਪਣੀ ਵੀਚਾਰ ਅਤੇ ਸੰਗਤੀ ਪਿਆਰ ਨਾਲ ਜੋੜੀ ਰੱਖਣਾ ਜੀ ।

ਵਿਦੇਸ਼ਾਂ ਵਿੱਚ ਵਸਦੀਆਂ ਗੁਰੂ ਪਿਆਰ ਨਾਲ ਭਿਜੀਆਂ ਸੰਗਤਾਂ ਦੇ ਅਥਾਹ ਪਿਆਰ ਤੇ ਸਤਿਕਾਰ ਨੇ ਹਮੇਸ਼ਾ ਹੀ ਮੈਨੂੰ ਫ਼ਰਜ਼ ਚੇਤਾ ਕਰਵਾਈ ਰੱਖਿਆ, ਜਿਸ ਦਾ ਸਦਕਾ ਅੱਜ ਆਪਣਾ ਹੀ ਦੇਸ਼ ਪਿਆਰਾ ਜਿਹਾ ਲੱਗਦਾ ਸੀ । ਹੁਣ ਪ੍ਰਦੇਸ ਵੀ ਆਪਣਾ ਜਿਹਾ ਲੱਗਣ ਲੱਗ ਪਿਆ ਹੈ। ਦਾਸ ਅਮਰੀਕਾ, ਕਨੇਡਾ, ਇੰਗਲੈਂਡ, ਥਾਈਲੈਂਡ, ਨਿਊਜ਼ੀਲੈਂਡ, ਨੌਰਵੇ ਅਤੇ ਹੋਰ ਵੀ ਜਿਥੇ ਅਨੇਕਾਂ ਥਾਵਾਂ 'ਤੇ ਵਿਚਰਿਆ ਹੈ, ਸੰਗਤਾਂ ਦੇ ਪਿਆਰ ਤੇ ਪ੍ਰੇਮ ਦਾ ਸਦਕਾ ਬਹੁਤ ਸੋਹਣਾ ਵਕਤ ਗੁਜ਼ਰਿਆ ਹੈ, ਜਿਸ ਲਈ ਦਾਸ ਕਰਤਾ ਪੁਰਖ, ਮਹਾਨ ਸਤਿਗੁਰੂ ਜੀ ਅਤੇ ਸਮੂਹ ਸੰਗਤਾਂ ਦਾ ਧੰਨਵਾਦੀ ਹੈ ।

ਅਖ਼ੀਰ ਵਿੱਚ ਗਿ: ਕੁਲਬੀਰ ਸਿੰਘ ਕਥਾਵਾਚਕ, ਗਿ: ਕੁਲਵੰਤ ਸਿੰਘ ਜੀ ਚੰਡੀਗੜ੍ਹ ਵਾਲੇ ਕਥਾਕਾਰ, ਚਤਰ ਸਿੰਘ ਜੀਵਨ ਸਿੰਘ ਫ਼ਰਮ ਅਤੇ ਘਰ ਪ੍ਰੀਵਾਰ ਦੇ ਸਮੂੰਹ ਮੈਂਬਰਾਂ ਦਾ ਦਿਲੋਂ ਰਿਣੀ ਹਾਂ, ਜਿਨ੍ਹਾਂ ਦਾ ਸਹਿਯੋਗ ਹੌਂਸਲਾ ਬਣਾਈ ਰੱਖਦਾ ਹੈ। ਵੀਰ ਨਿਰਮਲ ਸਿੰਘ U. S. A, ਵਾਲਿਆਂ ਦਾ ਵੀ ਧੰਨਵਾਦੀ ਹਾਂ, ਜਿਨ੍ਹਾਂ ਨੇ ਸੋਚ ਵੀਚਾਰ ਦੇ ਖ਼ਜ਼ਾਨੇ ਵਿਚੋਂ ਕੁਝ ਸ਼ਬਦ ਦਾਸ ਦੀ ਝੋਲੀ ਵਿੱਚ ਪਾਏ ਹਨ ।

ਗੁਰੂ ਸੰਗਤਾਂ ਅਤੇ ਗੁਰੂ ਪਾਤਿਸ਼ਾਹ ਜੀ ਦੀਆਂ ਅਸੀਸਾਂ ਦਾ ਜਾਚਿਕ :

ਅਮਰੀਕ ਸਿੰਘ, ਚੰਡੀਗੜ੍ਹ ਵਾਲੇ,

ਕੋਠੀ ਨੰ: 370, ਫੇਸ 9, ਮੁਹਾਲੀ।

ਫ਼ੋਨ : 0172-5097531

-9815663344

9876370346

ਜਾਣ ਪਹਿਚਾਣ

ਇਨਸਾਨ ਪਰਮਾਤਮਾ ਦੇ ਅਟੱਲ ਹੁਕਮ ਨਾਲ ਧਰਤੀ 'ਤੇ ਮਾਂ ਦੀ ਕੁੱਖ ਤੋਂ ਜਨਮ ਲੈਂਦਾ ਹੈ। ਜਨਮ ਤੋਂ ਮੌਤ ਤੱਕ ਦੇ ਸਮੇਂ ਨੂੰ ਜੀਵਨ ਕਹਿੰਦੇ ਹਨ। ਇਸ ਸਮੇਂ ਦੌਰਾਨ ਇਨਸਾਨ ਧਰਤੀ 'ਤੇ ਕੁਝ ਨਾ ਕੁਝ ਕਰਮ ਜ਼ਰੂਰ ਕਰਦਾ ਹੈ, ਕਿਉਂਕਿ ਸਰੀਰ ਰੂਪ ਧਰਤੀ ਕਰਮ ਕਰਨ ਲਈ ਹੀ ਹੈ। ਰੱਬੀ ਫ਼ੁਰਮਾਨ ਹੈ:-

ਖੇਤ ਸਰੀਰ ਜੋ ਬੀਜੀਐ

ਇਨਸਾਨ ਦਾ ਜਨਮ ਪਰਮਾਤਮਾ ਦੇ ਹੁਕਮ ਨਾਲ ਹੁੰਦਾ ਹੈ, ਪਰ ਪਹਿਚਾਣ ਉਸ ਦੇ ਕੀਤੇ ਕੰਮਾਂ ਨਾਲ ਬਣਦੀ ਹੈ। ਕੁਝ ਲੋਕ ਇਸ ਧਰਤੀ 'ਤੇ ਆਉਂਦੇ ਹਨ, ਪਰ ਉਹ ਕੇਵਲ ਖਾ ਪੀ ਕੇ, ਦੁਨੀਆਂ ਦੇ ਰੰਗ ਤਮਾਸ਼ਿਆਂ ਵਿੱਚ ਸਮਾਂ ਬਤੀਤ ਕਰਕੇ ਅਤੇ ਜੀਵਨ ਦੀ ਲੀਲਾ ਨੂੰ ਖ਼ਤਮ ਕਰਕੇ ਤੁਰ ਜਾਂਦੇ ਹਨ। ਇਨ੍ਹਾਂ ਬਾਰੇ ਫਿਰ ਆਮ ਲੋਕਾਈ ਗੱਲਾਂ ਕਰਦੀ ਹੈ ਕਿ ਇਹ ਤਾਂ ਸਮਾਜ ਅਤੇ ਧਰਤੀ ਉੱਤੇ ਭਾਰ ਹੀ ਸਨ। ਕੁਝ ਇਨਸਾਨ ਧਰਤੀ 'ਤੇ ਜਨਮ ਲੈ ਕੇ ਇਹੋ ਜਿਹੇ ਵਿਲੱਖਣ ਕਾਰਜ ਆਪਣੇ ਪ੍ਰੀਵਾਰ ਤੇ ਸਮਾਜ ਵਿੱਚ ਰਹਿੰਦਿਆਂ ਕਰ ਜਾਂਦੇ ਹਨ ਕਿ ਸੰਸਾਰ ਉਨ੍ਹਾਂ ਦੇ ਬੋਲਾਂ ਅਤੇ ਲਿਖਤਾਂ ਨੂੰ ਇਤਿਹਾਸ ਦੇ ਰੂਪ ਵਿੱਚ ਸਾਂਭ ਕੇ, ਉਨ੍ਹਾਂ ਨੂੰ ਯਾਦ ਕਰਦਿਆਂ ਆਪਣੇ ਆਪ 'ਤੇ ਮਾਣ ਮਹਿਸੂਸ ਕਰਦਾ ਹੈ। ਇਕ ਗੱਲ ਹੋਰ ਕਰਾਂ ਕਿ ਇਹੋ ਜਿਹੇ ਇਨਸਾਨ ਜਦੋਂ ਸੰਸਾਰ ਵਿੱਚ ਹੁੰਦੇ ਹਨ ਤਾਂ ਬਹੁਤੇ ਲੋਕ ਉਹਨਾਂ ਦੇ ਨਾਲ ਨਹੀਂ ਹੁੰਦੇ, ਉਹ ਇਕੱਲੇ ਹੀ ਤੁਰਦੇ ਹਨ, ਪਰ ਸਮਾਂ ਪੈਣ 'ਤੇ ਉਹਨਾਂ ਦੀ ਵੀਚਾਰਧਾਰਾ ਨਾਲ ਲੋਕਾਂ ਦਾ ਬਹੁਤ ਵੱਡਾ ਇਕੱਠ ਜੁੜ ਜਾਂਦਾ ਹੈ। ਆਉ ਹੁਣ ਇਸ ਵਿਲੱਖਣ ਮਾਰਗ ਦੇ ਪਾਂਧੀਆਂ ਦੀ ਕਤਾਰ ਦੇ ਚਮਕਦੇ ਸਿਤਾਰੇ ਭਾਈ ਅਮਰੀਕ ਸਿੰਘ ਚੰਡੀਗੜ੍ਹ ਵਾਲਿਆਂ ਦੀ ਗੱਲ ਕਰੀਏ।

ਰੋਪੜ ਤੋਂ ਚੰਡੀਗੜ੍ਹ ਰੋਡ 'ਤੇ ਇਕ ਪਿੰਡ ਸੋਲਖੀਆਂ ਜਿਸ ਵਿੱਚ ਸ. ਉਜਾਗਰ ਸਿੰਘ ਦਾ ਪ੍ਰੀਵਾਰ ਰੱਬੀ ਰਜ਼ਾ ਵਿੱਚ ਰਹਿੰਦਾ ਹੈ। ਇਥੇ ਹੀ ਮਾਤਾ ਸੁਰਜੀਤ ਕੌਰ ਦੀ ਕੁੱਖ ਤੋਂ ਭਾਈ ਅਮਰੀਕ ਸਿੰਘ ਨੇ ਜਨਮ ਲਿਆ। ਆਪ ਜੀ ਤਿੰਨ ਭਰਾ ਅਤੇ ਦੋ ਭੈਣਾਂ ਵਿਚੋਂ ਸਭ ਤੋਂ ਵੱਡੇ ਹਨ। ਹਰੇਕ ਮਾਤਾ ਪਿਤਾ ਆਪਣੀ ਸੰਤਾਨ ਲਈ ਸੁਖ ਲੋੜਦੇ ਹਨ। ਇਸ ਲਈ ਮਾਤਾ ਪਿਤਾ ਦੀਆਂ ਅਸੀਸਾਂ ਭਰੀਆਂ ਲੋਰੀਆਂ ਦਾ ਸਦਕਾ ਹੀ ਭਾਈ ਅਮਰੀਕ ਸਿੰਘ ਨੇ ਪੰਜਾਬ, ਇੰਡੀਆ ਅਤੇ ਪੂਰੀ ਦੁਨੀਆਂ ਵਿੱਚ ਪ੍ਰਸਿੱਧੀ ਹਾਸਿਲ ਕੀਤੀ ਹੈ। ਅੱਜ ਵੀ ਮਾਂ ਦਾ ਹਿਰਦਾ ਗੱਦ-ਗੱਦ ਕਰ

ਉਠਦਾ ਹੋਵੇਗਾ ਜਦੋਂ ਉਸ ਦੀ ਕੁੱਖ ਦਾ ਜਾਇਆ ਦੁਨੀਆਂ ਦੇ ਨਕਸ਼ੇ 'ਤੇ ਭਾਈ ਅਮਰੀਕ ਸਿੰਘ ਦੇ ਨਾਮ ਨਾਲ ਜਾਣਿਆ ਜਾਂਦਾ ਹੈ।

ਵਿਦਿਆ ਪ੍ਰਾਪਤੀ ਤੋਂ ਬਾਅਦ ਗ੍ਰਿਹਸਥੀ ਸਰਦਾਰਨੀ ਪਰਮਜੀਤ ਕੌਰ ਨਾਲ ਰੱਬੀ ਰਜ਼ਾ ਵਿੱਚ ਸ਼ੁਰੂ ਕੀਤੀ, ਜਿਸ ਜੀਵਨ ਸਾਥਣ ਨੇ ਵਾਕਿਆ ਹੀ ਜੀਵਨ ਵਿੱਚ ਹਰ ਖੇਤਰ ਵਿੱਚ ਸਾਥ ਦਿੱਤਾ। ਅੱਜ ਇਹ ਖ਼ੁਸ਼ਹਾਲ ਪ੍ਰੀਵਾਰ ਮੋਹਾਲੀ ਦੇ 370, ਫੇਸ 9 ਵਿਖੇ ਆਪਣੇ ਦੋ ਬੇਟਿਆਂ ਮਨਪ੍ਰੀਤ ਸਿੰਘ, ਗੁਰਪ੍ਰੀਤ ਸਿੰਘ ਨਾਲ ਜੀਵਨ ਬਸਰ ਕਰ ਰਿਹਾ ਹੈ।

ਹੁਣ ਗੱਲ ਕਰੀਏ ਭਾਈ ਅਮਰੀਕ ਸਿੰਘ ਨਾਲ ਸਾਡੇ ਮਿਲਾਪ ਦੀ। ਪੰਜ-ਛੇ ਸਾਲ ਪਹਿਲਾਂ ਭਾਈ ਸਾਹਿਬ New York ਕਥਾ ਕਰਨ ਆਏ ਸਨ। ਉਨਾਂ ਦਿਨਾਂ ਵਿੱਚ ਦਾਸ ਸ੍ਰੀ ਗੁਰੂ ਰਵਿਦਾਸ ਗੁਰੂ ਘਰ ਵਿੱਚ ਜਨਰਲ ਸਕੱਤਰ ਦੀ ਸੇਵਾ ਆਪਣੇ ਸਾਥੀਆਂ ਸਮੇਤ ਨਿਭਾ ਰਿਹਾ ਸੀ। ਉਦੋਂ ਬਾਬਾ ਮੱਖਣ ਸ਼ਾਹ ਦੇ ਹੈੱਡ ਗ੍ਰੰਥੀ ਭਾਈ ਭੁਪਿੰਦਰ ਸਿੰਘ ਜੀ ਦਾ ਫ਼ੋਨ ਸਤਿਕਾਰ ਯੋਗ ਹੈੱਡ ਗ੍ਰੰਥੀ ਗਿਆਨੀ ਨਾਜ਼ਰ ਸਿੰਘ ਜੀ ਨੂੰ ਆਇਆ ਕਿ ਭਾਈ ਅਮਰੀਕ ਸਿੰਘ ਜੀ ਚੰਡੀਗੜ੍ਹ ਵਾਲੇ ਸਾਡੇ ਕੋਲ ਕਥਾ ਕਰਨ ਆਏ ਹੋਏ ਹਨ। ਤੁਸੀਂ ਇਥੇ ਵੀ ਕਥਾ ਜ਼ਰੂਰ ਕਰਵਾਉ। ਅਸੀਂ ਕਮੇਟੀ ਦੀ ਸਲਾਹ ਨਾਲ ਗੁਰੂ ਘਰ ਬਾਬਾ ਮੱਖਣ ਸ਼ਾਹ ਲੁਬਾਣਾ ਵਿਖੇ ਪਹੁੰਚੇ ਤਾਂ ਬੜੇ ਪਿਆਰ ਨਾਲ ਫ਼ਤਹਿ ਦੀ ਸਾਂਝ ਹੋਈ। ਕਥਾ ਲਈ ਬੇਨਤੀ ਕੀਤੀ ਜਿਹੜੀ ਭਾਈ ਸਾਹਿਬ ਨੇ ਪ੍ਰਵਾਨ ਕਰ ਲਈ। ਬੱਸ ਇਸ ਪਹਿਲੀ ਕਥਾ ਨੇ ਹੀ ਅਜਿਹੀ ਸਾਰੀ ਸੰਗਤ ਦੀ ਸਾਂਝ ਬਣਾ ਦਿੱਤੀ ਜਿਹੜੀ ਕਿ ਮਗਰੋਂ, ਅਟੁੱਟ ਸਾਂਝ ਬਣ ਗਈ। ਫਿਰ ਤਾਂ ਗਿਆਨੀ ਦਿੱਤ ਸਿੰਘ ਦੀ ਬਰਸੀ ਮਨਾਉਣੀ ਹੋਵੇ, ਗੁਰੂ ਪਾਤਿਸ਼ਾਹ ਦੇ ਗੁਰਪੁਰਬ ਹੋਣ ਜਾਂ ਹੋਰ ਵੀ ਗੁਰਮਤਿ ਸਮਾਗਮਾਂ 'ਤੇ ਸੰਗਤ ਦੀ ਮੰਗ ਕਰਕੇ ਬੁਲਾਉਂਦੇ ਰਹੇ। ਇਹ ਸਾਂਝ ਹੋਰ ਬਣ ਗਈ। ਸਭ ਤੋਂ ਪਹਿਲੀ ਜਿਸ ਗੱਲ ਨੇ ਹੀ ਸਾਨੂੰ ਇਕ ਦੂਜੇ ਦੇ ਨੇੜੇ ਕਰ ਦਿੱਤਾ, ਉਹ ਸੀ ਜਦੋਂ ਭਾਈ ਸਾਹਿਬ ਜੀ ਸਾਡੇ ਕੋਲ ਆਏ ਤਾਂ ਅਸੀਂ ਕਿਸੇ ਦੇ ਘਰ ਚੰਗੀ ਰਿਹਾਇਸ਼ ਦਾ ਪ੍ਰਬੰਧ ਕਰ ਦਿੱਤਾ ਸੀ, ਪਰ ਭਾਈ ਸਾਹਿਬ ਜੀ ਨੇ ਉਥੇ ਜਾਣ ਦੀ ਬਜਾਇ ਸਾਨੂੰ ਸਗੋਂ ਆਖਿਆ ਕਿ ਮੈਂ ਇਥੇ ਹੀ ਗੁਰੂ ਘਰ ਵਿੱਚ ਗੁਰੂ ਚਰਨਾਂ ਵਿੱਚ ਰਹਾਂਗਾ। ਜਦੋਂ ਮੇਰੇ ਸਤਿਗੁਰੂ ਜੀ ਇਸ ਬਿਲਡਿੰਗ ਵਿੱਚ ਰਹਿ ਸਕਦੇ ਹਨ ਤਾਂ ਦਾਸ ਉਨ੍ਹਾਂ ਦਾ ਅਦਨਾ ਜਿਹਾ ਸੇਵਕ ਇਥੇ ਕਿਉਂ ਨਹੀਂ ਰਹਿ ਸਕਦਾ ? ਇਸ ਗੱਲ ਦਾ ਸਾਨੂੰ ਬਹੁਤ ਲਾਭ ਹੋਇਆ, ਕਿਉਂਕਿ ਅਸੀਂ ਲੰਮੇ ਲੰਮੇ ਸਮੇਂ ਤੱਕ ਗੁਰਮਿਤ ਵੀਚਾਰਾਂ ਕਰਦੇ ਰਹਿੰਦੇ। ਭਾਈ ਸਾਹਿਬ ਸਾਨੂੰ ਇਕੱਠੇ ਕਰਕੇ ਇਹ ਗੱਲ ਵਾਰ ਵਾਰ ਕਹਿੰਦੇ ਕਿ ਸਮਾਜਿਕ ਗੱਲਾਂ ਤਾਂ ਚਲਦੀਆਂ ਹੀ ਰਹਿੰਦੀਆਂ ਹਨ, ਪਰ ਆਪਾਂ ਗੁਰਮਤਿ ਵੀਚਾਰਾਂ ਕਰੀਏ। ਇਨ੍ਹਾਂ

ਵਾਰ ਵਾਰ ਕਹਿਣਾ ਕਿ ਮੇਰੇ ਵੀਰਿਓ ! ਮੈਂ ਤੁਹਾਨੂੰ ਅਸਲ ਵਿੱਚ ਗੁਰੂ ਘਰ ਨਾਲ, ਗੁਰਮਤਿ ਨਾਲ ਜੁੜੇ ਗੁਰੂ ਰੰਗ ਵਿੱਚ ਰੰਗੇ ਵੇਖਣਾ ਚਾਹੁੰਦਾ ਹਾਂ, ਗੁਰੂ ਲੜ ਲੱਗ ਜਾਈਏ। ਭਾਈ ਸਾਹਿਬ ਇਨ੍ਹਾਂ ਦਿਨਾਂ ਵਿੱਚ ਕੇਵਲ 3-4 ਘੰਟੇ ਹੀ ਮਸਾਂ ਆਰਾਮ ਕਰਦੇ ਕਿਉਂਕਿ ਸੰਗਤਾਂ ਦਾ ਬਹੁਤ ਪਿਆਰ ਹੋ ਜਾਣ ਕਰਕੇ ਕੋਈ ਨਾ ਕੋਈ ਉਨ੍ਹਾਂ ਕੋਲ ਬੈਠਾ ਹੀ ਰਹਿੰਦਾ ਸੀ। ਇਨ੍ਹਾਂ ਗੁਰਮਤਿ ਵੀਚਾਰਾਂ ਨੇ ਸਾਡੇ ਬਹੁਤ ਸਾਰੇ ਸ਼ੰਕੇ ਹੀ ਦੂਰ ਨਹੀਂ ਕੀਤੇ, ਸਗੋਂ ਅੱਜ ਅਸੀਂ ਆਪਣੇ ਆਪ ਨੂੰ ਗੁਰੂ ਜੀ ਦੇ ਨੇੜੇ ਨੇੜੇ ਹੋਏ ਮਹਿਸੂਸ ਕਰਦੇ ਹਾਂ। ਮੈਨੂੰ ਚੰਗੀ ਤਰ੍ਹਾਂ ਯਾਦ ਹੈ ਉਹਨਾਂ ਦਿਨਾਂ ਵਿੱਚ ਸੁਰਿੰਦਰ ਕੁਮਾਰ, ਸ਼ਾਦੀ ਲਾਲ, ਰਮੇਸ਼ ਸਿੰਘ, ਚਰਨਜੀਤ ਸਿੰਘ, ਸਰਦਾਰ ਵਿਰਦੀ, ਸਤਨਾਮ ਸਿੰਘ, ਬਲਬੀਰ ਚੰਦ, ਗੁਰਜੀਤ ਚੰਦੜ, ਸੁਰਿੰਦਰ ਸਿੰਘ, ਗੁਰਨਾਮ ਸਿੰਘ ਨੰਦ ਲਾਲ, ਓਮ ਪ੍ਰਕਾਸ਼, ਨਿਰਮਲ ਸਿੰਘ ਖਾਲਸਾ, ਕੇਵਲ ਸਿੰਘ, ਭੋਲਾ ਕਲੇਰ, ਗੁਰਦਿਆਲ ਸਿੰਘ, ਅਵਤਾਰ ਸਿੰਘ, ਭੁਪਿੰਦਰ ਸਿੰਘ, ਅਵਤਾਰ ਸਿੰਘ ਸ਼ੇਰਪੁਰੀ, ਕੁਲਵਿੰਦਰ ਸਿੰਘ, ਕਸ਼ਮੀਰ ਸਿੰਘ, ਪਾਲ ਸਿੰਘ ਰਾਜੂ, ਕੁਲਦੀਪ ਸਿੰਘ, ਇਕਬਾਲ ਸਿੰਘ, ਅਮਰੀਕ ਸਿੰਘ, ਹੁਸਨ ਸਿੰਘ, ਜਸਵੰਤ ਸਿੰਘ, ਹਰਜਿੰਦਰ ਜਿੰਦਾ, ਗੁਰਮੇਲ ਸਿੰਘ, ਬੂਟਾ ਸਿੰਘ, ਸੀਤਾ ਰਾਮ, ਸੁਖ ਰਾਮ, ਚਰਨਜੀਤ ਸਿੰਘ, ਮੁਲਖ ਰਾਜ, ਦੇਸ ਰਾਜ, ਪ੍ਰੇਮ ਸਿੰਘ ਅਤੇ ਅਸ਼ਵਿੰਦਰ ਸਿੰਘ ਗੁਰੂ ਘਰ ਦੇ ਵਜ਼ੀਰ ਜਿਨ੍ਹਾਂ ਦੀ ਸੇਵਾ ਅੱਗੇ ਹਰ ਇਕ ਦਾ ਸਿਰ ਝੁਕ ਜਾਂਦਾ ਹੈ ਆਦਿਕ ਨਾਮ ਲਿਖਣ ਤੋਂ ਭਾਵ ਕਿ ਕਮਰਾ ਛੋਟਾ ਰਹਿ ਜਾਂਦਾ ਸੀ ਪਰ ਸੰਗਤਾਂ ਦਾ ਅਥਾਹ ਪਿਆਰ ਸੀ।

ਆਉ ਹੁਣ ਗੱਲ ਕਰਦੇ ਹਾਂ ਭਾਈ ਸਾਹਿਬ ਦੀ ਕਲਮ ਦੀ। ਆਮ ਵੇਖਣ ਵਿੱਚ ਆਉਂਦਾ ਹੈ ਕਿ ਜਿਹੜੇ ਵੀ ਕਥਾ ਕਰਦੇ ਹਨ ਉਹ ਬਹੁਤ ਹੀ ਘੱਟ ਹਨ ਜਿਹੜੇ ਇਨ੍ਹਾਂ ਕਥਾ ਦੇ ਬੋਲਾਂ ਨੂੰ ਲਿਖਤੀ ਰੂਪ ਦਿੰਦੇ ਹਨ। ਕੈਸਿਟਾਂ ਤਾਂ ਜ਼ਰੂਰ ਕਮਰਸ਼ੀਅਲ ਰੂਪ ਵਿੱਚ ਭਾਵੇਂ ਕੰਪਨੀਆਂ ਤੋਂ ਕਰਵਾ ਕੇ ਮਾਰਕੀਟ ਵਿੱਚ ਦਿੰਦੇ ਹਨ, ਪਰ ਭਾਈ ਸਾਹਿਬ ਜੀ ਨੇ ਜਿਹੜੇ ਕਥਾ ਰੂਪ ਬਚਨਾਂ ਦਾ ਹੋਕਾ ਗੁਰੂ ਹਜ਼ੂਰੀ ਵਿੱਚ ਸੰਗਤਾਂ ਨੂੰ ਦਿੱਤਾ ਹੈ, ਉਨ੍ਹਾਂ ਨੂੰ ਕਿਤਾਬੀ ਰੂਪ ਵੀ ਦਿੱਤਾ ਹੈ, ਜੋ ਕਿ ਆਉਣ ਵਾਲੇ ਸਮੇਂ ਲਈ ਗੁਰਮਤਿ ਦੀ ਇਕ ਮਿੱਠੀ ਪਿਆਰੀ ਸੁਗਾਤ ਹੋਵੇਗੀ। ਜਿਵੇਂ ਭਾਈ ਸਾਹਿਬ ਦੀ ਕਲਮ ਨੇ ਪਹਿਲਾਂ ਵੀ ਤਿੰਨ ਕਿਤਾਬਾਂ (ਗਿਆਨ ਅੰਜਨ ਗੁਰਿ ਦੀਆ, ਸੰਸਾਰ ਤੋਂ ਨਿਰੰਕਾਰ ਤੱਕ, ਵਿਆਹ ਅਤੇ ਨਿਰਬਾਹ) ਦੇ ਰੂਪ ਵਿੱਚ ਆਪ ਸੰਗਤ ਦੇ ਕੋਮਲ ਹੱਥਾਂ ਵਿੱਚ ਦਿੱਤੀਆਂ ਹਨ। ਹੁਣ ਇਹ ਚੌਥੀ ਕਿਤਾਬ "ਗੁਰਮੁਖਿ ਸੋਈ ਸਹਜ ਸਮਾਵੈ" ਜਦੋਂ ਆਪ ਜੀ ਦੇ ਹੱਥਾਂ ਵਿੱਚ ਪਹੁੰਚੇਗੀ ਤਾਂ ਕ੍ਰਿਪਾ ਕਰਨਾ ਇਸਨੂੰ ਵੀ ਪੜ੍ਹਕੇ ਉਹੋ ਜਿਹਾ ਹੀ ਪ੍ਰੇਮ ਬਖ਼ਸ਼ਿਸ਼ ਕਰਨਾ। ਇਹ ਕਿਤਾਬ ਭਾਈ ਗੁਰਦਾਸ ਜੀ ਦੀ ਬਾਰ੍ਹਵੀਂ ਵਾਰ ਦੀ ਚੌਥੀ ਪਉੜੀ 'ਤੇ ਅਧਾਰਿਤ ਵੱਖੋ ਵੱਖਰੇ ਲੇਖਾਂ

ਵਿਚ ਪ੍ਰੋਈ ਹੋਈ ਹੈ। ਹਰ ਲੇਖ ਦੇ ਬਾਰੇ ਵਿੱਚ ਵਿਸਥਾਰ ਦੇ ਡਰੋਂ ਕੁਝ ਲਿਖਣ ਦੀ ਬਜਾਇ ਇਹੋ ਕਹਿੰਦਾ ਹਾਂ ਕਿ ਇਹ ਕਿਤਾਬ ਕੂਰ ਕਿਰਿਆ ਵਿਚੋਂ ਕੱਢਕੇ ਧਰਮ ਦੀ ਕ੍ਰਿਆ ਵੱਲ ਪ੍ਰੇਰਿਤ ਕਰਦੀ ਹੈ। ਕਰਮ ਅਸਲ ਵਿੱਚ ਗਿਆਨ ਦੀ ਪ੍ਰਾਪਤੀ ਲਈ ਹੀ ਹੁੰਦਾ ਹੈ। ਗੁਰੂ ਮਹਾਰਾਜ ਜੀ ਦਾ ਪਾਵਨ ਗੁਰਵਾਕ ਹੈ ਕਿ:—

ਗਿਆਨੈ ਕਾਰਨ ਕਰਮ ਅਭਿਆਸੁ ॥
ਗਿਆਨੁ ਭਇਆ ਹਸੁ ਕਰਮਹ ਨਾਸੁ ॥

(ਅੰਗ ੧੧੬੭)

ਜੋ ਸਮਾਂ ਅੱਜ ਚੱਲ ਰਿਹਾ ਹੈ, ਖ਼ਾਸ ਕਰਕੇ ਪੰਜਾਬ ਦੀ ਧਰਤੀ ਉੱਤੇ ਜਾਤ ਪਾਤ ਦੀ ਨਫ਼ਰਤ, ਅਖੌਤੀ ਬਾਬਿਆਂ ਦੀ ਭੋਲੀ ਭਾਲੀ ਜਨਤਾ ਦੀ ਲੁੱਟ, ਗੁਰਬਾਣੀ ਅਤੇ ਗੁਰੂ ਘਰ ਤੋਂ ਬੇਰੁਖ਼ੀ, ਸਿੱਖੀ ਨੂੰ ਤਲਾਂਜਲੀ, ਅਮੀਰ ਪੰਜਾਬੀ ਵਿਰਸੇ ਦੇ ਨਾਮ ਉੱਤੇ ਜੋ ਘਾਣ ਹੋ ਰਿਹਾ ਹੈ ਜੇਕਰ ਅੱਜ ਨਾ ਸੰਭਾਲਿਆ ਤਾਂ ਇਹ ਸ਼ਾਇਰ ਦੀਆਂ ਲਾਈਨਾਂ ਸੱਚ ਹੋ ਨਿਬੜਨਗੀਆਂ ਕਿ:—

ਉਹ ਵਕਤ ਭੀ ਦੇਖਾ ਹੈ ਤਵਾਰੀਖ਼ ਕੀ ਘੜੀਓਂ ਨੇ
ਲਮਹੋਂ ਨੇ ਖ਼ਤਾ ਕੀ, ਸਦੀਉਂ ਨੇ ਸਜ਼ਾ ਪਾਈ ॥

ਅੱਜ ਦੇ ਹਾਲਾਤ ਵੇਖ ਕੇ ਇਕ ਸ਼ਾਇਰ ਦੀਆਂ ਇਹ ਲਾਈਨਾਂ ਅਰਦਾਸ ਵਜੋਂ ਨਿਕਲਦੀਆਂ ਜਾਪਦੀਆਂ ਹਨ ਕਿ:—

ਹੋ ਪੂਣੀ ਪੂਣੀ ਰੁਲ ਰਹੇ ਨੇ,
ਬਣੇ ਸੂਤ ਨ ਹਿੰਦ ਦੇ ਜੋਟਿਆਂ ਦਾ।
ਭੁੱਲ ਗਿਆ ਜਗ ਵੀ ਖਰਾ ਖੋਟਾ,
ਚੱਲ ਪਿਆ ਵਪਾਰ ਹੁਣ ਖੋਟਿਆਂ ਦਾ।
ਧਰਮ ਰਾਜ ਹੋ ਗਿਆ ਵਾਂਗ ਸੁਪਨੇ,
ਹੁਣ ਤਾਂ ਪਹਿਰਾ ਡਾਂਗਾਂ ਤੇ ਸੋਟਿਆਂ ਦਾ।
ਸਹੁੰ ਖਾਣ ਨੂੰ ਵੀ ਮੇਲ ਲੱਭਦਾ ਨਾ,
ਵੈਰ ਪੈ ਗਿਆ ਨਹੁੰਆਂ ਤੇ ਪੋਟਿਆਂ ਦਾ।
ਸਤਿਗੁਰੂ, ਜਿਵੇਂ ਪਹਿਲਾਂ ਵੀ ਜੀਵਾਂ ਦਾ ਉਧਾਰ ਕੀਤਾ,
ਅੱਜ ਫਿਰ ਵੀ ਕਰ ਉਪਕਾਰ ਛੱਡੋ।
ਆਖੋ ਦੂਜਿਆਂ ਨੂੰ ਏਕਾ ਭੁਲੀਏ ਨਾ,
ਐਸਾ ਤੀਰ ਉਪਦੇਸ਼ ਦਾ ਮਾਰ ਛੱਡੋ।

ਪਰ ਭਾਈ ਅਮਰੀਕ ਸਿੰਘ ਨੇ ਇਸ ਗੱਲ ਦਾ ਗੁਰਬਾਣੀ ਦੀ ਰੌਸ਼ਨੀ ਵਿੱਚ ਇਨ੍ਹਾਂ ਕਰਮ ਕਾਂਡਾਂ ਤੋਂ ਕਿਵੇਂ ਛੁਟਕਾਰਾ ਪਾਉਣਾ ਹੈ, ਬਾਖ਼ੂਬੀ ਜ਼ਿਕਰ ਕੀਤਾ ਹੈ।

ਜੇਕਰ ਗਿਆਨੀ ਦਿੱਤ ਸਿੰਘ ਵਰਗੇ ਮਹਾਨ ਇਨਸਾਨ ਉਸ ਵਕਤ ਆਪਣੀ ਕਲਮ ਨਾ ਚੁਕਦੇ ਤਾਂ ਅੱਜ ਦਾ ਇਤਿਹਾਸ ਇਹ ਲੋਕ ਹੋਰ ਹੀ ਬਣਾ ਦਿੰਦੇ। ਮੈਂ ਆਪਣੀ ਤਰਫ਼ੋਂ ਇਕ ਬੇਨਤੀ ਪੰਜਾਬ ਸਰਕਾਰ ਤੇ ਸ਼੍ਰੋ: ਗੁ: ਪ੍ਰਬੰਧਕ ਕਮੇਟੀ ਨੂੰ ਵੀ ਕਰਨਾ ਚਾਹੁੰਦਾ ਹਾਂ ਕਿ ਭਾਈ ਅਮਰੀਕ ਸਿੰਘ ਅਤੇ ਗਿਆਨੀ ਦਿੱਤ ਸਿੰਘ ਵਰਗਿਆਂ ਦੀਆਂ ਸਮਾਜ ਸੁਧਾਰਕ ਅਤੇ ਗੁਰਮਤਿ ਸੇਧ ਦੇਣ ਵਾਲੀਆਂ ਲਿਖਤਾਂ ਨੂੰ ਛਾਪ ਕੇ ਹਰ ਥਾਂ 'ਤੇ ਪਹੁੰਚਾਉਣਾ ਚਾਹੀਦਾ ਹੈ ਜਿਸ ਨਾਲ ਸਾਡਾ ਭਵਿੱਖ ਧਰਮ ਅਤੇ ਵਿਰਸੇ ਨਾਲ ਜੁੜਿਆ ਰਹਿ ਸਕੇ। ਸਿਆਣਿਆਂ ਦਾ ਕਥਨ ਹੈ ਕਿ ਜਿਹੜੀਆਂ ਕੌਮਾਂ ਆਪਣੇ ਵਿਰਸੇ ਨੂੰ ਭੁਲਾ ਦਿੰਦੀਆਂ ਹਨ, ਫਿਰ ਸਮਾਂ ਉਹਨਾਂ ਨੂੰ ਵੀ ਮਾਣ ਨਾਲ ਜਿਊਣ ਦੀ ਥਾਂ ਸਗੋਂ ਭੁਲਾ ਹੀ ਦਿੰਦਾ ਹੈ।

ਅੰਤ ਵਿੱਚ ਦਾਸ ਸੰਗਤਾਂ ਨੂੰ ਬੇਨਤੀ ਕਰਦਾ ਹੈ ਕਿ ਭਾਈ ਅਮਰੀਕ ਸਿੰਘ ਜੀ ਦੀਆਂ ਪਹਿਲੀਆਂ ਲਿਖਤਾਂ ਵਾਂਗ ਇਸ ਲਿਖਤ ਨੂੰ ਵੀ ਘਰਾਂ ਦਾ ਸ਼ਿੰਗਾਰ ਬਣਾਈਏ। ਭਾਵੇਂ ਭਾਈ ਸਾਹਿਬ ਜੀ ਨੇ ਆਪਣੀ ਇਸ ਲਿਖਤ ਨੂੰ ਨਿਆਣਿਆਂ ਦੇ ਖੇਡਣ ਤੇ ਪਾੜਨ ਵਾਲੀ ਕਿਤਾਬ ਦਾ ਨਾਂ ਦਿੱਤਾ ਹੈ ਤਾਂਕਿ ਇਸ ਬਹਾਨੇ ਅਸੀਂ ਆਪਣੇ ਵਿਰਸੇ ਤੇ ਧਰਮ ਨਾਲ ਜੁੜੇ ਰਹਿ ਸਕੀਏ, ਪਰ ਇਹ ਭਾਈ ਸਾਹਿਬ ਦਾ ਵਡੱਪਣ ਹੈ। ਇਹ ਵੀ ਗੁਰੂ ਕ੍ਰਿਪਾ ਹੀ ਹੈ। ਭਾਈ ਸਾਹਿਬ ਦੀ ਸਿਹਤ ਅਤੇ ਕਲਮ ਦੀ ਚੜ੍ਹਦੀ ਕਲਾ ਦੀ ਅਰਦਾਸ ਕਰਦਾ ਹੋਇਆ।

ਗੁਰੂ ਸੰਗਤਾਂ ਦਾ ਦਾਸ

ਨਿਰਮਲ ਸਿੰਘ

New York, U. S. A.

ਕੂਰ ਕ੍ਰਿਆ

ਕਿਸੇ ਮੰਜ਼ਿਲ 'ਤੇ ਪਹੁੰਚਣ ਲਈ ਭਾਵੇਂ ਕਿਸੇ ਯਾਤਰੀ ਦਾ ਜਿੰਨਾ ਮਰਜ਼ੀ ਦ੍ਰਿੜ੍ਹ ਇਰਾਦਾ ਹੋਵੇ, ਉਹ ਮੁਸੀਬਤਾਂ ਝੱਲ ਕੇ ਤੁਰਦਾ ਵੀ ਹੋਵੇ, ਸਭ ਕੁਝ ਠੀਕ ਹੋਵੇ, ਪਰ ਇਕ ਨਿੱਕੀ ਜਿਹੀ ਗ਼ਲਤੀ ਕਈ ਵਾਰੀ ਯਾਤਰੂ ਨੂੰ ਆਪਣੀ ਮੰਜ਼ਿਲ ਦੇ ਨੇੜੇ ਕਰਨ ਦੀ ਬਜਾਇ ਸਗੋਂ ਕੋਹਾਂ ਦੂਰ ਕਰ ਦਿੰਦੀ ਹੈ। ਇਸ ਗ਼ਲਤੀ ਦਾ ਨਾਂ ਹੈ ਰਸਤਾ ਭੁੱਲ ਜਾਣਾ। ਭੁੱਲਿਆ ਰਾਹੀ ਸਾਰੀ ਮੁਸ਼ੱਕਤ ਬਰਬਾਦ ਕਰ ਲੈਂਦਾ ਹੈ। ਇਸ ਤਰ੍ਹਾਂ ਹੀ ਜੀਵ ਦੀ ਮੰਜ਼ਿਲ ਅਸਲ ਵਿੱਚ ਪ੍ਰਮੇਸ਼ਰ ਵਿੱਚ ਅਭੇਦ ਹੋਣਾ ਹੈ, ਪਰ ਸਹੀ ਰਾਹ ਨਾ ਮਿਲਣ ਕਰਕੇ ਇਹ ਵਿਚਾਰਾ ਸਭ ਕੁਝ ਕਰਦਾ ਹੋਇਆ ਵੀ ਪ੍ਰਮੇਸ਼ਰ ਵਿਚ ਅਭੇਦ ਤਾਂ ਕੀ ਹੋਣਾ ਸੀ ਸਗੋਂ ਦੂਰ ਹੋ ਜਾਂਦਾ ਹੈ। ਧੰਨ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਪਵਿੱਤਰ ਬਾਣੀ ਵਿੱਚ ਇਹ ਦੋਵੇਂ ਨੁਕਤੇ ਬਹੁਤ ਹੀ ਸਰਲ ਢੰਗ ਨਾਲ ਬਿਆਨ ਕੀਤੇ ਹੋਏ ਹਨ। ਇਕ ਨੁਕਤਾ ਸੰਸਾਰ ਕਿਵੇਂ ਭੁੱਲਿਆ ਹੋਇਆ ਜਿਹੜੇ ਕਰਮਾਂ ਵਿੱਚ ਲੱਗਿਆ ਹੋਇਆ ਹੈ, ਅਸਲ ਵਿੱਚ ਇਹ ਧਰਮ ਦੇ ਕਰਮ ਨਹੀਂ ਬਲਕਿ ਭਰਮ ਦੇ ਕਰਮ ਹਨ। ਸਾਰੀ ਜ਼ਿੰਦਗੀ ਕਰਮ ਵੀ ਕਮਾਉਂਦਾ ਰਿਹਾ ਪਰ ਪ੍ਰਾਪਤੀ ਵੀ ਕੁਝ ਨਾ ਹੋਈ। ਅਜਿਹੇ ਭੁੱਲੇ ਰਾਹੀ ਦਾ ਸੱਚੇ ਪਾਤਿਸ਼ਾਹ ਜੀ ਜ਼ਿਕਰ ਕਰਦੇ ਹਨ ਕਿ ਕੋਈ ਤੀਰਥਾਂ 'ਤੇ ਇਸ਼ਨਾਨ ਕਰਕੇ ਆਪਣੇ ਜੀਵਨ ਨੂੰ ਮੁਕਤ ਕਰਨਾ ਚਾਹੁੰਦਾ ਹੈ, ਪਰ ਸਾਹਿਬ ਜੀ ਭੁੱਲੇ ਨੂੰ ਮਾਰਗ ਪਾਉਂਦੇ ਹਨ ਕਿ ਭਲਿਆ :

ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥
ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ ॥

(ਅੰਗ ੬੮੭)

ਜੇਕਰ ਤੀਰਥ ਮੁਕਤੀ ਦੇਂਦਾ ਹੁੰਦਾ ਤਾਂ ਸਭ ਤੋਂ ਉੱਤਮ ਜਾਮੇ ਨਾਲੋਂ ਭਾਵ ਮਨੁੱਖ ਨਾਲੋਂ ਤਾਂ ਫਿਰ ਡੱਡੂ ਚੰਗਾ ਸੀ, ਜਿਸ ਦੀ ਜ਼ਿੰਦਗੀ ਦਾ ਬਹੁਤ ਸਮਾਂ ਪਾਣੀ ਵਿਚ ਗੁਜ਼ਰਨ ਕਰਕੇ ਮੁਕਤ ਹੋ ਜਾਣਾ ਸੀ ਪਰ ਅਸਲੀਅਤ ਇਹ ਹੈ ਕਿ :

ਜਲ ਕੈ ਮਜਨਿ ਜੇ ਗਤਿ ਹੋਵੈ ਨਿਤ ਨਿਤ ਮੇਂਡੁਕ ਨਾਵਹਿ ॥
ਜੈਸੇ ਮੇਂਡੁਕ ਤੈਸੇ ਓਇ ਨਰ ਫਿਰਿ ਫਿਰਿ ਜੋਨੀ ਆਵਹਿ ॥

(ਅੰਗ ੪੮੪)

ਕੋਈ ਭੁੱਲਿਆ ਹੋਇਆ ਆਪਣੇ ਤਨ ਨੂੰ ਅਨੇਕਾਂ ਕਸ਼ਟ ਦੇ ਕੇ ਸਮਝਦਾ ਹੈ

ਕਿ ਮੈਂ ਪ੍ਰਮੇਸ਼ਰ ਸੁੱਖਾਂ ਦੇ ਦਾਤੇ ਨੂੰ ਖ਼ੁਸ਼ ਕਰ ਲਵਾਂਗਾ, ਪਰ ਇਹ ਧਰਮ ਨਹੀਂ ਬਲਕਿ ਭਰਮ ਹੈ। ਭੁੱਖ ਨਾਲ ਤਸੀਹੇ ਦੇਣ ਵਾਲੇ ਨੂੰ ਸਾਹਿਬ ਮਾਰਗ ਪ੍ਰਦਾਨ ਕਰਦੇ ਹਨ ਕਿ :

ਛੋਡਹਿ ਅੰਨੁ ਕਰਹਿ ਪਾਖੰਡ ॥ ਨਾ ਸੋਹਾਗਨਿ ਨਾ ਓਹਿ ਰੰਡ ॥

(ਅੰਗ ੮੭੩)

ਕਿਸੇ ਨੇ ਦੇਵੀ ਦੇਵਤਿਆਂ ਨੂੰ ਹੀ ਪੂਜਣਾ ਧਰਮ ਮੰਨ ਕੇ ਕੀਮਤੀ ਸਮਾਂ ਅਜਾਈਂ ਗਵਾ ਲਿਆ, ਕੋਈ ਕਾਦਰ ਦੀ ਕੁਦਰਤ ਦੇ ਜ਼ੱਰੇ ਪੱਥਰ ਨੂੰ ਹੀ ਭਗਵਾਨ ਦਾ ਅਸਲ ਰੂਪ ਸਮਝਕੇ ਤਾਰਨਹਾਰ ਮੰਨ ਬੈਠਾ ਹੈ। ਕਿਸੇ ਦੀ ਨਜ਼ਰ ਵਿੱਚ ਬੁੱਤ ਦੀ ਪੂਜਾ ਹੀ ਰੱਬ ਦੀ ਪੂਜਾ ਹੈ ਪਰ ਸਤਿਗੁਰੂ ਨੇ ਭੁੱਲੇ ਹੋਏ ਨੂੰ ਸਮਝਾਇਆ ਕਿ ਇਹ ਕਿਰਿਆ ਪ੍ਰਮੇਸ਼ਰ ਦੀ ਪ੍ਰਾਪਤੀ ਦੀ ਨਹੀਂ ਬਲਕਿ ਇਹ ਤਾਂ ਕੂਰ ਕਿਰਿਆ ਹੈ:

ਕਾਹੂ ਲੈ ਪਾਹਨ ਪੂਜ ਧਰਿਓ ਸਿਰ, ਕਾਹੂੰ ਲੈ ਲਿੰਗ ਗਰੇ ਲਟਕਾਇਓ ॥
ਕਾਹੂ ਲਖਿਓ ਹਰਿ ਅਵਾਚੀ ਦਿਸਾ ਮਹਿ ਕਾਹੂ ਪਛਾਹ ਕੋ ਸੀਸੁ ਨਿਵਾਇਓ ॥
ਕੋਊ ਬੁਤਾਨ ਕੋ ਪੂਜਤ ਹੈ ਪਸੁ ਕੋਊ ਮ੍ਰਿਤਾਨ ਕੋ ਪੂਜਨ ਧਾਇਓ ॥
ਕੂਰ ਕ੍ਰਿਆ ਉਰਝਿਓ ਸਭ ਹੀ ਜਗ ਸ੍ਰੀ ਭਗਵਾਨ ਕੋ ਭੇਦੁ ਨ ਪਾਇਓ ॥

ਕਲਗੀਧਰ ਪਿਤਾ ਜੀ ਮਹਾਰਾਜ ਦੇ ਹੀ ਪਾਵਨ ਖ਼ਜ਼ਾਨੇ ਵਿਚੋਂ ਇਕ ਹੋਰ ਸ਼ਬਦ ਰੂਪ ਰਤਨ ਦਾ ਦੀਦਾਰ ਕਰੀਏ। ਸਾਹਿਬ ਜੀ ਕ੍ਰਿਪਾ ਕਰਦੇ ਹਨ ਕਿ ਭਲੇ ਪੁਰਖਾ! ਤੂੰ ਪੱਥਰ ਨੂੰ ਪੂਜਣਾ ਛੱਡਕੇ ਜੇ ਕਿਧਰੇ ਪ੍ਰਮੇਸ਼ਰ ਦੀ ਸੱਚੀ ਇਬਾਦਤ ਵਿਚ ਲੱਗ ਜਾਵੇਂ ਤਾਂ ਸੱਚ ਜਾਣੀਂ, ਤੇਰੇ ਸਾਰੇ ਹੀ ਪਾਪ ਮਿਟ ਜਾਣਗੇ ਅਤੇ ਹਰ ਤਰ੍ਹਾਂ ਦੇ ਸਾਰੇ ਬੰਧਨ ਟੁੱਟ ਜਾਣਗੇ। ਜੇ ਕਿਧਰੇ ਪੱਥਰ ਪੂਜਕ ਬਣਕੇ ਹੀ ਜ਼ਿੰਦਗੀ ਬਸਰ ਕਰ ਲਈ ਤਾਂ ਫਿਰ ਇਨ੍ਹਾਂ ਫੋਕਟ ਦੇ ਕਰਮਾਂ ਦਾ ਤੈਨੂੰ, ਪਿਆਰ ਵਾਲਿਆ, ਇਕ ਵੀ ਫਲ ਨਸੀਬ ਨਹੀਂ ਹੋਣਾ। ਪਾਵਨ ਬਚਨ ਹੈ :

ਕਾਹੇ ਕਉ ਪੂਜਤ ਪਾਹਨ ਕਉ ਕਛੁ ਪਾਹਨ ਮੈਂ ਪਰਮੇਸਰ ਨਾਹੀਂ ॥
ਤਾਹੀ ਕੋ ਪੂਜ ਪ੍ਰਭੂ ਕਰਕੈ ਜਿਹ ਪੂਜਤ ਹੀ ਅਘ ਓਘ ਮਿਟਾਹੀਂ ॥
ਆਧਿ ਬਿਆਧਿ ਕੇ ਬੰਧਨ ਜੇਤਕ ਨਾਮ ਕੇ ਲੇਤ ਸਭੈ ਛੁਟ ਜਾਹੀਂ ॥
ਤਾਹੀ ਕੋ ਧਿਆਨ ਪ੍ਰਮਾਨ ਸਦਾ, ਇਨ ਫੋਕਟ ਧਰਮ ਕਰੇ ਫਲੁ ਨਾਹੀਂ ॥੨੦॥

ਇਕ ਵਿਚਾਰ ਆਪਾਂ ਕਈ ਵਾਰ ਪੜ੍ਹਦੇ ਸੁਣਦੇ ਰਹਿੰਦੇ ਹਾਂ ਕਿ ਗੁਰੂ ਸ਼ਬਦ ਦਾ ਅਰਥ ਹਨੇਰਾ ਖ਼ਤਮ ਕਰਕੇ ਚਾਨਣ ਕਰਨਾ ਹੈ। ਹਨੇਰਾ ਅਸਲ ਵਿੱਚ ਉਸ ਅਗਿਆਨਤਾ ਦਾ ਨਾਂ ਹੈ, ਜਿਹੜੀ ਸਾਨੂੰ ਫੋਕਟ ਅਤੇ ਤੱਤ ਦਾ ਨਿਰਣਾ ਨਹੀਂ ਕਰਨ ਦਿੰਦੀ ਅਤੇ ਚਾਨਣ ਉਸ ਚੀਜ਼ ਦਾ ਨਾਂ ਹੈ ਜਿਹੜੀ ਦੋ ਚੀਜ਼ਾਂ ਵਿਚ ਨਿਰਣਾ ਕੱਢਕੇ ਸਾਹਮਣੇ ਰੱਖ ਦਿੰਦੀ ਹੈ ਕਿ ਫੋਕਟ ਕੀ ਹੈ ਅਤੇ ਤੱਤ ਕੀ ਹੈ। ਇਸ ਲਈ

ਸਤਿਗੁਰੂ ਜੀ ਦਾ ਇਹ ਪਾਵਨ ਬਚਨ ਹੈ ਕਿ ਤੱਤ ਕੀ ਹੈ। ਇਸ ਲਈ ਸਤਿਗੁਰੂ ਜੀ ਦਾ ਇਹ ਪਾਵਨ ਬਚਨ ਹੈ ਕਿ ਤੱਤ ਕਦੇ ਵੀ ਗੁਰੂ (ਭਾਵ ਗਿਆਨ) ਤੋਂ ਬਿਨਾਂ ਪਤਾ ਨਹੀਂ ਲੱਗਦਾ। ਇਹ ਨਿਰਨਾ ਕੇਵਲ ਗੁਰੂ ਜੀ ਹੀ ਦੇ ਸਕਦੇ ਹਨ:

ਤਤੈ ਸਾਰ ਨ ਜਾਣੀ ਗੁਰੂ ਬਾਝਹੁ ਤਤੈ ਸਾਰ ਨ ਜਾਣੀ ॥

(ਅੰਗ ੯੨੦)

ਇਕ ਨਗਰ ਵਿੱਚ ਇਕ ਬਹੁਤ ਹੀ ਸਾਦੀ ਜਿਹੀ ਜ਼ਿੰਦਗੀ ਗੁਜ਼ਾਰਨ ਵਾਲਾ ਇਕ ਪ੍ਰੀਵਾਰ ਰਹਿੰਦਾ ਸੀ। ਉਹ ਆਮ ਚਲਾਕੀਆਂ ਤੇ ਚੁਸਤੀਆਂ ਦੀ ਦੁਨੀਆਂ ਤੋਂ ਬਹੁਤ ਦੂਰ ਸੀ। ਇਕ ਦਿਨ ਉਨ੍ਹਾਂ ਦੇ ਪੂਰਬਲੇ ਕਰਮ ਜਾਗੇ। ਇਕ ਦਰਵੇਸ਼ੀ ਪੁਸ਼ਾਕ ਵਿੱਚ ਇਕ ਮਹਾਤਮਾ ਉਨ੍ਹਾਂ ਦੇ ਘਰ ਆ ਗਿਆ। ਪ੍ਰੀਵਾਰ ਨੇ ਬੜੇ ਪਿਆਰ ਅਤੇ ਸਤਿਕਾਰ ਨਾਲ ਪ੍ਰਸ਼ਾਦਾ ਪਾਣੀ ਛਕਾਇਆ। ਦਰਵੇਸ਼ ਉਨ੍ਹਾਂ ਦੀ ਗ਼ਰੀਬੀ ਅਤੇ ਨਿਰਛੱਲ ਜ਼ਿੰਦਗੀ 'ਤੇ ਰੀਝ ਗਿਆ। ਫ਼ਕੀਰ ਨੇ ਕੁਝ ਦਿਨ ਉਥੇ ਰਹਿਣਾ ਯੋਗ ਜਾਣਕੇ ਘਰ ਦੇ ਮੁਖੀਏ ਨਾਲ ਗੱਲ ਕੀਤੀ ਤਾਂ ਸਾਰੇ ਪ੍ਰੀਵਾਰ ਨੇ ਬੇਅੰਤ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ। ਹਰ ਰੋਜ਼ ਦੀ ਸਾਂਝ ਨੇ ਜ਼ਿੰਦਗੀ ਦੀ ਪ੍ਰੇਮ ਅਵਸਥਾ ਨੂੰ ਹੋਰ ਗਹਿਰਾ ਭਾਵ ਡੂੰਘਾ ਕਰ ਦਿੱਤਾ। ਫ਼ਕੀਰ ਨੇ ਇਕ ਗੱਲ ਸਮਝ ਲਈ ਕਿ ਇਨ੍ਹਾਂ ਦੀ ਜ਼ਿੰਦਗੀ ਵਿੱਚ ਅਸਲ ਵਿੱਚ ਤੱਤ ਦੀ ਪਹਿਚਾਣ ਅਤੇ ਸੰਭਾਲ ਘੱਟ ਹੈ, ਜਿਸ ਕਰਕੇ ਇਹ ਗ਼ੁਰਬਤ ਭਰੀ ਜ਼ਿੰਦਗੀ ਬਤੀਤ ਕਰਦੇ ਹਨ। ਫ਼ਕੀਰ ਨੇ ਉਸ ਘਰ ਦੇ ਮੁਖੀਏ ਭਾਵ ਕਿਰਸਾਣ ਨਾਲ ਇਤਨੀ ਸਾਂਝ ਪੈਦਾ ਕਰ ਲਈ ਕਿ ਖੇਤੀ ਦੇ ਬੀਜਣ ਸਮੇਂ ਬੀਜ ਦੀ ਪਹਿਚਾਣ ਕਰਨਾ, ਤੱਤ ਸਾਂਭਣਾ ਅਤੇ ਫੋਕਟ ਕੱਢਣਾ, ਫਿਰ ਗੋਡੀ ਵੇਲੇ ਫਿਰ ਤੱਤ ਸਾਂਭਣਾ ਅਤੇ ਫੋਕਟ ਕੱਢਣਾ, ਖੇਤੀ ਵੱਢਣ ਵੇਲੇ ਤੱਤ ਸਾਂਭਣਾ ਅਤੇ ਫੋਕਟ ਕੱਢਣਾ, ਫਿਰ ਦਾਣਿਆਂ ਦੀ ਸੰਭਾਲ ਦੇ ਵਕਤ ਕਿਵੇਂ ਤੱਤ ਸੰਭਾਲਣਾ ਤੇ ਫੋਕਟ ਛੱਡਣਾ, ਇਥੇ ਹੀ ਬੱਸ ਨਹੀਂ ਦਾਣੇ ਵੀ ਭਾਵ ਫ਼ਸਲ ਵੀ ਲੋੜ ਅਨੁਸਾਰ ਰੱਖਕੇ ਕਿਵੇਂ ਘਰ ਭਰਨ ਦੀ ਬਜਾਇ ਪੈਸੇ ਵੱਟ ਕੇ ਉਨ੍ਹਾਂ ਨੂੰ ਅਜਿਹੇ ਬੈਂਕ ਵਿਚ ਰੱਖਣਾ ਜਿਥੇ ਇਹ ਵਿਆਜ ਰਾਹੀਂ ਆਪੇ ਹੀ ਵਧਦੇ ਚਲੇ ਜਾਣ, ਸਭ ਕੁਝ ਸਮਝਾ ਦਿੱਤਾ। ਹੁਣ ਉਹ ਕਿਰਸਾਣ ਕੁਝ ਹੀ ਸਮੇਂ ਮਗਰੋਂ ਘਰ ਦੇ ਗੁਜ਼ਰਾਨ ਪਖੋਂ ਕਾਫ਼ੀ ਸੌਖਾ ਹੋ ਗਿਆ। ਫ਼ਕੀਰ ਕੁਝ ਦਿਨ ਰੁਕ ਕੇ ਆਪਣੀ ਮੌਜ ਵਿਚ ਚਲਾ ਗਿਆ। ਮਗਰੋਂ ਕਿਰਸਾਨ ਨੇ ਬੱਚੇ ਪੜ੍ਹਾ ਲਏ, ਘਰ ਚੰਗਾ ਬਣਾ ਲਿਆ। ਹਰ ਪੱਖ ਤੋਂ ਆਪ ਹੀ ਸੌਖਾ ਨਹੀਂ ਹੋਇਆ ਬਲਕਿ ਨਗਰ ਦੇ ਵੀ ਪਰਉਪਕਾਰਾਂ ਵਿੱਚ ਵੱਧ ਤੋਂ ਵੱਧ ਹਿੱਸਾ ਪਾ ਕੇ ਖ਼ੁਸ਼ੀਆਂ ਪ੍ਰਾਪਤ ਕਰਦਾ। ਪਰ ਇਕ ਗੱਲ ਦਾ ਪਛਤਾਵਾ ਲੱਗਾ ਰਹਿੰਦਾ ਕਿ ਜੇਕਰ ਉਹ ਫ਼ਕੀਰ ਫਿਰ ਮਿਲ ਜਾਵੇ ਤਾਂ ਅਸੀਂ ਉਸ ਦਾ ਸ਼ੁਕਰਾਨਾ ਕਰੀਏ। ਆਖ਼ਿਰ ਪ੍ਰਮਾਤਮਾ ਨੇ ਇਕ ਦਿਨ ਇਹ

ਵੀ ਰੀਝ (ਭਾਵਨਾ) ਪੂਰੀ ਕਰ ਦਿੱਤੀ। ਫ਼ਕੀਰ ਦਾ ਮਿਲਾਪ ਹੋਇਆ। ਅੱਜ ਉਸ ਪ੍ਰੀਵਾਰ ਨੇ ਬੜੇ ਅਦਬ ਸਤਿਕਾਰ ਨਾਲ ਘਰ ਲੈ ਆਂਦਾ। ਬਹੁਤ ਹੀ ਸ਼ਰਧਾ ਭਾਵਨਾ ਨਾਲ ਸੇਵਾ ਕੀਤੀ। ਕਿਰਸਾਣ ਨੇ ਇਕ ਗੱਲ ਪੁੱਛੀ ਕਿ ਮਹਾਂ ਪੁਰਸ਼ੋ ! ਇਕ ਗੱਲ ਦੱਸੋ ਕਿ ਤੁਹਾਨੂੰ ਇਹ ਸਾਰੀ ਸੋਝੀ ਭਾਵ, ਮਤਿ ਕਿਵੇਂ ਆਈ ? ਤਾਂ ਫ਼ਕੀਰ ਹੱਸਕੇ ਕਹਿਣ ਲੱਗਾ ਕਿ ਭਲਿਆ ਪੁਰਖਾ, ਯਾਦ ਰੱਖ, ਹਰ ਇਕ ਚੀਜ਼ ਦਾ ਤੱਤ ਹਮੇਸ਼ਾ ਹੀ ਕੀਮਤੀ ਹੁੰਦਾ ਹੈ। ਫ਼ਕੀਰ ਨੇ ਕਈ ਉਦਾਹਰਣਾਂ ਦਿੱਤੀਆਂ ਕਿ ਵੇਖ ਸਾਰੇ ਦਰੱਖ਼ਤ ਵਿਚੋਂ ਤੱਤ ਕੇਵਲ ਇਕ ਬੀਜ ਹੈ। ਸਾਰੇ ਧਨ ਪਦਾਰਥ ਨੂੰ ਵੇਚਕੇ ਇਕ ਹੀਰਾ ਜਾਂ ਬੈਂਕ ਦਾ ਇਕ ਪੇਪਰ ਭਾਵ ਡਰਾਫ਼ਟ ਬਣਾ ਲਈਏ ਜਾਂ ਰੋਜ਼ਾਨਾ ਜ਼ਿੰਦਗੀ ਵਿਚ ਦੁੱਧ ਵਿਚੋਂ ਪੈਦਾ ਹੋਇਆ ਦੇਸੀ ਘਿਉ ਇਹ ਸਭ ਜੁਗਤਾਂ ਫੋਕਟ ਵਿਚੋਂ ਤੱਤ ਲੱਭਣ ਲਈ ਹੀ ਹਨ। ਇਹ ਤਾਂ ਚਲੋ ਸੰਸਾਰੀ ਗੱਲਾਂ ਹਨ ਪਰ ਅੱਜ ਮੈਂ ਤੁਹਾਨੂੰ ਇਕ ਹੋਰ ਕੀਮਤੀ ਗੱਲ ਦੱਸ ਚਲਿਆ ਹਾਂ ਕਿ ਜਿਵੇਂ ਤੁਸੀਂ ਸੰਸਾਰੀ ਜੀਵਨ ਵਿੱਚ ਫੋਕਟ ਛੱਡਕੇ ਤੱਤ ਸੰਭਾਲ ਕੇ ਲੋਕ ਸੁਖੀ ਕਰ ਲਿਆ, ਇਸੇ ਤਰ੍ਹਾਂ ਜੇ ਕਿਧਰੇ ਧਰਮ ਦੀ ਦੁਨੀਆਂ ਵਿੱਚ ਵੀ ਜੀਵ ਫੋਕਟ ਕਰਮਾਂ ਦਾ ਤਿਆਗ ਕਰਕੇ ਤੱਤ ਦੀ ਸੰਭਾਲ ਕਰਨੀ ਸਿਖ ਲਵੇ ਤਾਂ ਉਹ ਪ੍ਰਲੋਕ ਵੀ ਸੁਹੇਲਾ ਕਰ ਸਕਦਾ ਹੈ। ਕਿਰਸਾਣ ਦਾ ਸਾਰਾ ਪ੍ਰੀਵਾਰ ਬੜੀ ਲਗਨ ਨਾਲ ਸੁਣ ਰਿਹਾ ਸੀ। ਉਨ੍ਹਾਂ ਬਹੁਤ ਹੀ ਚਾਅ ਅਤੇ ਉਤਸ਼ਾਹ ਨਾਲ ਪੁੱਛਿਆ ਕਿ ਉਹ ਕਿਵੇਂ ਹੋ ਸਕਦਾ ਹੈ, ਸਾਨੂੰ ਇਹ ਵੀ ਵੀਚਾਰ ਦੱਸ ਦਿਉ ਜੀ। ਫ਼ਕੀਰ ਨੇ ਰੱਬੀ ਮੌਜ ਵਿਚ ਭਿੱਜ ਕੇ ਅੰਮ੍ਰਿਤ ਬਚਨਾਂ ਦੀ ਵਰਖਾ ਲਾਈ ਹੋਈ ਸੀ ਕਿ :

ਗੁਰਿ ਪੂਰੈ ਤਤੁ ਇਹੈ ਬੁਝਾਇਆ ॥
ਪ੍ਰਭੁ ਅਪਨਾ ਨਾਨਕ ਜਨ ਧਿਆਇਆ॥

(ਅੰਗ ੨੯੦)

ਤਤੁ ਬੀਚਾਰੁ ਕਹੈ ਜਨ ਸਾਚਾ ॥
ਜਨਮਿ ਮਰੈ ਸੋ ਕਾਚੋ ਕਾਚਾ ॥

(ਅੰਗ ੨੯੮)

ਮੇਰੇ ਸਤਿਗੁਰੂ ਜੀ ਨੇ ਇਹ ਤੱਤ ਵੀਚਾਰ ਕੇ ਦੱਸਿਆ ਹੈ ਕਿ ਜਿਹੜਾ ਵੀ ਜੰਮਦਾ ਮਰਦਾ ਹੈ, ਉਹ ਕੱਚਾ ਹੈ, ਪਰ ਜਿਹੜਾ ਜਨਮ ਮਰਨ ਤੋਂ ਰਹਿਤ ਹੈ ਉਹ ਹੀ ਅਸਲ ਵਿੱਚ ਸੱਚ ਹੈ। ਤੱਤ ਅਸਲ ਵਿੱਚ ਪ੍ਰਮੇਸ਼ਰ ਦਾ ਨਾਮ ਹੈ। ਜਿਵੇਂ ਦੁਨੀਆਂ ਦੇ ਸੁੱਖਾਂ ਦਾ ਕੇਂਦਰ ਬਿੰਦੂ ਸਾਨੂੰ ਮਾਇਆ ਨਜ਼ਰ ਆਉਂਦੀ ਹੈ ਕਿ ਜਿਸ ਕੋਲ ਦੁਨਿਆਵੀ ਧਨ ਹੈ, ਉਸ ਦਾ ਹਰ ਪਾਸੇ ਆਦਰ ਹੈ। ਉਹੋ ਸਿਆਣਾ ਹੈ, ਉਸਦਾ ਹੀ ਘਰ ਚੰਗਾ ਹੈ, ਉਸ ਕੋਲ ਹੀ ਬਹੁਤ ਸਹੂਲਤਾਂ ਹਨ ਭਾਵ ਕਿ ਸਾਨੂੰ ਪ੍ਰਤੀਤ

ਹੁੰਦਾ ਹੈ ਕਿ ਦੁਨੀਆਂ ਦਾ ਤੱਤ ਜਿਸ ਕੋਲ ਨਾਮ ਹੈ ਉਹੋ ਬਡ ਰਾਜਾ ਹੈ, ਉਹੋ ਧਨਵੰਤ, ਕੁਲਵੰਤ, ਪਤਿਵੰਤ, ਉਹੋ ਰੱਬੀ ਪਿਆਰ ਦਾ ਪਾਤਰ ਹੈ, ਉਸਦਾ ਆਉਣਾ ਸਫਲ ਹੈ ਭਾਵ ਹਰ ਟਿਕ ਦਾਤਿ ਉਸ ਤੋਂ ਵਾਰਨੇ ਬਲਿਹਾਰਨੇ ਹੈ ਜਿਸ ਕੋਲ ਨਾਮ ਹੈ। ਦੂਜੇ ਪਾਸੇ ਹਰ ਦੁੱਖ, ਹਰ ਲਾਹਨਤ, ਹਰ ਧਿਕਾਰ, ਉਸ ਦੇ ਆਪੇ ਨੂੰ ਫਿਟਕਾਰ, ਉਸ ਦਾ ਖਾਣਾ ਪਹਿਨਣਾ ਫਿਟਕਾਂ ਦੇ ਬਰਾਬਰ, ਉਸ ਦਾ ਧਰਤੀ 'ਤੇ ਰਹਿਣਾ ਭਾਰ ਭਾਵ ਸਭ ਕੁਝ ਨਾਮ ਨਾ ਹੋਣਾ ਅਤੇ ਨਾਮ ਦਾ ਹੋਣਾ ਬਸ ਦੋਨਾਂ ਹੀ ਅਵਸਥਾਵਾਂ ਵਿਚ ਹੈ। ਇਸ ਲਈ ਨਾਮ ਹੀ ਇਕ ਮਹਾਨ ਤੱਤ ਹੈ, ਜਿਸ ਦੀ ਸੋਝੀ ਪੂਰਾ ਸਤਿਗੁਰੂ ਹੀ ਦੇ ਸਕਦਾ ਹੈ। ਨਹੀਂ ਤਾਂ ਜੀਵ ਭਰਮ ਵਿੱਚ ਪੈ ਕੇ ਭਰਮ ਨੂੰ ਹੀ ਧਰਮ ਸਮਝ ਕੇ, ਕਮਾ ਕੇ ਸਾਰੀ ਜ਼ਿੰਦਗੀ ਕੂਰ ਕਿਰਿਆ ਵਿੱਚ ਹੀ ਬਿਤਾ ਕੇ ਆਖ਼ਿਰਕਾਰ ਖ਼ਾਲੀ ਹੱਥ ਹੀ ਚਲਾ ਜਾਂਦਾ ਹੈ। ਸਤਿਗੁਰੂ ਸਭਨਾਂ ਦਾ ਭਲਾ ਮਨਾਇੰਦਾ ਹੋਣ ਕਰਕੇ ਇਹ ਸੱਚ ਸਭ ਨੂੰ ਦੱਸ ਰਿਹਾ ਹੈ ਕਿ :

ਸਾਚ ਕਹੋਂ ਸੁਨ ਲੇਹੁ ਸਬੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ॥

ਨਹੀਂ ਤਾਂ ਦੁਨੀਆਂ ਕੂਰ ਕ੍ਰਿਆ ਵਿੱਚ ਹੀ ਭਟਕ ਰਹੀ ਹੈ।

ਪ੍ਰੀਵਾਰ ਦਾ ਇਕ ਹੋਰ ਸੁਆਲ ਪੈਦਾ ਹੋਇਆ ਕਿ ਜਿਹੜਾ ਤੁਸੀਂ ਵਾਰ-ਵਾਰ ਗੁਰ ਪੂਰੇ ਦਾ ਜ਼ਿਕਰ ਕਰਦੇ ਹੋ, ਇਹ ਕੌਣ ਹੈ ? ਤਾਂ ਦਰਵੇਸ਼ ਨੇ ਹੱਥ ਜੋੜ ਕੇ ਸ਼ਰਧਾ ਵਿਚ ਸੀਸ ਝੁਕਾ ਕੇ ਕਿਹਾ ਕਿ ਇਹ ਮੇਰੇ ਮਹਾਨ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ ਜਿਨ੍ਹਾਂ ਦੀ ਮਹਾਨ ਪਵਿੱਤਰ ਬਾਣੀ ਸਾਨੂੰ ਇਹ ਵੀਚਾਰ ਸਮਝਾਉਂਦੀ ਹੈ ਕਿ ਪ੍ਰਮੇਸ਼ਰ ਸੱਚਖੰਡ ਵਿੱਚ ਵੱਸਦਾ ਹੈ ਭਾਵ ਸੱਚ ਵਿੱਚ ਵੱਸਦਾ ਹੈ। ਜੇਕਰ ਜੀਵ ਨੇ ਪ੍ਰਮੇਸ਼ਰ ਵਿੱਚ ਅਭੇਦ ਹੋਣਾ ਹੈ ਤਾਂ ਉਸ ਨੂੰ ਸਚਿਆਰ ਹੋਣਾ ਪਵੇਗਾ। ਸਚਿਆਰ ਹੋਣ ਵਾਸਤੇ ਕੂੜ ਦੀ ਪਾਲਿ ਵਿਚੋਂ ਨਿਕਲਣਾ ਪਵੇਗਾ। ਕੂੜਿ ਦੀ ਪਾਲਿ ਵਿਚੋਂ ਨਿਕਲਣ ਦਾ ਅਰਥ ਹੀ ਇਹ ਹੈ ਕਿ ਜੀਵ ਕੂਰ ਕਿਰਿਆ ਦਾ ਤਿਆਗ ਕਰਕੇ **ਗੁਰਿ ਪੂਰੈ ਤਤੁ ਇਹੈ ਬੁਝਾਇਆ ॥ ਪ੍ਰਭੁ ਅਪਨਾ ਨਾਨਕ ਜਨ ਧਿਆਇਆ ॥** ਦਾ ਧਾਰਨੀ ਹੋ ਜਾਵੇ।

ਪ੍ਰੀਵਾਰ ਦੀ ਹੈਰਾਨੀ ਦੀ ਹੱਦ ਨਾ ਰਹੀ ਕਿ ਜੇਕਰ ਗੁਰੂ ਜਿਹੜਾ ਤੁਸੀਂ ਦੱਸਦੇ ਹੋ ਕਿ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ ਤਾਂ ਤੁਸੀਂ ਕੌਣ ਹੋ ? ਅਸੀਂ ਤਾਂ ਤੁਹਾਨੂੰ ਹੀ ਗੁਰੂ ਸਮਝਣ ਲੱਗ ਪਏ ਸੀ। ਦਰਵੇਸ਼ ਦੇ ਸਰੀਰ ਨੂੰ ਇਕ ਦਮ ਇਸ ਤਰ੍ਹਾਂ ਦੀ ਕੰਬਣੀ ਜਿਹੀ ਛਿੜ ਗਈ ਅਤੇ ਆਪ ਮੁਹਾਰੇ ਹੀ ਮੂੰਹੋਂ ਵਾਹਿਗੁਰੂ ਵਾਹਿਗੁਰੂ ਨਿਕਲਣ ਲੱਗ ਪਿਆ। ਅੱਖਾਂ ਵਿਚ ਪ੍ਰੇਮ ਵੈਰਾਗ ਦਾ ਜਲ ਭਰ ਆਇਆ। ਥੋੜ੍ਹੇ ਸਮੇਂ ਤੋਂ ਬਾਅਦ ਜਿਵੇਂ ਬਹੁਤ ਔਖਾ ਹੋ ਕੇ ਆਪਣੇ ਆਪ ਨੂੰ ਸੰਭਾਲਿਆ ਹੋਵੇ, ਆਪਣੇ ਆਪੇ ਨੂੰ ਸ਼ਾਂਤ ਕਰਕੇ ਕਹਿਣ ਲੱਗੇ ਕਿ ਅਸਲ ਵਿੱਚ ਕੂਰ ਕਿਰਿਆ ਦੀ

ਅਰੰਭਤਾ ਹੀ ਇਥੋਂ ਹੁੰਦੀ ਹੈ। ਮੈਂ ਤਾਂ ਪਿਆਰ ਵਾਲਿਓ ! ਆਪਣੇ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਇਕ ਅਦਨਾ ਜਿਹਾ ਸੇਵਕ ਪ੍ਰਚਾਰਕ ਹਾਂ। ਤੁਸੀਂ ਹੁਣ ਇਹ ਮੇਰੇ ਕੋਲ ਸਤਿਗੁਰੂ ਜੀ ਦੀ ਬਾਣੀ ਦੀਆਂ ਪਵਿੱਤਰ ਪੋਥੀਆਂ ਭਾਵ (ਗੁਰਬਾਣੀ ਦੀਆਂ ਵੀਚਾਰਾਂ) ਹਨ, ਇਨ੍ਹਾਂ ਨੂੰ ਧਿਆਨ ਨਾਲ ਪੜ੍ਹਨਾ। ਮੈਂ ਕੁਝ ਦਿਨਾਂ ਬਾਅਦ ਫਿਰ ਆਵਾਂਗਾ।

ਸਾਰਾ ਹੀ ਪ੍ਰੀਵਾਰ ਗੁਰੂ ਕੀ ਬਾਣੀ ਪੜ੍ਹਨ ਲੱਗ ਪਿਆ। ਨਿਰਛਲ ਜੀਵਨ ਹੋਣ ਕਰਕੇ ਜਲਦੀ ਹੀ-

ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ ॥ ਮਨੁ ਪੀਵੈ ਸੁਨਿ ਸਬਦੁ ਬੀਚਾਰਾ ॥

(ਅੰਗ ੧੦੨)

ਤੱਕ ਪਹੁੰਚ ਗਏ। ਪ੍ਰਚਾਰਕ ਖ਼ੁਦ ਵੀ ਚੰਗੇ ਜੀਵਨ ਦਾ ਧਾਰਨੀ ਸੀ। ਕੁਝ ਸਮੇਂ ਮਗਰੋਂ ਫਿਰ ਆਇਆ ਤਾਂ ਸਾਰੇ ਪ੍ਰੀਵਾਰ ਨੂੰ ਹਰੀ ਰੰਗ ਵਿਚ ਰੰਗਿਆ ਵੇਖ ਕੇ ਬਹੁਤ ਖ਼ੁਸ਼ ਹੋਇਆ। ਹੁਣ ਪ੍ਰਚਾਰਕ ਵੀਰ ਨੇ ਇਕ ਬਚਨ ਹੋਰ ਕੀਤਾ ਕਿ ਪਿਆਰ ਵਾਲਿਓ! ਹਾਲੇ ਤੁਸੀਂ ਗੁਰੂ ਜੀ ਨੂੰ ਮਿਲੇ ਹੋ, ਜੇਕਰ ਧਾਰਨ ਕਰਨਾ ਹੈ ਤਾਂ ਪੰਜਾਂ ਸਿੰਘਾਂ ਕੋਲੋਂ ਭਾਵ ਪੰਜਾਂ ਪਿਆਰਿਆਂ ਕੋਲੋਂ ਖੰਡੇ ਬਾਟੇ ਦਾ ਅੰਮ੍ਰਿਤ ਛੱਕਕੇ ਗੁਰੂ ਧਾਰਨ ਹੋਵੇਗਾ। ਪ੍ਰੀਵਾਰ ਨੇ ਬੜੀ ਖ਼ੁਸ਼ੀ ਨਾਲ ਅੰਮ੍ਰਿਤਪਾਨ ਕਰਕੇ ਕੂੜ ਦੀ ਪਾਲਿ ਵਿਚੋਂ ਆਪਣੇ ਆਪ ਨੂੰ ਕੱਢਕੇ ਕੂੜ ਕਿਰਿਆ ਕਮਾਉਣ ਦੀ ਬਜਾਇ "**ਇਕੁ ਊਤਮ ਪੰਥੁ ਸੁਨਿਓ ਗੁਰ ਸੰਗਤਿ**" ਦੇ ਪਾਂਧੀ ਬਣ ਗਏ। ਪ੍ਰੀਵਾਰ ਨੇ ਫਿਰ ਇਕ ਸੁਆਲ ਖੜਾ ਕਰ ਦਿੱਤਾ ਕਿ ਹੁਣ ਆਪਣਾ ਕੀ ਰਿਸ਼ਤਾ ਹੋਇਆ ਤਾਂ ਪ੍ਰਚਾਰਕ ਨੇ ਬਹੁਤ ਹੀ ਖ਼ੁਸ਼ੀ ਨਾਲ ਆਖਿਆ ਕਿ ਆਪਣਾ ਰਿਸ਼ਤਾ ਵੀ ਗੁਰੂ ਜੀ ਨੇ ਹੀ ਬਣਾ ਦਿੱਤਾ ਹੈ ਕਿ **ਏਕੁ ਪਿਤਾ ਏਕਸ ਕੇ ਹਮ ਬਾਰਿਕ** ਹੋਣ ਕਰਕੇ ਹੁਣ ਆਪਣਾ ਰਿਸ਼ਤਾ '**ਹੋਹੁ ਇਕਤ੍ਰ ਮਿਲਹੁ ਮੇਰੇ ਭਾਈ**' ਦੇ ਅਨੁਸਾਰ ਆਪਣਾ ਭਰਾਵਾਂ ਵਾਲਾ ਰਿਸ਼ਤਾ ਬਣ ਗਿਆ ਹੈ। ਇਹ ਵੀ ਯਾਦ ਰੱਖਣਾ ਕਿ ਜੇ ਕਿਸੇ ਨੇ ਕੂੜ ਕਿਰਿਆ ਛੱਡਕੇ ਤੱਤ ਸੱਚ ਲੱਭਣਾ ਹੋਵੇ ਤਾਂ ਉਸਨੂੰ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਇਹ ਪਵਿੱਤਰ ਬਾਣੀ ਸਦਾ ਹੀ ਅਗਵਾਈ ਕਰਦੀ ਰਹੇਗੀ।

ਵੀਚਾਰ ਦਾ ਇਕ ਪੱਖ ਅਧੂਰਾ ਜਿਹਾ ਲੱਗਦਾ ਹੈ ਜਿਤਨਾ ਚਿਰ ਇਹ ਨਾ ਵੀਚਾਰ ਲਿਆ ਜਾਵੇ ਕਿ ਜੇਕਰ ਇਹ ਸਭ ਕੁਝ ਜਗਰਾਤੇ ਕੱਟਣੇ, ਵਰਤ ਰੱਖਣੇ, ਧੂਣੀਆਂ ਤਾਪਣੀਆਂ, ਤੀਰਥਾਂ ਦੇ ਇਸ਼ਨਾਨ ਅਤੇ ਹੋਰ ਕਰਮ ਕਾਂਡ ਕੂੜ ਕਿਰਿਆ ਹੀ ਹੈ ਤਾਂ ਫਿਰ ਉੱਤਮ ਜਾਂ ਨੇਕ ਕਿਰਿਆ ਕਿਹੜੀ ਹੋਵੇਗੀ। ਗੁਰੂ ਪਾਤਿਸ਼ਾਹ ਜੀ ਆਪ ਹੀ ਇਸ ਉਲਝਣ ਵਿਚੋਂ ਕੱਢ ਦਿੰਦੇ ਹਨ। ਅੰਮ੍ਰਿਤ ਬਚਨ ਹੈ :

ਸਗਲ ਕ੍ਰਿਆ ਮਹਿ ਊਤਮ ਕਿਰਿਆ ॥

ਸਾਧਸੰਗਿ ਦੁਰਮਤਿ ਮਲੁ ਹਿਰਿਆ ॥

(ਅੰਗ ੨੬੬)

ਸਾਰੀਆਂ ਕਿਰਿਆਵਾਂ ਵਿਚੋਂ ਉੱਤਮ ਕਿਰਿਆ ਹੈ ਜਦੋਂ ਅਸੀਂ ਸਾਧ ਸੰਗਤਿ ਵਿੱਚ ਜਾ ਕੇ ਦੁਰਮਤਿ ਦਾ ਤਿਆਗ ਕਰ ਦਿੰਦੇ ਹਾਂ। ਸਾਧ ਸੰਗਤਿ ਹੈ ਗੁਰਮਤਿ ਦੀ ਵੀਚਾਰ ਦਾ ਅਸਥਾਨ ਜਿਥੋਂ ਜੀਵ ਚੰਗੇ ਗੁਣ ਸਿਖ ਕੇ ਸ਼ੁਭ ਗੁਣਾਂ ਦਾ ਧਾਰਨੀ ਹੋ ਕੇ ਆਪਣੇ ਪਿਆਰੇ ਦੀਆਂ ਖ਼ੁਸ਼ੀਆਂ ਹਾਸਿਲ ਕਰ ਲੈਂਦਾ ਹੈ। ਭਾਈ ਗੁਰਦਾਸ ਜੀ ਦਾ ਇਕ ਬਹੁਤ ਹੀ ਪਿਆਰਾ ਬਚਨ ਹੈ ਕਿ ਮਾਨ ਸਰੋਵਰ ਉੱਤੇ ਹੰਸ ਹੁੰਦੇ ਹਨ। ਅੱਗੇ ਆਖਦੇ ਹਨ ਕਿ ਜੇਕਰ ਮਾਨਸਰ ਉੱਤੇ ਕੇਵਲ ਮੋਤੀ ਹੀ ਹੁੰਦੇ ਹਨ, ਬਾਕੀ ਦੂਜਾ ਕੁਝ ਹੋਰ ਨਹੀਂ ਤਾਂ ਇਧਰ ਵੀ ਸਾਧ ਸੰਗਤਿ ਵਿੱਚ ਕੇਵਲ ਸ਼ਬਦ ਰੂਪ ਰਤਨ ਹਨ, ਬਾਕੀ ਕੋਈ ਹੋਰ ਕਰਮ ਕਾਂਡ ਨਹੀਂ। ਮਾਨਸਰੋਵਰ 'ਤੇ ਵੱਸਣ ਵਾਲੇ ਹੰਸ ਪਾਣੀ ਅਤੇ ਦੁੱਧ ਨੂੰ ਨਿਰਵਾਰ ਭਾਵ ਵੱਖਰਾ ਵੱਖਰਾ ਕਰ ਦਿੰਦੇ ਹਨ ਤਾਂ ਇਧਰ ਵੀ ਸਾਧ ਸੰਗਤਿ ਵਿੱਚ ਜੁੜਨ ਵਾਲੇ ਪਰਮ ਹੰਸ ਭਾਵ ਜਗਿਆਸੂ ਗੁਰਮਤਿ ਅਤੇ ਦੁਰਮਤਿ ਦਾ ਨਿਰਣਾ ਕਰਕੇ ਜਿਵੇਂ ਹੰਸ ਪਾਣੀ ਛੱਡ ਦੁੱਧ ਨੂੰ ਧਾਰਨ ਕਰ ਲੈਂਦੇ ਹਨ, ਇਸੇ ਤਰ੍ਹਾਂ ਦੁਰਮਤਿ ਦਾ ਤਿਆਗ ਕਰਕੇ ਗੁਰਮਤਿ ਗ੍ਰਹਿਣ ਕਰ ਲੈਂਦੇ ਹਨ। ਅਖ਼ੀਰ ਵਿੱਚ ਭਾਈ ਸਾਹਿਬ ਜੀ ਬਹੁਤ ਹੀ ਪਿਆਰਾ ਨਿਰਣਾ ਦਿੰਦੇ ਹਨ ਕਿ ਭਾਵੇਂ ਹੰਸਾਂ ਦੀਆਂ ਕੁਲਾਂ ਦਰ ਕੁਲਾਂ, ਪੀੜ੍ਹੀਆਂ ਦਰ ਪੀੜ੍ਹੀਆਂ ਨੇ ਇਹ ਸਾਂਝ ਬਣਾਈ ਹੋਈ ਹੈ ਪਰ ਫਿਰ ਵੀ ਉਨ੍ਹਾਂ ਦੇ ਹੀ ਸਰੂਪ ਵਰਗਾ ਕੋਈ ਬਗਲਾ ਉਨ੍ਹਾਂ ਵਿਚ ਰਲ ਜਾਵੇ ਤਾਂ ਉਨ੍ਹਾਂ ਵਿਚੋਂ ਕਿਸੇ ਕੋਲ ਵੀ ਅਜਿਹੀ ਤਾਕਤ ਨਹੀਂ ਕਿ ਉਹ ਉਸ ਬਗੁਲੇ ਨੂੰ ਹੰਸ ਬਣਾ ਸਕਣ ਪਰ ਇਧਰ ਤਾਂ ਗੁਰਮੁਖਾਂ ਦੀ ਸੰਗਤ ਵਿਚ ਕੋਈ ਸਰੂਪ ਵੀ ਵੱਖਰਾ, ਬ੍ਰਿਤੀ ਵੀ ਵੱਖਰੀ ਲੈ ਕੇ ਆ ਜਾਵੇ ਤਾਂ ਉਸਨੂੰ ਵੀ ਆਪਣੇ ਵਰਗਾ ਸਰੂਪ ਵੀ ਅਤੇ ਆਪਣੇ ਵਰਗੀ ਬ੍ਰਿਤੀ ਵੀ ਬਣਾ ਦਿੰਦੇ ਹਨ। ਅਕਲ ਅਤੇ ਸ਼ਕਲ ਦੋਵੇਂ ਤਬਦੀਲ ਕਰ ਦਿੰਦੇ ਹਨ। ਭਾਵ ਕੋਈ ਮਨਮੁਖ ਜਿਹੜਾ ਰੱਬੀ ਸਰੂਪ ਦੀ ਵੀ ਬੇਅਦਬੀ ਕਰਦਾ ਹੋਵੇ ਅਤੇ ਬ੍ਰਿਤੀ ਕਰਕੇ ਵੀ ਕੂਰ ਕਿਰਿਆ ਵਿੱਚ ਉਲਝਿਆ ਹੋਵੇ ਤਾਂ ਉਸਨੂੰ ਗੁਰਮੁਖਿ ਬਣਾ ਕੇ ਨਾਮ ਬੰਦਗੀ ਦਾ ਲਾਹਾ ਲੈਣ ਵਾਲਾ ਬਣਾ ਦਿੰਦੇ ਹਨ। ਭਾਈ ਗੁਰਦਾਸ ਜੀ ਦਾ ਕਬਿਤ ਨੰਬਰ 340 ਇਹੋ ਵੀਚਾਰ ਦੱਸਦਾ ਹੈ:

ਮਾਨਸਰ ਹੰਸ, ਸਾਧਸੰਗਤਿ ਪਰਮਹੰਸ,
ਧਰਮ ਧੁਜਾ ਧਰਮਸ਼ਾਲਾ ਚਲਿ ਆਵਹੀ ॥
ਉਤ ਮੁਕਤਾਹਲ ਅਹਾਰ ਦੁਤੀਆ ਨਾਸਤਿ,
ਇਤ ਗੁਰ ਸ਼ਬਦ ਸੁਰਤਿ ਲਿਵ ਲਾਵਹੀ ॥

ਉਤ ਖੀਰ ਨੀਰ ਨਿਰਵਾਰੋ ਕੈ ਬਖਾਨੀਅਤ,
ਇਤ ਗੁਰਮਤਿ ਦੁਰਮਤਿ ਸਮਾਝਵਹੀ ॥
ਉਤ ਬਗ ਹੰਸ ਬੰਸ ਦੁਬਿਧਾ ਨ ਮੇਟਿ ਸਕੈ,
ਇਤ ਕਾਗ ਪਾਗਿ ਸਮ ਰੂਪ ਕੈ ਮਿਲਾਵਹੀ ॥

ਮੇਰੇ ਸਾਹਿਬ ਜੀ ਦਾ ਅੰਮ੍ਰਿਤ ਬਚਨ ਹੈ ਕਿ :

ਸਭਿ ਤੀਰਥ ਵਰਤ ਜਗ ਪੁੰਨ ਤੁੋਲਾਹਾ ॥
ਹਰਿ ਹਰਿ ਨਾਮ ਨ ਪੁਜਹਿ ਪੁਜਾਹਾ ॥
ਹਰਿ ਹਰਿ ਅਤੁਲੁ ਤੋਲੁ ਅਤਿ ਭਾਰੀ
ਗੁਰਮਤਿ ਜਪਿ ਉਮਾਹਾ ਰਾਮ ॥

(ਅੰਗ ੬੯੯)

ਇਸ ਲਈ ਇਹ ਕਰਮ ਕਾਂਡਾਂ ਦੀ ਕੂਰ ਕਿਰਿਆ ਤਿਆਗ ਕੇ ਹਰੀ ਦਾ ਨਾਮ ਜਪਣਾ ਹੀ ਜ਼ਿੰਦਗੀ ਦਾ ਸੱਚਾ ਲਾਹਾ ਪ੍ਰਾਪਤ ਕਰਨਾ ਹੈ। ਇਕ ਵਾਰੀ ਫਿਰ ਆਪਣੀ ਸੋਚਣ ਸ਼ਕਤੀ 'ਤੇ ਥੋੜ੍ਹਾ ਜਿਹਾ ਜ਼ੋਰ ਦੇ ਕੇ ਇਹੀ ਗੱਲ ਥੋੜ੍ਹੀ ਜਿਹੀ ਹੋਰ ਗਹਿਰਾਈ ਨਾਲ ਸਮਝਣ ਦੀ ਕੋਸ਼ਿਸ਼ ਕਰੀਏ। ਧਰਮ ਦੀ ਦੁਨੀਆਂ ਵਿੱਚ ਹਰ ਕਰਮ ਦੇ ਨਾਲ ਇਹ ਗੱਲ ਵੀ ਵੇਖੀ ਜਾਂਦੀ ਹੈ ਕਿ ਕਰਮ ਕਮਾਉਣ ਵਾਲੇ ਦੀ ਬ੍ਰਿਤੀ ਕਿਹੋ ਜਿਹੀ ਹੈ। ਕਈ ਵਾਰੀ ਕਰਮ ਬਹੁਤ ਪਵਿੱਤਰ ਹੁੰਦਾ ਹੈ ਪਰ ਬ੍ਰਿਤੀ ਚੰਗੇ ਕਰਮ ਨੂੰ ਵੀ ਮਾੜਾ ਬਣਾ ਦਿੰਦੀ ਹੈ। ਜਿਵੇਂ ਕਿਸੇ ਦੀ ਮਦਦ ਜਾਂ ਕਰਮ ਤਾਂ ਬਹੁਤ ਹੀ ਨੇਕ ਹੈ ਪਰ ਹਉਮੈ ਅਤੇ ਦਿਖਾਵੇ ਖ਼ਾਤਰ ਉਸ ਦੀ ਮਦਦ ਕਰਕੇ ਆਪ ਉੱਚਾ ਉਠਣਾ ਤੇ ਦੂਜੇ ਨੂੰ ਸਮਾਜ ਦੇ ਸਾਹਮਣੇ ਅਤਿ ਦਾ ਨੀਵਾਂ ਪ੍ਰਗਟ ਕਰਕੇ ਆਪਣੀ ਹਉਮੈ ਦੀ ਪੂਰਤੀ ਕਰਨਾ ਪੁੰਨ ਹੋ ਕੇ ਪਾਪ ਬਣ ਜਾਂਦਾ ਹੈ। ਇਸੇ ਤਰ੍ਹਾਂ ਹੋਰ ਅਨੇਕਾਂ ਕਰਮ ਹਨ। ਬ੍ਰਤ ਰੱਖਿਆਂ, ਸਾਰੀ ਦਿਹਾੜੀ ਧਿਆਨ ਇਥੇ ਹੀ ਲੱਗਿਆ ਰਿਹਾ ਕਿ ਕਦੋਂ ਸ਼ਾਮ ਦਾ ਵਕਤ ਆਵੇ ਤੇ ਮੈਂ ਰੱਜਕੇ ਭੋਜਨ ਛੱਕ ਲਵਾਂ। ਸਾਰੀ ਦਿਹਾੜੀ ਬ੍ਰਿਤੀ ਭੋਜਨ ਪ੍ਰਾਪਤੀ ਦੇ ਸਮੇਂ ਦੀਆਂ ਹੀ ਪ੍ਰਕਰਮਾਂ ਕਰਦੀ ਰਹੀ। ਪ੍ਰਮੇਸ਼ਰ ਦੀ ਤਾਂ ਇਕ ਪਲ ਵੀ ਯਾਦ ਨਾ ਆਈ। ਪਰ ਦੂਜੇ ਪਾਸੇ ਜੇਕਰ ਲੋੜ ਅਨੁਸਾਰ ਭੋਜਨ ਪ੍ਰਸ਼ਾਦ ਪਾਣੀ ਛੱਕ ਕੇ ਕੋਈ ਸਾਰੀ ਦਿਹਾੜੀ ਦੇਵਣਹਾਰ ਦਾਤਾਰ ਨਾਲ ਜੁੜਿਆ ਰਹਿੰਦਾ ਹੈ ਤਾਂ ਪਿਆਰ ਵਾਲਿਉ ! ਆਪੇ ਹੀ ਨਿਰਣਾ ਹੋ ਜਾਂਦਾ ਹੈ ਕਿ ਪ੍ਰਮੇਸ਼ਰ ਦੀ ਬਖ਼ਸ਼ਿਸ਼ ਦੇ ਕਿਹੜਾ ਪੁਰਖ ਜ਼ਿਆਦਾ ਨੇੜੇ ਹੋ ਸਕਦਾ ਹੈ।

ਧੰਨ ਗੁਰੂ ਨਾਨਕ ਸਾਹਿਬ ਜੀ ਮਹਾਰਾਜ ਦੂਜੀ ਉਦਾਸੀ ਦੇ ਸਮੇਂ ਪਸਰੂਰ ਇਕ ਅਸਥਾਨ ਦਾ ਨਾਂ ਹੈ ਜਿਥੇ ਹਜ਼ੂਰ ਜੀ ਦਾ ਇਕ ਫ਼ਕੀਰ ਨਾਲ ਮਿਲਾਪ ਹੋਇਆ।

ਹੁਣ ਸਾਹਿਬ ਜੀ ਦਾ ਮਿਲਾਪ ਅਸਲ ਵਿੱਚ ਵੀਚਾਰ ਚਰਚਾ ਹੀ ਹੁੰਦੀ ਸੀ ਅਤੇ ਵੀਚਾਰ ਚਰਚਾ ਦਾ ਵੀ ਮਕਸਦ ਕੂੜ ਕ੍ਰਿਆ ਵਿਚੋਂ ਕੱਢਕੇ ਸੱਚ ਦਾ ਪੰਥ ਦਰਸਾਉਣਾ ਹੁੰਦਾ ਸੀ। ਇਸ ਫ਼ਕੀਰ ਦਾ ਨਾਮ ਮੀਆਂ ਮਿੱਠਾ ਸੀ। ਇਨ੍ਹਾਂ ਦੀ ਵੀਚਾਰ ਦੇ ਅੱਖਰ ਬਹੁਤ ਥੋੜ੍ਹੇ ਹਨ ਪਰ ਉਪਦੇਸ਼ ਸਮੁੱਚੀ ਜ਼ਿੰਦਗੀ ਨੂੰ ਤਜਰਬੇ ਦੀ ਮਟਕੀ ਵਿੱਚ ਪਾ ਕੇ ਰਿੜਕ ਕੇ ਕੱਢਿਆ ਹੋਇਆ ਤੱਤ ਹੈ। ਮੀਆਂ ਮਿੱਠਾ ਜੀ ਨੇ ਬਚਨ ਕੀਤਾ ਸੀ ਕਿ :

ਪਹਿਲਾ ਨਾਉ ਖੁਦਾਇ ਦਾ, ਦੂਜਾ ਨਾਉ ਰਸੂਲ ॥
ਨਾਨਕ ਕਲਮਾ ਜੇ ਪੜਹਿ ਤਾਂ ਦਰਗਹ ਪਵਹਿ ਕਬੂਲ ॥

ਪਰ ਮੇਰੇ ਚੋਜੀ ਪਾਤਿਸ਼ਾਹ ਜੀ ਨੇ ਜਵਾਬ ਦਿੱਤਾ ਸੀ ਕਿ ਨਹੀਂ ਮੀਆਂ ਜੀ ਇਹ ਤਾਂ ਸੱਚ ਹੈ ਕਿ ਪਹਿਲਾ ਨਾਉ ਖ਼ੁਦਾ ਦਾ ਹੀ ਹੈ ਪਰ ਦੂਜੇ ਨੰਬਰ 'ਤੇ ਕੇਵਲ ਇਕੋ ਹਜ਼ਰਤ ਮੁਹੰਮਦ ਸਾਹਿਬ ਰਸੂਲ ਨਹੀਂ ਬਲਕਿ ਉਸ ਦੇ ਦਰ 'ਤੇ ਬੇਅੰਤ ਰਸੂਲ ਹਨ। ਅਗਲੀ ਗੱਲ ਇਹ ਹੈ ਕਿ ਕੇਵਲ ਕਲਮਾ ਪੜ੍ਹਨ ਨਾਲ ਹੀ ਨਹੀਂ ਬਲਕਿ ਨੀਅਤ ਵੀ ਰਾਸ ਕਰਕੇ ਦਰਗਾਹ ਵਿਚ ਕਬੂਲ ਹੋ ਸਕਦਾ ਹੈ :

ਪਹਿਲਾ ਨਾਉਂ ਖੁਦਾਇ ਦਾ, ਦਰ ਦਰਵਾਨ ਰਸੂਲ ॥
ਸ਼ੇਖਾ ਨੀਅਤ ਰਾਸਿ ਕਰ, ਤ ਦਰਗਾਹ ਪਵਹਿ ਕਬੂਲ ॥

ਆਖ਼ਿਰ ਵਿੱਚ ਇਸ ਨਿਰਣੇ 'ਤੇ ਪਹੁੰਚਦੇ ਹਾਂ ਕਿ ਜਿਹੜਾ ਵੀ ਪੁਰਖ ਪ੍ਰੇਮੀ ਕੂਰ ਕਿਰਿਆ ਦਾ ਤਿਆਗ ਕਰਕੇ ਸ਼ੁਭ ਗੁਣਾਂ ਦਾ ਧਾਰਨੀ ਹੋ ਜਾਂਦਾ ਹੈ ਭਾਵ ਭਾਈ ਗੁਰਦਾਸ ਜੀ ਹੋਰਾਂ ਦੇ ਦਰਸਾਏ ਇਨ੍ਹਾਂ ਗੁਣਾਂ ਨੂੰ ਗ੍ਰਹਿਣ ਕਰ ਲੈਂਦਾ ਹੈ, ਉਹ ਇਕ ਦਿਨ ਪ੍ਰਮੇਸ਼ਰ ਵਾਹਿਗੁਰੂ ਜੀ ਦਾ ਰੂਪ ਹੋ ਜਾਂਦਾ ਹੈ। ਇਹ ਸਮੁੱਚੇ ਗੁਣ ਇਨ੍ਹਾਂ ਪੰਕਤੀਆਂ ਵਿੱਚ ਅੰਕਿਤ ਹਨ, ਜਿਨ੍ਹਾਂ ਦੀ ਵਿਆਖਿਆ ਅਗਲੇ ਲੇਖਾਂ ਵਿੱਚ ਵਿਸਥਾਰ ਨਾਲ ਕੀਤੀ ਹੋਈ ਹੈ।

ਸਾਧ ਸੰਗਤਿ ਮਿਲ ਬੁਧਿ ਬਿਬੇਕ

ਮਾਇਆ ਦਾ ਸ਼ੁਰੂਆਤੀ ਦੌਰ ਬਹੁਤ ਹੀ ਮਿੱਠਾ ਹੁੰਦਾ ਹੈ। ਮਾਇਆ ਖ਼ੁਦ ਆਪ ਵੀ ਮਾਇਆ ਮਮਤਾ ਮੋਹਣੀ ਬਣਕੇ ਜੀਵ ਦੀ ਜ਼ਿੰਦਗੀ ਵਿੱਚ ਪ੍ਰਵੇਸ਼ ਕਰਦੀ ਹੈ। ਇਸ ਦੇ ਨਾਲ ਇਸ ਦਾ ਪ੍ਰੀਵਾਰ ਵੀ ਸਾਰਾ ਅਰੰਭਤਾ ਵੇਲੇ ਬਹੁਤ ਹੀ ਮਿੱਠਾ ਅਤੇ ਰਸ ਭਰਿਆ ਪਿਆਰਾ ਲੱਗਦਾ ਹੈ। ਇਹ ਭਾਵੇਂ ਵਿਕਾਰਾਂ ਦਾ ਰਸ ਹੋਵੇ ਪਰ ਜੀਵ ਨੂੰ ਬਹੁਤ ਚੰਗਾ ਲੱਗਦਾ ਹੈ। ਸਤਿਗੁਰੂ ਜੀ ਆਪ ਵੀ ਸੁਚੇਤ ਕਰਦੇ ਹਨ ਕਿ:

ਕੁਰਬਾਣੁ ਕੀਤਾ ਤਿਸੈ ਵਿਟਹੁ ਜਿਨਿ ਮੋਹੁ ਮੀਠਾ ਲਾਇਆ ॥

(ਅੰਗ ੯੧੯)

ਕੂੜ ਵੀ ਸਾਥੀ ਹੋਣ ਕਰਕੇ ਕੂੜ ਮਿਠਾ ਕੂੜ ਮਾਖਿਉ ਹੈ। ਇਨ੍ਹਾਂ ਨਾਲ ਹੀ ਪੈਦਾ ਹੋਈ ਹਉਮੈ ਤਾਂ ਇਤਨੀ ਮਿਠੀ ਹੈ ਕਿ ਗੁਰੂ ਜੀ ਆਖਦੇ ਹਨ ਕਿ ਇਸੁ ਮੀਠੀ ਤੇ ਇਹੁ ਮਨ ਹੋਰੈ॥ ਪਰ ਜਦੋਂ ਜਦੋਂ ਜੀਵ ਮਾਇਆ ਦੀ ਉਂਗਲ ਪਕੜ ਕੇ ਪ੍ਰਮੇਸ਼ਰ ਵੱਲ ਕੰਡ (ਪਿੱਠ) ਕਰਕੇ ਤੁਰ ਪੈਂਦਾ ਹੈ ਤਾਂ ਬੇਮੁਖ ਹੋਇ ਰਾਮ ਤੇ ਹੋਣ ਕਰਕੇ ਇਹ ਸਾਰੇ ਮਿਠੇ ਰਸ ਹੌਲੀ ਹੌਲੀ ਸ਼ਕਰ ਹੋਈ ਵਿਸ਼ ਵਾਂਗੂੰ ਜ਼ਹਿਰ ਬਣ ਜਾਂਦੇ ਹਨ। ਭਾਵ ਮਾਇਆ ਦਾ ਸ਼ੁਰੂਆਤੀ ਦੌਰ ਬਹੁਤ ਮਿੱਠਾ ਹੈ ਪਰ ਹੌਲੀ ਹੌਲੀ ਜਿਉਂ ਜਿਉਂ ਜੀਵ ਅੰਤ ਵੱਲ ਨੂੰ ਜਾਂਦਾ ਹੈ, ਤਿਉਂ ਤਿਉਂ ਅਤਿ ਦਾ ਕੌੜਾ ਹੋ ਜਾਂਦਾ ਹੈ। ਜਿਸਨੂੰ ਮਿੱਠਾ ਸਮਝਕੇ ਸ਼ੁਰੂ ਕੀਤਾ ਸੀ ਉਹ ਆਖ਼ਿਰ ਤੱਕ ਇਤਨਾ ਕੌੜਾ ਹੋ ਗਿਆ ਕਿ ਹਰ ਕੌੜੀ ਜ਼ਹਿਰ ਇਸਦੇ ਅੰਦਰ ਭਰ ਗਈ:

ਤੁਮੀ ਤੁਮਾ ਵਿਸੁ, ਅਕੁ ਧਤੂਰਾ ਨਿਮੁ ਫਲੁ ॥
ਮਨਿ ਮੁਖਿ ਵਸਹਿ ਤਿਸੁ ਜਿਸੁ ਤੂੰ ਚਿਤਿ ਨ ਆਵਹੀ ॥

(ਅੰਗ ੧੪੭)

ਦੂਜੇ ਪਾਸੇ ਬੰਦਗੀ ਦਾ ਸ਼ੁਰੂਆਤੀ ਦੌਰ ਪਹਿਲਾਂ ਪਹਿਲ ਇਤਨਾ ਰਸਦਾਇਕ ਨਹੀਂ ਹੁੰਦਾ ਜਿਸ ਕਰਕੇ ਉਸ ਦੀ ਅਰੰਭਤਾ ਨੂੰ ਸਿਲ ਅਲੂਣੀ ਚੱਟਣ ਬਰਾਬਰ ਆਖਿਆ ਹੈ ਪਰ ਇਕ ਦਿਨ ਜਦੋਂ ਜੀਵ ਬੰਦਗੀ ਦੇ ਰਾਹ ਪੈ ਜਾਂਦਾ ਹੈ ਤਾਂ ਇਤਨਾ ਰਸ ਨਾਲ ਭਰ ਜਾਂਦਾ ਹੈ ਕਿ ਫਿਰ ਉਸ ਦਾ ਸਭ ਕੁਝ ਹੀ ਅੰਮ੍ਰਿਤ ਬਣ ਜਾਂਦਾ ਹੈ। ਜੇ ਉਹ ਤੱਕਦਾ ਹੈ ਤਾਂ ਨੇਤਰਾਂ ਵਿਚੋਂ "ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤੁ ਬਰਸੀ" ਹੋ ਜਾਂਦਾ ਹੈ। ਜੇ ਉਹ ਬੋਲਦਾ ਹੈ ਤਾਂ "ਬਾਣੀ ਉਚਰਹਿ ਸਾਧ ਜਨ

ਅਮਿਉ ਚਲਹਿ ਝਰਣੈ" ਬਣ ਜਾਂਦਾ ਹੈ। ਭਾਵ ਅੰਮ੍ਰਿਤ ਰੂਪ ਹੀ ਹੋ ਜਾਂਦਾ ਹੈ। ਵੀਚਾਰ ਦਾ ਸਾਰ ਇਹ ਹੈ ਕਿ ਮਾਇਆ ਦੀ ਸ਼ੁਰੂਆਤ ਬਹੁਤ ਮਿੱਠੀ ਪਰ ਅੰਤ ਬਹੁਤ ਕੌੜਾ ਹੈ। ਦੂਜੇ ਪਾਸੇ ਬੰਦਗੀ ਦੀ ਸ਼ੁਰੂਆਤ ਬੇਸੁਆਦੀ ਪਰ ਅੰਤ ਬਹੁਤ ਹੀ ਮਿੱਠਾ ਹੈ, ਜਿਸ ਕਰਕੇ ਜੀਵ ਵਿਚਾਰਾ ਨਿਰਣਾ ਨਹੀਂ ਕਰ ਪਾਉਂਦਾ। ਪੇਖੰਦੜੋ ਕੀ ਭੁੱਲ ਦੇ ਕਾਰਨ ਅਕਸਰ ਬੰਦਗੀ ਦਾ ਰਾਹ ਛੱਡਕੇ ਮਾਇਆ ਦੇ ਰਸਤੇ ਤੁਰ ਪੈਂਦਾ ਹੈ। ਜੀਵ ਕੋਲ ਮਤਿ ਤਾਂ ਹੈ ਪਰ ਗਹਿਰੇ ਨਿਰਣੇ ਕਰ ਲੈਣ ਵਾਲੀ ਮਤਿ ਨਹੀਂ ਹੁੰਦੀ, ਤਦ ਹੀ ਜਿਹੜਾ ਸਤਿਗੁਰੂ ਜੀ ਦੀ ਸੰਗਤਿ ਵਿੱਚ ਆ ਜਾਂਦਾ ਹੈ ਤਾਂ ਸਹਿਜੇ ਸਹਿਜੇ ਉਸ ਦੇ ਅੰਦਰ ਸ਼ੁਭ ਗੁਣਾਂ ਦਾ ਵਾਸਾ ਹੀ ਨਹੀਂ ਹੁੰਦਾ ਸਗੋਂ ਅਵਗੁਣ ਵੀ ਖ਼ਤਮ ਹੋਣ ਲੱਗ ਪੈਂਦੇ ਹਨ :

ਊਤਮ ਸੰਗਤਿ ਊਤਮੁ ਹੋਵੈ ॥ ਗੁਣ ਕਉ ਧਾਵੈ ਅਵਗਣ ਧੋਵੈ ॥

(ਅੰਗ ੪੧੪)

ਇਕ ਵਾਰੀ ਇਕ ਲੜਕਾ ਬੜੀ ਤੇਜ਼ੀ ਨਾਲ ਆਇਆ, ਗੁਰੂ ਘਰ ਨਮਸਕਾਰ ਕਰਕੇ ਜਲਦੀ ਨਾਲ ਜੋੜੇ ਸਾਫ਼ ਕਰਨ ਲੱਗ ਪਿਆ। ਜੋ ਕੁਝ ਜੋੜੇ ਖ਼ਾਨੇ ਵਿੱਚ ਬਾਕੀ ਗੁਰਮੁਖ ਜਨ ਕਰਦੇ ਸਨ ਉਹ ਵੀ ਉਸੇ ਤਰ੍ਹਾਂ ਕਰਦਾ ਰਿਹਾ। ਥੋੜ੍ਹੇ ਸਮੇਂ ਮਗਰੋਂ ਹੀ ਸਮਾਪਤੀ ਹੋਈ। ਕੜਾਹ ਪ੍ਰਸ਼ਾਦ ਦੀ ਦੇਗ ਦਾ ਖੁੱਲ੍ਹਾ ਗੱਫਾ ਛਕਣ ਲਈ ਮਿਲਿਆ। ਫਿਰ ਪ੍ਰਸ਼ਾਦਾ ਪਾਣੀ ਨਸੀਬ ਹੋਇਆ ਬੜੇ ਹੀ ਪਿਆਰ ਨਾਲ। ਜੋੜੇ ਖ਼ਾਨੇ ਵਿੱਚ ਬਾਕੀ ਗੁਰਮੁਖ ਸੇਵਾ ਕਰਦੇ ਸਨ ਉਨ੍ਹਾਂ ਨੇ ਪਿਆਰ ਨਾਲ ਆਖਿਆ ਕਿ ਕਾਕਾ ਤੇਰੀ ਬੜੀ ਲਗਨ ਹੈ। ਤੂੰ ਹਰ ਰੋਜ਼ ਆਇਆ ਕਰ। ਜਿਸ ਪ੍ਰੀਵਾਰ ਦਾ ਲੰਗਰ ਅੱਜ ਗੁਰੂ ਘਰ ਵਿਚ ਸੇਵਾ ਵਜੋਂ ਸੀ, ਉਹ ਵੀ ਜਾਣ ਲੱਗੇ ਕੁਝ ਸੇਵਾ ਇਸ ਨੌਜੁਆਨ ਦੀ ਕਰ ਗਏ। ਇਤਨੇ ਪਿਆਰ ਨੇ ਫਿਰ ਦੂਜੇ ਦਿਨ, ਤੀਜੇ ਦਿਨ, ਆਖ਼ਿਰਕਾਰ ਹਰ ਰੋਜ਼ ਦੀ ਰੁਟੀਨ ਬਣ ਗਈ। ਇਥੇ ਹੀ ਇਕ ਹੋਰ ਗੁਰਮੁਖ ਪ੍ਰੀਵਾਰ ਵੀ ਆਉਂਦਾ ਸੀ। ਉਸਨੇ ਹਰ ਰੋਜ਼ ਨੌਜੁਆਨ ਦੀ ਸੇਵਾ ਵੇਖਕੇ ਇਕ ਦਿਨ ਸੰਗਤ ਵਿਚੋਂ ਹੀ ਦੋ ਚਾਰ ਹੋਰ ਪ੍ਰੇਮੀਆਂ ਨਾਲ ਗੱਲਬਾਤ ਕਰਕੇ ਉਸ ਦੀ ਪੱਕੇ ਤੌਰ 'ਤੇ ਸੇਵਾ ਲਗਾ ਦਿੱਤੀ। ਸੱਚੀ ਲਗਨ ਨੇ ਹੋਰ ਭਰੋਸਾ ਬਣਾ ਦਿੱਤਾ। ਅੱਜ ਇਸ ਨੌਜੁਆਨ ਨੇ ਖਾਲਸੇ ਦੇ ਪ੍ਰਕਾਸ਼ ਦਿਵਸ ਦੀ ਸਾਰੀ ਕਥਾ ਵੀ ਸੁਣੀ ਅਤੇ ਨਾਲ ਹੀ ਸੰਗਤ ਦਾ ਉਮਾਹ ਉਤਸ਼ਾਹ ਵੇਖਕੇ ਆਪ ਵੀ ਅੰਮ੍ਰਿਤਧਾਰੀ ਹੋ ਗਿਆ। ਹੁਣ ਹਰ ਕੋਈ ਗਲਵੱਕੜੀਆਂ ਪਾਵੇ, ਪਿਆਰ੍ਹ ਦੇਵੇ, ਪਰ ਹੈਰਾਨੀ ਦੀ ਇਹ ਗੱਲ ਕਿ ਅੱਜ ਇਹ ਨੌਜੁਆਨ ਰੋਂਦਾ ਚੁੱਪ ਨਾ ਕਰੇ। ਪਹਿਲਾਂ ਪਹਿਲ ਸੋਚਿਆ ਕਿ ਪ੍ਰੇਮ ਵੈਰਾਗ ਹੋਵੇਗਾ, ਪਰ ਜਦੋਂ ਰੋਣਾ ਕਾਫ਼ੀ ਲੰਮਾ ਹੋ ਗਿਆ ਤਾਂ ਕੁਝ ਗੁਰਮੁਖਾਂ ਨੇ ਬਿਠਾ ਕੇ ਪੁੱਛਿਆ ਕਿ ਕਾਰਨ ਕੀ ਹੈ ? ਤਾਂ ਨੌਜੁਆਨ ਨੇ ਆਪਣੇ ਆਪ ਨੂੰ ਸੰਭਾਲ ਕੇ ਪਹਿਲਾ

ਸੁਆਲ ਹੀ ਇਹ ਕੀਤਾ ਕਿ ਪਹਿਲਾਂ ਵਾਅਦਾ ਕਰੋ ਕਿ ਮੈਨੂੰ ਨਫ਼ਰਤ ਨਹੀਂ ਕਰੋਗੇ। ਸਾਰਿਆਂ ਕਿਹਾ ਕਿ ਭਾਈ, ਇਹ ਤਾਂ ਘਰ ਹੀ ਪਿਆਰ ਕਰਨ ਵਾਲਿਆਂ ਦਾ ਹੈ ਫਿਰ ਨਫ਼ਰਤ ਕਿਉਂ ਕਰਾਂਗੇ ? ਤਾਂ ਅੱਜ ਇਸ ਜੁਆਨ ਨੇ ਕਿਹਾ ਕਿ ਮੇਰੀ ਮਾਂ ਨਿੱਕੇ ਹੁੰਦੇ ਦੀ ਮਰ ਗਈ, ਪਿਤਾ ਸ਼ਰਾਬੀ ਸੀ, ਉਹ ਵੀ ਬਹੁਤ ਹੀ ਕੁੱਟਦਾ ਮਾਰਦਾ ਸੀ ਕਿ ਤੂੰ ਮੇਰਾ ਘਰ ਉਜਾੜ ਦਿੱਤਾ ਹੈ। ਮੈਂ ਦਰ ਦਰ ਦੀਆਂ ਠੋਕਰਾਂ ਖਾਂਦਾ ਸੀ। ਜਿਸ ਦਿਨ ਮੈਂ ਭੱਜ ਕੇ ਗੁਰਦੁਆਰੇ ਆਇਆ ਸੀ ਤਾਂ ਉਸ ਦਿਨ ਅਸਲ ਵਿਚ ਮੈਂ ਦੋ ਦਿਨਾਂ ਦਾ ਭੁੱਖਾ ਸਾਂ। ਇਸ ਗਲੀ ਵਿਚੋਂ ਲੰਘਿਆ ਤਾਂ ਇਕ ਮਾਤਾ ਕੁਝ ਬਰੈੱਡ ਤੇ ਹੋਰ ਸਮਾਨ ਇਕ ਰੇਹੜੀ ਵਾਲੇ ਕੋਲੋਂ ਖ਼ਰੀਦ ਰਹੀ ਸੀ, ਮੇਰੀ ਭੁੱਖ ਨੇ ਮਜਬੂਰ ਕੀਤਾ, ਮੈਂ ਉਸ ਕੋਲੋਂ ਬ੍ਰੈੱਡ ਖੋਹ ਕੇ ਦੌੜ ਆਇਆ। ਪਰ ਦੋ ਤਿੰਨ ਬੰਦੇ ਮੇਰੇ ਮਗਰ ਰੌਲਾ ਪੈਣ ਕਰਕੇ ਦੌੜ ਆਏ। ਮੇਰੇ ਕੋਲੋਂ ਸਭ ਕੁਝ ਡਿਗ ਪਿਆ ਅਤੇ ਭੁੱਖ ਦੇ ਕਾਰਨ ਹੋਰ ਭੱਜ ਵੀ ਨਾ ਹੋਇਆ ਕਿ ਮੈਨੂੰ ਗੁਰੂ ਘਰ ਦਿਸ ਗਿਆ। ਜੋੜੇਖ਼ਾਨੇ ਵਿੱਚ ਹੀ ਭੀੜ ਦੇਖ ਕੇ ਮੈਂ ਇਥੇ ਹੀ ਜਿਵੇਂ ਬਾਕੀ ਕਰਦੇ ਸਨ, ਮੈਂ ਵੀ ਕਰਨ ਲੱਗ ਪਿਆ। ਸਿਰ 'ਤੇ ਪਟਕਾ ਬੰਨ੍ਹਣ ਕਾਰਨ ਮੈਂ ਪਹਿਚਾਣ ਵਿੱਚ ਵੀ ਨਾ ਆਇਆ। ਉਸ ਦਿਨ ਮੇਰਾ ਪਰਦਾ ਹੀ ਨਹੀਂ ਕੱਜਿਆ ਗਿਆ ਬਲਕਿ ਉਸ ਦਿਨ ਤੋਂ ਮੈਂ ਸਭ ਤੋਂ ਚੰਗਾ ਸੁਆਦਿਸ਼ਟ ਪ੍ਰਸ਼ਾਦ ਪਾਣੀ ਪਹਿਲੀ ਵਾਰੀ ਪੂਰਾ ਰੱਜਕੇ ਖਾਧਾ। ਮੈਨੂੰ ਜੋੜੇਖ਼ਾਨੇ ਵਿਚੋਂ ਹੀ ਫਾਲਤੂ ਪਈ ਜੁੱਤੀ ਵੀ ਮਿਲ ਗਈ। ਲੰਗਰ ਵਾਲੇ ਸੇਵਾ ਵੀ ਕਰ ਗਏ। ਇਕੋ ਹੀ ਦਿਨ ਵਿੱਚ ਇਤਨਾ ਕੁਝ ਮਿਲ ਗਿਆ, ਮੈਂ ਸੋਚ ਵੀ ਨਹੀਂ ਸਕਦਾ ਕਿ ਅੱਗੇ ਵੀ ਜੁੱਤੀਆਂ ਮਿਲੀਆਂ ਪਰ ਮਾਰ ਖ਼ਾਤਰ ਹੀ ਮਿਲੀਆਂ। ਅੱਗੇ ਵੀ ਹੱਥ ਉੱਠੇ ਪਰ ਮਾਰਨ ਵਾਸਤੇ ਹੀ ਉੱਠੇ ਪਰ ਇਥੇ ਪਹਿਲੀ ਵਾਰੀ ਕਿਸੇ ਨੇ ਸੀਸ 'ਤੇ ਅਸੀਸਾਂ ਭਰੇ ਹੱਥ ਰੱਖੇ। ਇਥੋਂ ਹੀ ਰੋਜ਼ ਦੀ ਸੇਵਾ ਨੇ ਕੇਵਲ ਨੌਕਰੀ (ਸੇਵਾ) ਹੀ ਨਹੀਂ ਦਿੱਤੀ ਬਲਕਿ ਅੱਜ ਮੈਨੂੰ ਅੰਮ੍ਰਿਤ ਦੀ ਦਾਤ ਵੀ ਨਸੀਬ ਹੋ ਗਈ। ਹੁਣ ਮੈਂ ਰੋਂਦਾ ਇਸ ਗੱਲ ਤੋਂ ਸਾਂ ਕਿ ਹੇ ਗੁਰੂ ਜੀ ! ਮੇਰੇ ਵਰਗੇ ਚੋਰ, ਲਫੰਗੇ ਅਤੇ ਭੁੱਖ ਦੇ ਮਾਰੇ ਨੂੰ ਤੂੰ ਆਪਣੇ ਚਰਨਾਂ ਵਿੱਚ ਜੋੜ ਕੇ ਅੱਜ ਕੀ ਦਾ ਕੀ ਬਣਾ ਦਿੱਤਾ ਹੈ। ਮੈਂ ਪਹਿਲੀ ਵਾਰੀ ਕਿਸੇ ਦੀ ਗਲਵੱਕੜੀ ਦਾ ਕੀ ਸੁੱਖ ਹੁੰਦਾ ਹੈ, ਉਹ ਮਾਣਿਆ ਹੈ ਤਾਂ ਕਰਕੇ ਮੇਰਾ ਅੰਦਰ ਦੁਹਾਈਆਂ ਦਿੰਦਾ ਹੈ ਕਿ ਮੈਂ ਪਹਿਲਾਂ ਹੀ ਕਿਉਂ ਨਾ ਤੇਰੇ ਦਰ 'ਤੇ ਆ ਗਿਆ ? ਮੈਂ ਕਿਉਂ ਭੁੱਲਾ ਭਟਕਦਾ ਰਿਹਾ ? ਸਾਰੀ ਸੰਗਤਿ ਨੇ ਇਹ ਵੀਚਾਰ ਸੁਣਕੇ ਜਿਥੇ ਆਪੋ ਆਪਣੇ ਨੇਤਰ ਭਿੱਜੇ ਮਹਿਸੂਸ ਕੀਤੇ, ਉਥੇ ਹਰ ਇਕ ਦੀ ਜ਼ੁਬਾਨ 'ਤੇ ਇਹ ਬਚਨ ਸਨ ਕਿ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਅਤੇ ਧੰਨ ਆਪ ਦੀ ਪਵਿੱਤਰ ਬਾਣੀ ਅਤੇ ਧੰਨ ਧੰਨ ਆਪ ਜੀ ਦੀ ਸੰਗਤ ਹੈ ਜਿਹੜੀ ਚੁੱਪ ਚੁਪੀਤੇ ਹੀ ਆਪ ਜੀ ਦੀਆਂ ਬਖ਼ਸ਼ਿਸ਼ਾਂ

ਨਾਲ ਕਈਆਂ ਦਾ ਜੀਵਨ ਸਵਰਗ ਬਣਾ ਦਿੰਦੀ ਹੈ। ਸੰਗਤ ਵਿਚੋਂ ਕਈ ਹੋਰਾਂ ਨੇ ਵੀ ਸੁਣਕੇ ਇਸ ਨੌਜੁਆਨ ਨੂੰ ਪਿਆਰ ਦਿੱਤਾ ਅਤੇ ਆਖਿਆ ਭਲਿਆ! ਹੁਣ ਤੂੰ ਸਾਡਾ ਭਰਾ ਹੈਂ, ਸੰਗਤਿ ਦਾ ਬੱਚਾ ਹੈਂ। ਕਦੇ ਆਪਣੇ ਆਪ ਨੂੰ ਮਾੜਾ ਮਹਿਸੂਸ ਨਹੀਂ ਕਰਨਾ ਬਲਕਿ ਹਰ ਵਕਤ ਬਾਣੀ ਪੜ੍ਹਕੇ ਚੜ੍ਹਦੀ ਕਲਾ ਵਿੱਚ ਰਹਿਣਾ ਹੈ।

ਗੁਰੂ ਜੀ ਵਲੋਂ ਬਖ਼ਸ਼ੀ ਬਿਬੇਕ ਬੁਧਿ ਦਾ ਧਾਰਨੀ ਕਦੇ ਵੀ ਆਪਣੀਆਂ ਅੱਖਾਂ ਨਾਲ ਦਿਸਦੀ ਮਾਇਆ ਨਗਰੀ ਵੱਲ ਵੇਖਕੇ ਕੋਈ ਕਰਮ ਨਹੀਂ ਕਰਦਾ ਬਲਕਿ ਦਿਬ ਦ੍ਰਿਸ਼ਟੀ ਦਾ ਧਾਰਨੀ ਹੋ ਕੇ ਲੰਮੀ ਨਦਰਿ ਨਿਹਾਲ ਉਹੋ ਕੁਝ ਕਰਦਾ ਹੈ ਜਿਸ ਨਾਲ ਸਾਈਂ ਦੀ ਖ਼ੁਸ਼ੀ ਪ੍ਰਾਪਤ ਹੋ ਸਕੇ। ਮੇਰਾ ਸਾਹਿਬ ਵੀ ਬਖ਼ਸ਼ਿਸ਼ਾਂ ਦੀ ਝੜੀ ਲਗਾ ਦਿੰਦਾ ਹੈ। ਅੰਮ੍ਰਿਤ ਬਚਨ ਹੈ ਕਿ:

ਦਇਆ ਕਰਣੰ ਦੁਖ ਹਰਣੰ ਉਚਰਣੰ ਨਾਮ ਕੀਰਤਨਹ ॥
ਦਇਆਲ ਪੁਰਖ ਭਗਵਾਨਹ ਨਾਨਕ ਲਿਪਤ ਨ ਮਾਇਆ ॥

(ਅੰਗ ੭੦੯)

ਜਾਂ ਫਿਰ

ਰਸਨਾ ਉਚਰੰਤਿ ਨਾਮੰ ਸ੍ਰਵਣੰ ਸੁਨੰਤਿ ਸਬਦ ਅੰਮ੍ਰਿਤਹ ॥
ਨਾਨਕ ਤਿਨ ਸਦ ਬਲਿਹਾਰੰ ਜਿਨਾ ਧਿਆਨੁ ਪਾਰਬ੍ਰਹਮਣਹ ॥੧॥
ਹਭਿ ਕੂੜਾਵੇ ਕੰਮ ਇਕਸੁ ਸਾਈ ਬਾਹਰੇ ॥
ਨਾਨਕ ਸੇਈ ਧੰਨੁ ਜਿਨਾ ਪਿਰਹੜੀ ਸਚ ਸਿਉ ॥੨॥

(ਅੰਗ ੭੦੯)

ਜਿਹੜੀਆਂ ਗੁਰੂ ਪਿਆਰ ਵਿੱਚ ਭਿਜੀਆਂ ਰੂਹਾਂ ਆਪਣੀ ਰਸਨਾ ਤੋਂ ਨਾਮ ਉਚਾਰ ਉਚਾਰ ਕੇ, ਕੰਨਾਂ ਨਾਲ ਸੁਣ ਸੁਣ ਕੇ ਫਿਰ ਅੰਦਰ ਪਾਰਬ੍ਰਹਮ ਦਾ ਧਿਆਨ ਪੱਕਾ ਕਰ ਲੈਂਦੀਆਂ ਹਨ, ਉਨ੍ਹਾਂ ਦੀ ਪ੍ਰੀਤ ਕੇਵਲ ਸੱਚੇ ਨਾਲ ਲੱਗ ਜਾਣ ਕਰਕੇ ਦੁਨੀਆਂ ਦੇ ਬਾਕੀ ਈਰਖਾ, ਦ੍ਵੈਖ, ਨਿੰਦਾ ਚੁਗਲੀ ਇਹ ਸਭ ਕੰਮ ਕੂੜਾਵੇ ਹੋ ਜਾਂਦੇ ਹਨ। ਇਕੋ ਸਾਈਂ ਦੀ ਯਾਦ ਸਭ ਤੋਂ ਉੱਤਮ ਕਰਮ ਹੁੰਦਾ ਹੈ। ਨਿਰੰਕਾਰ ਵੀ ਫਿਰ ਆਪਣੇ ਪਿਆਰਿਆਂ ਤੋਂ ਵਾਰਨੇ ਬਲਿਹਾਰਨੇ ਜਾਂਦੇ ਹਨ। ਅਜਿਹੇ ਪੁਰਖ ਆਪ ਤਾਂ ਜੁੜੇ ਹੋਏ ਹੁੰਦੇ ਹਨ, ਹੋਰਾਂ ਨੂੰ ਵੀ ਸਾਦੇ ਜਿਹੇ ਢੰਗ ਨਾਲ ਜੋੜ ਲੈਂਦੇ ਹਨ।

ਇਕ ਵਾਰੀ ਇਕ ਪ੍ਰੀਵਾਰ ਦੁਨੀਆਂ ਦੀਆਂ ਸਹੂਲਤਾਂ ਤੋਂ ਹਰ ਪੱਖ ਨਾਲ ਸੁੱਖੀ ਨਜ਼ਰ ਆਉਂਦਾ ਸੀ ਪਰ ਅੰਦਰੋਂ ਅੰਦਰੀ "ਗੁਝੀ ਭਾਹਿ ਜਲੈ ਸੰਸਾਰਾ" ਵਾਂਗੂੰ ਇਨ੍ਹਾਂ ਦੇ ਘਰ ਵੀ ਬਹੁਤ ਕਲੇਸ਼ ਹੁੰਦਾ ਸੀ। ਬਸ ਇਕ 'ਭੁਗਤ ਨ ਬਿਆਪੈ ਮਾਇਆ' ਵਾਂਗ ਇਨ੍ਹਾਂ ਦਾ ਇਕ ਪੁੱਤਰ ਉਹ ਹੀ ਹਰ ਵਕਤ ਖ਼ੁਸ਼ ਰਹਿੰਦਾ ਸੀ। ਕਲੇਸ਼ ਦਾ

ਪ੍ਰਮੁੱਖ ਕਾਰਨ ਅਸਲ ਵਿਚ ਇਹ ਸੀ ਕਿ ਘਰ ਵਾਲੇ ਸਾਰੇ ਬੜੀ ਲਗਨ ਨਾਲ ਕੰਮ ਕਾਰ ਕਰਦੇ ਪਰ ਜਦੋਂ ਸ਼ਾਮ ਹੁੰਦੀ ਤਾਂ ਘਰ ਦਾ ਮੁਖੀਆ ਸ਼ਰਾਬ ਪੀ ਕੇ ਘਰ ਵਿੱਚ ਆ ਕੇ ਘਰ ਵਾਲੀ ਦੀ ਕੁੱਟ ਮਾਰ ਕਰਦਾ ਅਤੇ ਬਾਕੀਆਂ ਲਈ ਵੀ ਮੰਦੇ ਬਚਨ ਬੋਲਦਾ। ਘਰ ਵਿੱਚ ਹਰ ਸੁੱਖ ਸਹੂਲਤ ਹੋਣ ਦੇ ਬਾਵਜੂਦ ਵੀ ਘਰ ਨਰਕ ਬਣਿਆ ਪਿਆ ਸੀ। ਇਸ ਪ੍ਰੀਵਾਰ ਵਿਚੋਂ ਜਿਹੜਾ ਇਕੋ ਬੱਚਾ ਨਿਵੇਕਲੀ ਬ੍ਰਿਤੀ ਦਾ ਮਾਲਿਕ ਹੋਣ ਕਰਕੇ ਉਸ ਦਾ ਹਰ ਰੋਜ਼ ਦਾ ਕਰਮ ਸੀ ਸਵੇਰੇ ਸ਼ਾਮ ਗੁਰੂ ਘਰ ਜਾਣਾ, ਕਥਾ ਕੀਰਤਨ ਸੁਣਨਾ, ਸੇਵਾ ਸਿਮਰਨ ਕਰਨਾ ਅਤੇ ਦਿਨੇ ਕੰਮ 'ਤੇ ਵੀ ਆਪਣੇ ਟੇਪ ਵਿਚ ਕੋਈ ਨਾ ਕੋਈ ਧਾਰਮਿਕ ਕੈਸਿਟ ਲਾ ਕੇ ਸੁਣਦੇ ਰਹਿਣਾ। ਘਰ ਵਿੱਚ ਰੋਜ਼ ਦੇ ਕਲੇਸ਼ ਨੇ ਜਦੋਂ ਇੰਤਹਾ ਕਰ ਦਿੱਤੀ ਤਾਂ ਇਸਨੂੰ ਇਕ ਵੀਚਾਰ ਆਈ। ਮਾਤਾ ਪਿਤਾ ਤੇ ਬਾਕੀ ਪ੍ਰੀਵਾਰ ਦੇ ਮੈਂਬਰਾਂ ਨੂੰ ਕਹਿਣ ਲੱਗਾ ਕਿ ਕੰਮ ਕਾਰ ਛੱਡੋ ਅੱਜ ਕਿਧਰੇ ਘੁੰਮਣ ਫਿਰਨ ਚੱਲਦੇ ਹਾਂ। ਰਾਤ ਦਾ ਖਾਣਾ ਵੀ ਕਿਧਰੇ ਬਾਹਰ ਹੀ ਛੱਕ ਲਵਾਂਗੇ। ਮੈਨੂੰ ਅੱਜ ਬਹੁਤ ਜ਼ਰੂਰੀ ਕੰਮ ਹੈ। ਮੇਰੀ ਟੇਪ ਖ਼ਰਾਬ ਹੋ ਗਈ ਹੈ, ਮੈਂ ਇਸਨੂੰ ਠੀਕ ਕਰਵਾਉਣਾ ਹੈ, ਇਸ ਲਈ ਆਪਾਂ ਸਾਰੇ ਹੀ ਚੱਲਦੇ ਹਾਂ। ਘਰ ਵਿਚ ਇਸ ਦਾ ਵੱਖਰਾ ਜਿਹਾ ਪਿਆਰ ਹੋਣ ਕਰਕੇ ਇਸ ਗੁਰਮੁਖ ਨੂੰ ਕਿਸੇ ਜਵਾਬ ਵੀ ਨਾ ਦਿੱਤਾ ਅਤੇ ਸਾਰੇ ਤਿਆਰ ਹੋ ਕੇ ਬਜ਼ਾਰ ਚਲੇ ਗਏ। ਪਹਿਲਾਂ ਮਿਊਜ਼ਿਕ ਦੀ ਅਤੇ ਇਲੈਕਟ੍ਰੋਨਿਕ ਦੀ ਦੁਕਾਨ 'ਤੇ ਗਏ ਅਤੇ ਜਾ ਕੇ ਗੁਰਮੁਖ ਨੇ ਕਿਹਾ ਕਿ ਭਾਈ ਮੈਂ ਇਹ ਟੇਪ ਆਪ ਜੀ ਕੋਲੋਂ ਕੁਝ ਸਮਾਂ ਪਹਿਲਾਂ ਖ਼ਰੀਦੀ ਸੀ ਪਰ ਹੁਣ ਇਹ ਥੋੜ੍ਹੀ ਪ੍ਰੇਸ਼ਾਨ ਕਰਨ ਲੱਗ ਪਈ ਹੈ। ਤੁਸੀਂ ਚੈੱਕ ਕਰ ਲਵੋ, ਇਸ ਦੀ ਰਿਕਾਰਡਿੰਗ ਵਿੱਚ ਨੁਕਸ ਹੈ। ਕਾਰੀਗਰ ਨੇ ਉਸੇ ਵਕਤ ਚੈੱਕ ਕੀਤੀ ਤੇ ਕਹਿਣ ਲੱਗਾ ਕਿ ਇਹ ਤਾਂ ਬਿਲਕੁਲ ਠੀਕ ਹੈ। ਬਹੁਤ ਸੋਹਣੀ ਸਾਫ਼ ਰਿਕਾਰਡ ਕਰਦੀ ਹੈ। ਗੁਰਮੁਖ ਸੱਜਣ ਨੇ ਫਿਰ ਕਿਹਾ ਰਿਕਾਰਡ ਤਾਂ ਸਾਫ਼ ਕਰਦੀ ਹੈ ਪਰ ਜੋ ਰਿਕਾਰਡ ਕਰਦੀ ਹੈ ਉਹ ਬੋਲਦੀ ਹੈ, ਜੋ ਮੈਂ ਕਹਿੰਦਾ ਹਾਂ ਉਹ ਨਹੀਂ ਬੋਲਦੀ। ਸਾਰੀ ਦੁਕਾਨ ਦੇ ਕਰਮਚਾਰੀ ਅਤੇ ਬਾਕੀ ਗਾਹਕ ਵੀ ਗੱਲ ਸੁਣਕੇ ਹੱਸਣ ਲੱਗ ਪਏ। ਸਾਰਿਆਂ ਸਮਝਾਇਆ ਕਿ ਬੇਟੇ, ਇਹ ਜੋ ਰਿਕਾਰਡ ਕਰਦੀ ਹੈ ਉਹੋ ਹੀ ਬੋਲਦੀ ਹੈ, ਇਹ ਕੋਈ ਨੁਕਸ ਨਹੀਂ, ਇਹ ਤਾਂ ਸਗੋਂ ਬਿਲਕੁਲ ਠੀਕ ਹੈ। ਸਾਰਾ ਪ੍ਰੀਵਾਰ ਦੁਕਾਨ ਤੋਂ ਆ ਗਿਆ। ਬੱਚੇ ਨੂੰ ਬਾਹਰ ਆ ਕੇ ਕਹਿਣ ਲੱਗੇ ਕਿ ਤੈਨੂੰ ਇਤਨੀ ਅਕਲ ਵੀ ਨਹੀਂ ਕਿ ਜੋ ਕੁਝ ਇਹ ਰਿਕਾਰਡ ਕਰੇਗੀ ਉਹੋ ਕੁਝ ਹੀ ਬੋਲੇਗੀ। ਅੱਜ ਤੂੰ ਕਿਤਨੀ ਵੱਡੀ ਮੂਰਖਤਾਈ ਕੀਤੀ ਹੈ। ਹੁਣ ਤੱਕ ਬੱਚਾ ਚੁਪ ਚੁਪੀਤਾ ਸਭ ਕੁਝ ਸੁਣ ਰਿਹਾ ਸੀ ਪਰ ਹੁਣ ਬੜੀ ਹੀ ਗੰਭੀਰਤਾ ਨਾਲ ਕਹਿਣ ਲੱਗਾ ਕਿ ਮੈਂ ਤਾਂ ਅੱਜ ਹੀ ਮੂਰਖਤਾਈ ਕੀਤੀ ਹੈ ਪਰ ਤੁਸੀਂ ਹਰ ਰੋਜ਼ ਕਰਦੇ ਹੋ। ਤੁਸੀਂ

ਜੇਕਰ ਸਵੇਰੇ ਸ਼ਾਮ ਸੰਗਤਿ ਵਿਚ ਜਾ ਕੇ ਆਪਣੇ ਕੰਨਾਂ ਰਾਹੀਂ ਮਾਲਿਕ ਪ੍ਰਮੇਸ਼ਰ ਦੇ ਗੁਣਾਂ ਨੂੰ ਅੰਦਰ ਧਾਰਨ ਕਰ ਲਵੋ ਤਾਂ ਸੁਆਲ ਨਹੀਂ ਪੈਦਾ ਹੁੰਦਾ ਕਿ ਤੁਸੀਂ ਮਾੜੇ ਬਚਨ ਬੋਲੋ। ਹਰ ਰੋਜ਼ ਦੇ ਕਲੇਸ਼ ਨੇ ਘਰ ਨੂੰ ਨਰਕ ਬਣਾ ਕੇ ਰੱਖ ਦਿੱਤਾ ਹੈ। ਮੈਂ ਬੱਸ ਇਹੋ ਹੀ ਸਮਝਾਉਣਾ ਚਾਹੁੰਦਾ ਸੀ। ਪ੍ਰੀਵਾਰ ਨੂੰ ਅੱਜ ਪਹਿਲੀ ਵਾਰੀ ਆਪੋ ਆਪਣੀ ਗ਼ਲਤੀ ਦਾ ਅਹਿਸਾਸ ਹੋਇਆ ਕਿ ਗੱਲ ਬਿਲਕੁਲ ਠੀਕ ਹੈ। ਅਸਾਂ ਆਪਣੇ ਘਰ ਨੂੰ ਆਪ ਹੀ ਨਰਕ ਬਣਾਇਆ ਹੋਇਆ ਹੈ। ਅੱਜ ਸਾਰੇ ਗੁਰੂ ਘਰ ਮੱਥਾ ਟੇਕਣ ਲਈ ਚਲੇ ਗਏ ਤਾਂ ਉਥੇ ਵੀ ਕਥਾ ਵੀਚਾਰ ਚੱਲ ਰਹੀ ਸੀ ਕਿ ਮਨੁੱਖ ਉਹੋ ਕੁਝ ਮੁਖੋਂ ਬੋਲਦਾ ਹੈ ਜੋ ਕੰਨਾਂ ਨਾਲ ਸੁਣਦਾ ਹੈ। ਇਸ ਲਈ ਹਰ ਰੋਜ਼ ਦੀ ਸੰਗਤਿ ਕਰਨ ਨਾਲ ਅੰਦਰ ਹੀ ਅੰਮ੍ਰਿਤ ਬਚਨਾਂ ਨਾਲ ਭਰ ਜਾਣ ਕਰਕੇ ਰਸਨਾ ਅੰਮ੍ਰਿਤ ਵਾਂਗ ਮਿੱਠਾ ਬੋਲਦੀ ਹੈ। ਪ੍ਰੀਵਾਰ ਦੇ ਮੈਂਬਰਾਂ ਦੇ ਅਜਿਹੇ ਪੂਰਬਲੇ ਅੰਕੁਰ ਜਾਗੇ ਕਿ ਇਕ ਦਿਨ ਦੀ ਹੀ ਸੰਗਤਿ ਨੇ ਬਿਬੇਕ ਬੁਧਿ ਪ੍ਰਕਾਸ਼ ਕਰ ਦਿੱਤੀ। ਹਰ ਰੋਜ਼ ਗੁਰੂ ਕੀ ਸੰਗਤਿ ਵਿੱਚ ਆਉਣ ਲੱਗ ਪਏ। ਗੁਰੂ ਦਰ ਨਾਲ ਹੀ ਪਿਆਰ ਨਹੀਂ ਵਧਿਆ ਬਲਕਿ ਆਪੋ ਵਿੱਚ ਵੀ ਪਿਆਰ ਸਤਿਕਾਰ ਨਾਲ ਰਹਿਣ ਕਰਕੇ ਘਰ ਫਿਰ ਸਵਰਗ ਵਰਗਾ ਬਣ ਗਿਆ।

ਬਿਬੇਕ ਬੁਧਿ ਤੋਂ ਬਿਨਾਂ ਇਹ ਜੀਵ ਬਿਲਕੁਲ ਹੀ ਸਮਝ ਨਹੀਂ ਪਾਉਂਦਾ।

ਸਤਿਗੁਰੂ ਜੀ ਆਖਦੇ ਹਨ ਕਿ ਚੱਲਣ ਦੀ ਤਿਆਰੀ ਕਰ ਪਰ ਇਹ ਜਿਤਨੀ ਵੀ ਤਿਆਰੀ ਕਰਦਾ ਹੈ ਉਹ ਉਲਟਾ ਰਹਿਣ ਦੀ ਤਿਆਰੀ ਕਰਦਾ ਹੈ। ਸਾਹਿਬ ਜੀ ਆਖਦੇ ਹਨ ਕਿ ਜੋ ਨਾਲ ਨਿਭਣਾ ਹੈ ਉਹੋ ਇਕੱਠਾ ਕਰ ਪਰ ਇਹ ਜੋ ਛੱਡ ਜਾਣਾ ਹੈ ਉਸੇ ਦੀ ਹੀ ਇਕੱਤ੍ਰਤਾ ਲਈ ਦਿਨ ਰਾਤ ਭਟਕਦਾ ਹੈ। ਸਤਿਗੁਰੂ ਜੀ ਆਖਦੇ ਹਨ ਅੱਗਾ ਨੇੜੇ ਕਰਕੇ ਦੇਖ ਪਰ ਇਹ ਜਨਮ ਦਿਨ ਜਾਂ ਮੈਰਿਜ ਇਨਵਰਸਰੀਜ਼ ਆਦਿਕ ਮਨਾਉਂਦਾ ਹੈ। ਸੰਗਤਿ ਵਿਚੋਂ ਪੈਦਾ ਹੋਈ ਬਿਬੇਕ ਬੁਧਿ ਹੀ ਗੁਣ ਗ੍ਰਹਿਣ ਕਰਕੇ ਔਗੁਣਾਂ ਦਾ ਤਿਆਗ ਕਰਨ ਦੀ ਪ੍ਰੇਰਨਾ ਦਿੰਦੀ ਹੈ। ਸਾਡੀ ਬੁਧਿ ਅਤੇ ਬਿਬੇਕੀ ਦੀ ਬੁਧਿ ਵਿੱਚ ਇਤਨਾ ਹੀ ਅੰਤਰ ਹੈ ਕਿ ਅਸੀਂ ਇਹ ਵੀ ਸਮਝ ਰਹੇ ਹਾਂ ਕਿ ਸਤਿਗੁਰੂ ਜੀ ਸਭ ਕੁਝ ਸੱਚ ਆਖਦੇ ਹਨ ਅਤੇ ਅਸੀਂ ਸਮਝਦੇ ਵੀ ਹਾਂ ਪਰ ਫਿਰ ਵੀ ਉਹੋ ਕੁਝ ਕਰਦੇ ਹਾਂ ਜੋ ਮਾਲਿਕ ਨੂੰ ਮਨਜ਼ੂਰ ਨਹੀਂ। ਦੂਜੇ ਪਾਸੇ ਬਿਬੇਕੀ ਜੋ ਕੁਝ ਗੁਰੂ ਜੀ ਉਪਦੇਸ਼ ਕਰਦੇ ਹਨ ਉਹ ਸਭ ਕੁਝ ਸੱਚ ਵੀ ਮੰਨਦਾ ਹੈ ਅਤੇ ਕਮਾਉਂਦਾ ਵੀ ਹੈ। ਹੋ ਸਕਦਾ ਹੈ ਅੱਜ ਮੇਰੇ ਸਾਹਿਬ ਜੀ ਸਾਨੂੰ ਵੀ ਬਾਬਾ ਪ੍ਰਿਥੀਚੰਦ ਵਾਂਗੂੰ ਝਿੜਕਾਂ ਮਾਰਕੇ ਸਮਝਾਉਂਦੇ ਹੋਣ ਕਿ "ਕਾਹੇ ਪੂਤ ਝਗਰਤ ਹਉ ਸੰਗਿ ਬਾਪ" ਕਿਉਂਕਿ ਅਸੀਂ ਵੀ ਤਾਂ ਸਭ ਕੁਝ ਸੁਣ ਕੇ, ਸਮਝ ਕੇ ਕਰਦੇ ਉਹੋ ਕੁਝ ਹਾਂ ਜਿਸ ਤੋਂ ਸਤਿਗੁਰੂ ਜੀ ਸਾਨੂੰ ਵਰਜਦੇ ਹਨ। ਪਰ

ਅਸੀਂ "ਮਾਇਆਧਾਰੀ ਅਤਿ ਅੰਨਾ ਬੋਲਾ" ਹੋਣ ਕਰਕੇ ਗੁਰੂ ਸ਼ਬਦ ਦੀ ਉਹ ਝਿੜਕ ਮਹਿਸੂਸ ਨਹੀਂ ਕਰ ਪਾਉਂਦੇ। ਦੇਖੋ ! ਕਰਮ ਮਨੁੱਖ ਗੁਰੂ ਦੀ ਦਿੱਤੀ ਮਤਿ ਨਾਲ ਵੀ ਕਰਦਾ ਹੈ ਅਤੇ ਕਰਮ ਸਤਿਗੁਰੂ ਤੋਂ ਬਿਨਾਂ ਵੀ ਕਰਦਾ ਹੈ ਪਰ ਜਾਗ ਆਉਣਾ ਤੇ ਕੇਵਲ ਰਾਤ ਦੀ ਭਟਕਣਾ ਦੀ ਯਾਦ ਹੈ, ਪਰ ਲਾਭ ਨਹੀਂ। ਭਾਵ ਸੁਪਨੇ ਦੇ ਕਰਮਾਂ ਵਾਂਗੂੰ ਹਨ। ਜਦੋਂ ਜਾਗ ਕੇ ਕੰਮ ਕਰਦਾ ਹੈ ਤਾਂ ਯਾਦ ਇਸ ਦੀ ਵੀ ਹੈ ਪਰ ਇਸਦਾ ਲਾਭ ਵੀ ਹੋਵੇਗਾ। ਸਤਿਗੁਰੂ ਤੋਂ ਬਿਨਾਂ ਸੁਪਨੇ ਦੇ ਕਰਮ ਹਨ। ਸਤਿਗੁਰੂ ਨਾਲ ਮਿਲਕੇ ਜਾਗ ਕੇ ਕਮਾਏ ਕਰਮ ਹਨ। ਕਰਮ ਦੋਨੋਂ ਹਾਲਤਾਂ ਵਿੱਚ ਹਨ ਪਰ ਲੇਖੇ ਜਾਗ ਕੇ ਕਮਾਏ ਕਰਮ ਹਨ। ਇਸੇ ਤਰ੍ਹਾਂ ਆਪਣੀ ਮਤਿ ਅਤੇ ਗੁਰੂ ਜੀ ਦੀ ਮਤਿ ਦਾ ਫ਼ਰਕ ਹੈ :

ਸਗਲੀ ਰੈਣਿ ਗੁਦਰੀ ਅੰਧਿਆਰੀ, ਸੇਵਿ ਸਤਿਗੁਰੁ ਚਾਨਣੁ ਹੋਇ ॥

(ਅੰਗ ੭੮)

ਹੇ ਜੀਵ ! ਸਤਿਗੁਰੂ ਜੀ ਦੀ ਸੇਵਾ ਕਰ ਤਾਕਿ ਤੇਰੀ ਜ਼ਿੰਦਗੀ ਰੂਪ ਰਾਤ ਵਿੱਚ ਪ੍ਰਭਾਤ ਹੋ ਸਕੇ।

ਪ੍ਰਹੇਜ਼

ਡਾਕਟਰ ਦੀ ਜ਼ਿੰਦਗੀ ਵਿੱਚ ਮਰੀਜ਼ ਦੇ ਪ੍ਰਤੀ ਤਿੰਨ ਜ਼ਿੰਮੇਵਾਰੀਆਂ ਹਨ। ਪਹਿਲੀ ਜ਼ਿੰਮੇਵਾਰੀ ਹੈ ਰੋਗ ਦਾ ਸਮਝਣਾ। ਜਿੰਨਾ ਚਿਰ ਰੋਗ ਦਾ ਹੀ ਪਤਾ ਨਹੀਂ ਲਗਦਾ ਉਤਨਾ ਚਿਰ ਡਾਕਟਰ ਅਤੇ ਮਰੀਜ਼ ਦਾ ਤਾਲਮੇਲ ਹੀ ਨਹੀਂ ਬਣ ਸਕਦਾ। ਇਸ ਲਈ ਸਿਆਣਾ ਡਾਕਟਰ ਮਰੀਜ਼ ਨੂੰ ਸਭ ਤੋਂ ਪਹਿਲਾਂ ਉਸ ਨੂੰ ਰੋਗ ਦੀ ਜਾਂਚ ਪੜਤਾਲ ਕਰਨ ਲਈ ਅਨੇਕਾਂ ਥਾਵਾਂ 'ਤੇ ਟੈਸਟ ਕਰਵਾਉਣ ਲਈ ਭੇਜਦਾ ਹੈ। ਇਸ ਦੌਰ ਵਿਚੋਂ ਲੰਘਦਿਆਂ ਖੇਚਲ ਵੀ ਜ਼ਿਆਦਾ, ਖ਼ਰਚ ਵੀ ਜ਼ਿਆਦਾ ਅਤੇ ਪ੍ਰਾਪਤੀ ਬਿਲਕੁਲ ਵੀ ਨਹੀਂ ਹੁੰਦੀ ਪਰ ਇਹ ਪ੍ਰਾਪਤੀ ਦਾ ਹੀ ਪਹਿਲਾ ਪੜਾਅ ਹੁੰਦਾ ਹੈ।

ਦੂਜੀ ਜ਼ਿੰਮੇਵਾਰੀ ਹੁੰਦੀ ਹੈ ਕਿ ਇਸ ਰੋਗ ਦੀ ਅਸਲ ਵਿੱਚ ਕਿਹੜੀ ਵੱਧ ਤੋਂ ਵੱਧ ਚੰਗੀ ਦਵਾਈ ਹੋਵੇ ਜਿਹੜੀ ਬਿਨਾਂ ਕਿਸੇ ਹੋਰ ਰੋਗ ਦੇ ਮਰੀਜ਼ ਨੂੰ ਇਕ ਅਰੋਗਤਾ ਭਰੀ ਜ਼ਿੰਦਗੀ ਬਖ਼ਸ਼ ਸਕਦੀ ਹੋਵੇ ਅਤੇ ਜਿਸ ਨਾਲ ਉਹ ਸੁਖ ਮਾਣ ਸਕਦਾ ਹੋਵੇ। ਰੋਗ ਅਤੇ ਦਵਾਈ ਦਾ ਬੁਝਣਾ (ਸਮਝਣਾ) ਇਨ੍ਹਾਂ ਦੋਨਾਂ ਵਿਚ ਡਾਕਟਰ ਦੀ ਖ਼ਾਸ ਮਿਹਨਤ ਹੈ ਕਿਉਂਕਿ ਮਰੀਜ਼ ਬਹੁਤੀ ਵਾਰੀ ਆਪਣੇ ਦੁੱਖ ਨੂੰ ਠੀਕ ਢੰਗ ਨਾਲ ਪ੍ਰਗਟ ਵੀ ਨਹੀਂ ਕਰ ਸਕਦਾ। ਜਿਵੇਂ : ਲੱਤ ਵਿੱਚ, ਅੱਖ ਵਿੱਚ ਜਾਂ ਹੋਰ ਕਿਧਰੇ ਦਰਦ ਹੋਵੇ, ਇਹ ਦਰਦ ਹੁਣ ਕਈ ਕਿਸਮਾਂ ਅਤੇ ਕਈ ਕਾਰਨਾਂ ਕਰਕੇ ਹੋ ਸਕਦਾ ਹੈ। ਇਹ ਸਭ ਕੁਝ ਵਿੱਚ ਡਾਕਟਰ ਦੀ ਬਹੁਤ ਮਿਹਨਤ ਅਤੇ ਲਿਆਕਤ ਕੰਮ ਕਰਦੀ ਹੈ। ਇਸ ਦੋ ਜ਼ਿੰਮੇਵਾਰੀਆਂ ਦੇ ਨਾਲ ਹੀ ਇਕ ਤੀਜੀ ਜ਼ਿੰਮੇਵਾਰੀ ਡਾਕਟਰ ਦੀ ਹੈ ਕਿ ਉਸਨੂੰ ਪ੍ਰਹੇਜ਼ ਭਾਵ ਸਾਵਧਾਨੀਆਂ ਤੋਂ ਸੁਚੇਤ ਕਰਵਾਉਣਾ। ਇਸ ਤੀਜੀ ਜ਼ਿੰਮੇਵਾਰੀ ਨੂੰ ਥੋੜ੍ਹਾ ਧਿਆਨ ਨਾਲ ਸਮਝਣ ਦੀ ਲੋੜ ਹੈ ਕਿਉਂਕਿ ਡਾਕਟਰ ਜਿੰਨਾ ਮਰਜ਼ੀ ਚੰਗਾ ਹੋਵੇ ਅਤੇ ਦਵਾਈ ਵੀ ਬਹੁਤ ਕਾਰਗਰ ਹੋਵੇ ਪਰ ਜੇਕਰ ਪ੍ਰਹੇਜ਼ ਦੀ ਸਾਵਧਾਨਤਾ ਨਾ ਹੋਵੇ ਤਾਂ ਸਾਰਾ ਕਾਰਜ ਬਣਿਆ ਬਣਾਇਆ ਵਿਗੜ ਜਾਂਦਾ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਇਹ ਸਾਵਧਾਨਤਾ ਹੀ ਇਸਨੂੰ ਦੋਸ਼ੀ ਜਾਂ ਮੁਕਤ ਬਣਾਉਂਦੀ ਹੈ। ਜਿਵੇਂ ਇਕ ਉਦਾਹਰਣ ਹੋਰ ਸਮਝ ਲਈਏ। ਸੜਕ ਵੀ ਚੰਗੀ ਹੋਵੇ, ਗੱਡੀ ਵੀ ਚੰਗੀ ਹੋਵੇ, ਸਾਵਧਾਨਤਾ ਵੀ ਸਮਝਾਈ ਹੋਵੇ ਕਿ ਸਪੀਡ ਇਤਨੀ ਹੈ ਪਰ ਜੇਕਰ ਕੋਈ ਫੇਰ ਵੀ ਉਲੰਘਣਾ ਕਰਦਾ ਹੈ ਤਾਂ ਚਲਾਨ ਕੱਟਣ ਵਾਲਾ ਨਾ ਤਾਂ ਗੱਡੀ ਨੂੰ ਕੁਝ ਕਹਿੰਦਾ ਹੈ, ਨਾ ਹੀ ਸੜਕ ਨੂੰ ਦੋਸ਼ੀ ਬਣਾਉਂਦਾ

ਹੈ ਬਲਕਿ ਦੋਸ਼ੀ ਸਾਵਧਾਨਤਾ ਨਾਲ ਨਾ ਚਲਾਉਣ ਵਾਲੇ ਡਰਾਈਵਰ ਦੀ ਹੁੰਦੀ ਹੈ। ਦੋਸ਼ੀ ਡਰਾਈਵਰ ਹੈ ਕਿਉਂਕਿ ਸਾਵਧਾਨਤਾ ਰੱਖਣੀ ਸੜਕ ਦਾ ਜਾਂ ਗੱਡੀ ਦਾ ਕੰਮ ਨਹੀਂ ਬਲਕਿ ਡਰਾਈਵਰ ਦੀ ਜ਼ਿੰਮੇਵਾਰੀ ਹੈ। ਦੁਨੀਆਂ ਵਿੱਚ ਹਰ ਰੋਗ ਦਾ ਕੋਈ ਪ੍ਰਹੇਜ਼ ਹੈ। ਹਰ ਕਨੂੰਨ ਵਿੱਚ ਕੋਈ ਪ੍ਰਹੇਜ਼ ਹੈ। ਗੱਲ ਕੀ ਜ਼ਿੰਦਗੀ ਦਾ ਕੋਈ ਵੀ ਖੇਤਰ ਨਹੀਂ ਜਿਥੇ ਕੁਝ ਪ੍ਰਹੇਜ਼ ਜਾਂ ਸਾਵਧਾਨੀਆਂ ਨਾ ਹੋਣ।

ਆਉ ਹੁਣ ਧਾਰਮਿਕ ਖੇਤਰ ਵਿਚ ਪ੍ਰਹੇਜ਼ ਦੀ ਗੱਲ ਕਰੀਏ। ਇਥੇ ਵੀ ਪ੍ਰਹੇਜ਼ ਹੀ ਪ੍ਰਮੁੱਖ ਹੈ, ਜਿਸਨੂੰ ਦੂਜੇ ਸ਼ਬਦਾਂ ਵਿੱਚ ਰਹਿਤ ਵੀ ਕਹਿ ਸਕਦੇ ਹਾਂ। ਗੁਰਬਾਣੀ ਵਿੱਚ ਹਰ ਕਦਮ ਕਦਮ 'ਤੇ ਇਸ ਬਾਰੇ ਸੁਚੇਤ ਕੀਤਾ ਗਿਆ ਹੈ। ਕੁਝ ਕੁ ਉਦਾਹਰਣਾਂ ਸਾਨੂੰ ਸਹੀ ਤਰੀਕੇ ਨਾਲ ਸਮਝਾ ਸਕਦੀਆਂ ਹਨ :

"ਸਤਿਗੁਰ ਕੀ ਸੇਵਾ ਸਫਲ ਹੈ ਜੇ ਕੋ ਕਰੇ ਚਿਤੁ ਲਾਇ ॥"

(ਅੰਗ ੫੫੨)

ਸਤਿਗੁਰੂ ਜੀ ਦੀ ਸੇਵਾ ਤਾਂ ਸਫਲ ਹੈ ਪਰ ਪ੍ਰਹੇਜ਼ ਹੈ ਚਿਤ ਲਾ ਕੇ ਕਰਨੀ। ਨਹੀਂ ਤਾਂ ਲੇਖੇ ਵਿੱਚ ਨਹੀਂ ਪੈਂਦੀ :

ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ ॥
ਸਾਵਧਾਨ ਏਕਾਗਰ ਚੀਤ ॥

(ਅੰਗ ੨੯੫)

ਪ੍ਰਮੇਸ਼ਰ ਜੀ ਦਾ ਸਿਮਰਨ ਕਰਦਿਆਂ ਪ੍ਰਹੇਜ਼ ਹੈ ਸਾਵਧਾਨਤਾ ਨਾਲ ਸੁਚੇਤ ਹੋ ਕੇ ਕਰਨਾ। ਤੀਰਥ, ਬਰਤ ਅਰ ਦਾਨ ਕਰਨ ਲੱਗਿਆਂ ਮਨ ਵਿੱਚ ਗੁਮਾਨ ਨਾ ਹੋਵੇ ਨਹੀਂ ਤਾਂ ਹਾਥੀ ਦੇ ਇਸ਼ਨਾਨ ਵਾਂਗ ਬਿਰਥਾ ਚਲੇ ਜਾਣਗੇ ਭਾਵ ਨੇਕੀ ਦੇ ਕਰਮ ਵੀ ਹਉਮੈ ਦੀ ਭੁੱਖ ਨਾਲ ਕੀਤੇ ਬਿਰਥਾ ਚਲੇ ਜਾਂਦੇ ਹਨ। ਪ੍ਰਹੇਜ਼ ਸੀ, ਗੁਮਾਨ ਮਨ 'ਚੋਂ ਚਲਾ ਜਾਏ।

ਗੱਲ ਕੀ, ਸਾਰੀ ਦੁਨੀਆਂ ਇਸ ਪ੍ਰਹੇਜ਼ ਦੇ ਕਾਰਨ ਧਰਮ ਕਮਾਉਂਦੀ ਹੋਈ ਵੀ ਧਰਮੀ ਨਹੀਂ ਬਣ ਰਹੀ। ਸ਼ਬਦ ਗੁਰੂ ਵੈਦ ਵੀ ਸਿਆਣਾ ਹੈ, ਉਸ ਦੀ ਦਿੱਤੀ ਦਵਾਈ ਵੀ ਨਾਮ ਦਾਰੂ ਪੂਰੀ ਤਰ੍ਹਾਂ ਕਾਰਗਰ ਹੈ। ਪਰ ਫਿਰ ਗ਼ਲਤੀ ਕੇਵਲ ਪ੍ਰਹੇਜ਼ ਪੱਖੋਂ ਹੋ ਰਹੀ ਹੈ, ਜਿਸ ਕਰਕੇ ਮੈਂ ਕੀਏ ਕਰਮ ਅਨੇਕਾਂ ਹੋ ਕੇ ਵੀ ਇਨ ਬਿਧਿ ਮਿਲਣ ਨਾ ਜਾਈ ਦੀ ਵੀਚਾਰ ਪੱਲੇ ਪੈਂਦੀ ਹੈ। ਅਜੋਕੀ ਜ਼ਿੰਦਗੀ ਵਿੱਚ ਦੇਖੀਏ ਤਾਂ ਹਰ ਖੇਤਰ ਵਿੱਚ ਬੰਦਾ ਦੁਖੀ ਹੀ ਨਜ਼ਰ ਆਉਂਦਾ ਹੈ। ਗ੍ਰਿਹਸਥੀ ਵੀ, ਤਿਆਗੀ ਵੀ, ਲੋਭੀ ਵੀ, ਮਾਇਆਧਾਰੀ ਵੀ, ਨਿਰਧਨ ਵੀ, ਧਰਮ ਕਮਾ ਰਹੇ ਵੀ, ਅਧਰਮੀ ਵੀ, ਗੱਲ ਕੀ ਹਰ ਪਾਸੇ ਬਦ ਪ੍ਰਹੇਜ਼ੀ ਨੇ ਆਪਣਾ ਜਾਲ ਪਸਾਰਕੇ ਜੀਵ ਵੀਚਾਰੇ ਨੂੰ ਚੰਗੀ ਤਰ੍ਹਾ ਫਾਹ ਲਿਆ ਹੋਇਆ ਹੈ। ਆਉ ਹੁਣ ਵੀਚਾਰ ਵਲ ਪਰਤੀਏ।

ਭਾਈ ਗੁਰਦਾਸ ਜੀ ਨੇ ਉਨ੍ਹਾਂ ਪ੍ਰਹੇਜ਼ਾਂ ਅਤੇ ਬਦ ਪ੍ਰਹੇਜ਼ੀਆਂ ਦਾ ਹੀ ਜ਼ਿਕਰ ਕੀਤਾ ਹੈ। ਇਥੇ ਗੱਲ ਬੜੀ ਬਰੀਕੀ ਨਾਲ ਸਮਝਣ ਦੀ ਲੋੜ ਹੈ ਕਿ ਭਾਈ ਗੁਰਦਾਸ ਜੀ ਡਾਕਟਰ ਵੀ ਨਹੀਂ ਅਤੇ ਨਾਮ ਦਾਰੂ ਵੀ ਨਹੀਂ ਦੇ ਰਹੇ, ਪਰ ਸਮਝਾ ਰਹੇ ਹਨ ਕਿ :

"ਵਾਹਿਗੁਰੂ ਗੁਰਮੰਤ੍ਰ ਹੈ ਜਪਿ ਹਉਮੈ ਖੋਈ।"

ਨਾਲ ਹੀ ਦੂਜਾ ਪੱਖ ਕਿ ਕਿੰਨ੍ਹਾਂ ਬਦਪ੍ਰਹੇਜ਼ੀਆਂ ਨਾਲ ਤੂੰ ਐ ਜੀਵ, ਰੱਬ ਦੇ ਘਰ ਦੋਸ਼ੀ ਜਾਂ ਮੁਕਤ ਹੋਣਾ ਹੈ। ਇਹ ਅਸਲ ਵਿੱਚ ਤੇਰਾ ਹੀ ਕੰਮ ਹੈ। ਕਿਉਂਕਿ ਪ੍ਰਹੇਜ਼ ਕਰਨਾ ਡਾਕਟਰ ਦਾ ਕੰਮ ਨਹੀਂ ਬਲਕਿ ਮਰੀਜ਼ ਦੀ ਜ਼ਿੰਮੇਵਾਰੀ ਹੈ। ਗੁਰਮੁਖਿ ਉਹੋ ਹੀ ਸਹਜ ਵਿੱਚ ਸਮਾ ਸਕਦਾ ਹੈ ਜਿਹੜਾ ਇਨ੍ਹਾਂ ਗੱਲਾਂ ਦਾ ਪ੍ਰਹੇਜ਼ ਰੱਖੇ, ਜਿਹੜੀਆਂ ਭਾਈ ਗੁਰਦਾਸ ਜੀ ਨੇ ਇਸ ਪਉੜੀ ਦੀਆਂ ਪੰਕਤੀਆਂ ਵਿੱਚ ਦਰਸਾਈਆਂ ਹਨ। ਪਹਿਲੀ ਸਾਵਧਾਨੀ ਹੀ ਧਿਆਨ ਨਾਲ ਵੇਖੋ। ਹੰਕਾਰ ਹਮੇਸ਼ਾ ਹੀ ਆਪਣਿਆਂ ਨੂੰ ਬੇਗਾਨੇ ਅਤੇ ਬਿਗਾਨਿਆਂ ਨੂੰ ਆਪਣੇ ਬਣਾਉਂਦਾ ਹੈ। ਬੇਗਾਨੇ ਝੂਠੀ ਖ਼ੁਸ਼ਾਮਦ ਕਰਕੇ ਜੋ ਉਹ ਅਸਲ ਵਿੱਚ (ਹਨ) ਉਸ ਦਾ ਕਦੇ ਅਹਿਸਾਸ ਹੀ ਨਹੀਂ ਹੋਣ ਦਿੰਦੇ ਪਰ ਜਿਹੜੇ ਆਪਣੇ ਹਨ ਉਹ ਹੰਕਾਰ ਅਤੇ ਝੂਠੀ ਖ਼ੁਸ਼ਾਮਦ ਦਾ ਪਰਦਾ ਪਾੜ ਕੇ ਸੱਚ ਦੀ ਵੀਚਾਰ ਸਮਝਾਉਂਦੇ ਹਨ ਜਿਹੜੇ ਕਿ ਬਹੁਤ ਹੀ ਬੁਰੇ ਲੱਗਦੇ ਹਨ। ਇਹ ਹਮੇਸ਼ਾ ਚੇਤਾ ਰੱਖਣਾ ਚਾਹੀਦਾ ਹੈ ਕਿ ਜ਼ਖ਼ਮਾਂ 'ਤੇ ਹੋ ਰਹੀ ਮਿਠੀ-ਮਿਠੀ ਖੁਰਕ ਨੂੰ ਪੋਲਾ-ਪੋਲਾ ਹੱਥ ਫੇਰ ਕੇ ਉਸ ਵਿੱਚ ਜ਼ਹਿਰ ਭਰਨ ਵਾਲੇ ਲੱਗਦੇ ਤਾਂ ਪਿਆਰੇ ਹਨ ਪਰ ਇਹ ਜ਼ਿੰਦਗੀ ਬਰਬਾਦ ਕਰਨ ਵਾਲੇ ਹਨ। ਦੂਜੇ ਪਾਸੇ ਉਥੇ ਹਥਿਆਰ ਨਾਲ ਜ਼ਖ਼ਮ ਦਾ ਮੂੰਹ ਖੋਹਲਕੇ ਉਸ ਵਿਚੋਂ ਗੰਦ ਕੱਢਕੇ ਚੰਗੀ ਤਰ੍ਹਾਂ ਕੱਸ ਕੇ ਪੱਟੀਆਂ ਬੰਨ੍ਹਣ ਵਾਲੇ ਬੁਰੇ ਲਗਦੇ ਹਨ ਪਰ ਹਕੀਕਤ ਇਹ ਹੈ ਕਿ ਅਸਲ ਵਿੱਚ ਅਬਾਦ ਕਰਨ ਵਾਲੇ ਇਹ ਹਨ ਨਾ ਕਿ ਖ਼ੁਸ਼ਾਮਦ ਕਰਨ ਵਾਲੇ। ਹੰਕਾਰ ਲੱਗਦਾ ਪਿਆਰਾ ਹੈ ਪਰ ਸੱਚ ਵੀ ਇਹੀ ਹੈ ਕਿ ਖੁਆਰੀ ਦਾ ਕਾਰਨ ਵੀ ਇਹੋ ਹੀ ਬਣਦਾ ਹੈ। ਗੁਰਮੁਖਿ ਕਦੇ ਇਨ੍ਹਾਂ ਨਾਲ ਦੋਸਤੀ ਨਹੀਂ ਪਾਉਂਦਾ।

ਇਕ ਫ਼ਕੀਰ ਇਕ ਨਗਰ ਵਿੱਚ ਰਹਿੰਦਾ ਸੀ। ਸੁਭਾਅ ਪੱਖੋਂ ਬਹੁਤ ਹੀ ਚੰਗੀ ਬ੍ਰਿਤੀ ਦਾ ਮਾਲਕ ਸੀ। ਪਰਉਪਕਾਰ ਦਾ ਉਮਾਹ ਉਸਦੇ ਹਿਰਦੇ ਵਿੱਚ ਰਹਿੰਦਾ ਸੀ, ਪਰ ਇਸ ਫ਼ਕੀਰ ਦੀ ਇਕ ਬੁਝਾਰਤ ਲੰਮਾ ਸਮਾਂ ਨਗਰ ਨਿਵਾਸੀਆ ਲਈ ਪ੍ਰੇਸ਼ਾਨੀ ਦਾ ਕਾਰਨ ਬਣੀ ਹੋਈ ਸੀ। ਇਹ ਬੁਝਾਰਤ ਇਹ ਸੀ ਕਿ ਇਸ ਨੇ ਇਕ ਹਾਥੀ ਦੀ ਤਸਵੀਰ ਨੂੰ ਰੱਖਿਆ ਸੀ। ਕਦੇ ਕਿਸੇ ਨੇ ਇਸ ਤਸਵੀਰ ਕੋਲੋਂ ਕੋਈ ਕੰਮ ਵੀ ਕਰਵਾਉਂਦਿਆਂ ਨਹੀਂ ਸੀ ਦੇਖਿਆ। ਪਰ ਫ਼ਕੀਰ ਨੇ ਕਦੇ ਕਦਾਈਂ ਇਸ ਤਸਵੀਰ ਕੋਲ ਖਲੋ ਕੇ ਕਾਫ਼ੀ ਸਮਾਂ ਰੋਂਦੇ ਰਹਿਣਾ ਤੇ ਇਹੋ ਗੱਲ ਬਾਰ-ਬਾਰ ਕਹਿੰਦੇ

ਰਹਿਣਾ ਕਿ ਮੇਰਾ ਜਿੰਨਾ ਕਾਰਜ ਵਿਗਾੜਿਆ ਹੈ, ਸਭ ਤੇਰਾ ਵਿਗਾੜਿਆ ਹੋਇਆ ਹੈ। ਹੁਣ ਤਸਵੀਰ ਕੰਮ ਵੀ ਕੋਈ ਨਹੀਂ ਸੀ ਕਰਦੀ ਪਰ ਫ਼ਕੀਰ ਦਾ ਰੋਣਾ ਤੇ ਬਾਰ-ਬਾਰ ਇਹ ਕਹਿਣਾ, ਆਪਣੇ ਆਪ ਵਿੱਚ ਇਕ ਬੁਝਾਰਤ ਸੀ। ਚਲੋ ਜੇਕਰ ਇਹ ਹੀ ਹੁੰਦਾ ਤਾਂ ਆਮ ਲੋਕ ਫ਼ਕੀਰ ਦੀ ਆਦਤ ਸਮਝਕੇ ਛੱਡ ਦਿੰਦੇ ਪਰ ਕਦੇ ਕਦੇ ਫ਼ਕੀਰ ਨੇ ਸਾਰੀ-ਸਾਰੀ ਦਿਹਾੜੀ ਹੱਸਦਿਆਂ ਬਹੁਤ ਹੀ ਪਿਆਰ ਨਾਲ ਰਹਿਣਾ। ਸਮਾਂ ਗੁਜ਼ਰਦਾ ਗਿਆ ਅਤੇ ਬੱਚਿਆਂ ਦੀ ਪਨੀਰੀ ਜੁਆਨੀ ਪਹਿਰੇ ਵਿੱਚ ਪਹੁੰਚੀ। ਜੁਆਨੀ ਪਹਿਰੇ ਵਿੱਚ ਤਰਕ ਬਹੁਤ ਹੁੰਦਾ ਹੈ। ਕੁਝ ਨੌਜੁਆਨਾਂ ਨੇ ਪਿੰਡ ਦੀ ਪੰਚਾਇਤ ਇਕੱਠੀ ਕਰਕੇ ਸਲਾਹ ਪੁੱਛੀ ਕਿ ਬਾਬਾ ਜੀ ਹਰ ਇਕ ਦੇ ਦੁੱਖ ਸੁਖ ਵੇਲੇ ਕੰਮ ਆਉਂਦੇ ਹਨ, ਪਰ ਇਕ ਆਦਤ ਇਹ ਜੁਆਨ ਤੋਂ ਬੁੱਢੇ ਹੋ ਗਏ ਪਰ ਸਾਨੂੰ ਇਹ ਸਮਝ ਨਹੀਂ ਲੱਗੀ ਕਿ ਕਦੇ ਉੱਚੀ-ਉੱਚੀ ਰੋਣਾ ਤੇ ਕਹਿਣਾ ਮੇਰਾ ਤੂੰ ਸਾਰਾ ਕੰਮ ਵਿਗਾੜ ਦਿੱਤਾ ਹੈ ਪਰ ਦੂਜੇ ਪਾਸੇ ਫਿਰ ਕਈ-ਕਈ ਦਿਨ ਹੱਸਦੇ ਰਹਿਣਾ, ਅਜਿਹਾ ਕਿਹੜਾ ਦੁੱਖ ਹੈ ? ਆਪਾਂ ਸਾਰੇ ਇਕੱਠੇ ਹੋ ਕੇ ਪੁੱਛੀਏ। ਸਾਰੇ ਨਗਰ ਦਾ ਮਤਾ ਪਾਸ ਹੋ ਗਿਆ। ਫ਼ਕੀਰ ਨੂੰ ਬੜੇ ਅਦਬ ਭਰੇ ਬਚਨਾਂ ਨਾਲ ਪਿੰਡ (ਨਗਰ) ਦੇ ਦਾਨੇ ਪੁਰਖ ਨੇ ਪੁੱਛਿਆ ਅਤੇ ਨਾਲ ਹੀ ਇਹ ਵੀ ਮਿੰਨਤ ਕੀਤੀ ਕਿ ਹੁਣ ਤੁਸੀਂ ਸਾਡੀ ਇਸ ਬੇਨਤੀ ਨੂੰ ਠੁਕਰਾ ਨਹੀਂ ਸਕਦੇ ਬਲਕਿ ਤੁਹਾਨੂੰ ਸੱਚ ਦੱਸਣਾ ਹੀ ਪਵੇਗਾ। ਅੱਜ ਫ਼ਕੀਰ ਨੇ ਵੀ ਇਤਨੇ ਪਿਆਰ ਨਾਲ ਪੁੱਛੇ ਇਸ ਸੁਆਲ ਦਾ ਜਵਾਬ ਦੇਣਾ ਮੁਨਾਸਿਬ ਸਮਝਕੇ ਪਿਆਰ ਨਾਲ ਕਹਿਣਾ ਸ਼ੁਰੂ ਕੀਤਾ ਕਿ ਭਾਈ ਇਸ ਵਿਚ ਨਾ ਤਾਂ ਕਿਸੇ ਨਗਰ ਵਾਲੇ ਦਾ ਦੋਸ਼ ਹੈ ਅਤੇ ਨਾ ਹੀ ਮੈਨੂੰ ਕੋਈ ਦੁਨਿਆਵੀ ਦੁੱਖ ਸੁੱਖ ਹੈ, ਇਹ ਤਾਂ ਬਲਕਿ ਮੇਰੇ ਅੰਦਰਿ ਦੀ ਕਹਾਣੀ ਹੈ। ਸਾਰਾ ਨਗਰ ਬਹੁਤ ਹੀ ਧਿਆਨ ਨਾਲ ਸੁਣ ਰਿਹਾ ਸੀ ਕਿਉਂਕਿ ਇਹ ਬਹੁਤ ਲੰਮੇ ਸਮੇਂ ਦੀ ਕਹਾਣੀ ਸੀ। ਫ਼ਕੀਰ ਨੇ ਅੱਗੇ ਦੱਸਿਆ ਕਿ ਹਾਥੀ ਦੀ ਤਸਵੀਰ ਨੂੰ ਮੈਂ ਤਾਂ ਰੱਖਿਆ ਹੈ ਕਿਉਂਕਿ ਇਹ ਮੈਨੂੰ ਹਰ ਵਕਤ ਤਿੰਨ ਚੀਜ਼ਾਂ ਦਾ ਚੇਤਾ ਕਰਵਾਉਂਦੀ ਰਹਿੰਦੀ ਹੈ। ਪਹਿਲੀ ਗੱਲ ਹੈ ਕਿ ਮੇਰੇ ਮੁਰਸ਼ਦ ਭਾਵ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿੱਚ ਹਾਥੀ ਨੂੰ ਕਾਮ ਨਾਲ ਤਰਜੀਹ (ਉਦਾਹਰਣ) ਦੇ ਕੇ ਸਮਝਾਇਆ ਹੋਇਆ ਹੈ ਕਿ ਕਿਵੇਂ ਵਿਕਾਰੀ ਬ੍ਰਿਤੀ ਦਾ ਹੋ ਕੇ ਆਪਣਾ ਆਪ ਸ਼ਿਕਾਰੀ ਦੇ ਅਧੀਨ ਕਰ ਬੈਠਦਾ ਹੈ :

ਕਾਲਬੂਤ ਕੀ ਹਸਤਨੀ ਮਨ ਬਉਰਾ ਰੇ ਚਲਤੁ ਰਚਿਓ ਜਗਦੀਸ ॥
ਕਾਮ ਸੁਆਇ ਗਜ ਬਸਿ ਪਰੇ ਮਨ ਬਉਰਾ ਰੇ ਅੰਕਸੁ ਸਹਿਓ ਸੀਸ ॥

(ਅੰਗ ੩੩੫)

ਵਿਕਾਰਾਂ ਦੀ ਦੁਨੀਆਂ ਵਿੱਚ ਕਾਮ ਸਭ ਤੋਂ ਪਹਿਲਾਂ ਆਉਂਦਾ ਹੈ ਅਤੇ ਸਭ

ਤੋਂ ਅਖ਼ੀਰ ਵਿੱਚ ਹੰਕਾਰ ਆਉਂਦਾ ਹੈ। ਦੂਜੀ ਗੱਲ ਮੈਨੂੰ ਹਾਥੀ ਦੀ ਤਸਵੀਰ ਇਹ ਯਾਦ ਕਰਵਾਉਂਦੀ ਹੈ ਕਿ ਮਨੁੱਖ ਦਾ ਜਿਤਨਾ ਵੀ ਕਾਰਜ ਹੈ ਉਹ ਹੰਕਾਰ ਹੀ ਵਿਗਾੜਦਾ ਹੈ। ਸ਼ਾਇਦ ਇਸ ਲਈ ਹੀ ਇਸ ਨੂੰ ਕੁੰਡੇ ਥੱਲੇ ਰਹਿਣਾ ਪੈਂਦਾ ਹੈ। ਇਸ ਦੇ ਸਿਰ ਉੱਤੇ ਮਹਾਵਤ ਚੜ੍ਹਕੇ ਬੈਠਦਾ ਹੈ। ਤੀਜੀ ਗੱਲ ਹਾਥੀ ਦੀ ਤਸਵੀਰ ਇਹ ਸਿਖਾਉਂਦੀ ਹੈ ਕਿ ਹਾਥੀ ਜਿਤਨਾ ਮਰਜ਼ੀ ਬਲਵਾਨ ਹੋਵੇ ਪਰ ਜਿਹੜਾ ਕੰਮ ਕੀੜੀ ਕਰਦੀ ਹੈ, ਹਾਥੀ ਜਿਤਨਾ ਮਰਜ਼ੀ ਜ਼ੋਰ ਲਗਾ ਲਵੇ ਉਹ ਨਹੀਂ ਕਰ ਸਕਦਾ। ਨਗਰ ਵਿਚੋਂ ਫਿਰ ਇਕ ਦਾਨੇ ਪੁਰਖ ਨੇ ਪੁੱਛਿਆ ਕਿ ਬਾਬਾ ਜੀ, ਉਹ ਕਿਹੜਾ ਕੰਮ ਹੈ ਜਿਹੜਾ ਕੀੜੀ ਤਾਂ ਕਰ ਸਕਦੀ ਹੈ ਪਰ ਹਾਥੀ ਨਹੀਂ ? ਤਾਂ ਦਰਵੇਸ਼ ਭਾਵ ਫ਼ਕੀਰ ਨੇ ਦੱਸਿਆ ਕਿ ਬਚਨ ਮੇਰੇ ਪਾਤਿਸ਼ਾਹ ਜੀ ਦਾ ਹੈ, ਸੁਣੋ :

ਹਰਿ ਹੈ ਖਾਂਡੁ ਰੇਤੁ ਮਹਿ ਬਿਖਰੀ ਹਾਥੀ ਚੁਨੀ ਨ ਜਾਇ ॥
ਕਹਿ ਕਬੀਰ ਗੁਰਿ ਭਲੀ ਬੁਝਾਈ ਕੀਟੀ ਹੋਇ ਕੈ ਖਾਇ ॥

(ਅੰਗ ੧੩੭੭)

ਹੁਣ ਜਦੋਂ ਮੇਰਾ ਦਿਨ ਹੰਕਾਰ ਦੀ ਬ੍ਰਿਤੀ ਵਿੱਚ ਗੁਜ਼ਰ ਜਾਂਦਾ ਹੈ ਤਾਂ ਮੈਂ ਆਪਣੇ ਵਾਹਿਗੁਰੂ ਜੀ ਨੂੰ ਯਾਦ ਕਰਕੇ ਅਤੇ ਆਪਣੇ ਹੰਕਾਰ ਨੂੰ ਸੰਬੋਧਨ ਕਰਕੇ ਉੱਚੀ-ਉੱਚੀ ਰੋਣ ਲੱਗ ਪੈਂਦਾ ਹਾਂ ਅਤੇ ਕਹਿੰਦਾ ਹਾਂ ਕਿ ਮੇਰਾ ਕੰਮ ਤੂੰ ਹੀ ਵਿਗਾੜਿਆ ਹੈ। ਪਰ ਜਿਸ ਦਿਨ ਮੇਰਾ ਮਨ ਨਿਮਰਤਾ ਭਾਵ ਵਿਚ ਰਹਿ ਕੇ ਚੰਗੀ ਤਰ੍ਹਾਂ ਰੱਬੀ ਯਾਦ ਵਿੱਚ ਜੁੜਿਆ ਰਹਿੰਦਾ ਹੈ ਤਾਂ ਮੈਂ ਰੱਜ ਕੇ ਖ਼ੁਸ਼ ਹੁੰਦਾ ਹਾਂ ਕਿਉਂਕਿ "ਹਰਿ ਜਨ ਗੁਨ ਗਾਵਤ ਹਸਿਆ ॥" ਵਾਲੀ ਖ਼ੁਸ਼ੀ ਪ੍ਰਾਪਤ ਹੁੰਦੀ ਹੈ। ਸਾਰਾ ਨਗਰ ਵਿਸਮਾਦ ਅਵਸਥਾ ਵਾਂਗੂੰ ਹੈਰਾਨ ਹੋ ਗਿਆ ਕਿਉਂਕਿ ਇਹ ਬਹੁਤ ਲੰਮੇ ਸਮੇਂ ਦੀ ਬੁਝਾਰਤ ਅੱਜ ਹੱਲ ਹੋ ਗਈ ਸੀ। ਭਾਈ ਗੁਰਦਾਸ ਜੀ ਇਸੇ ਲਈ ਸੁਚੇਤ ਕਰਦੇ ਹਨ ਕਿ ਭਾਈ ਹਿਰਦੇ ਦੀ ਗ਼ਰੀਬੀ ਹੀ ਪ੍ਰਵਾਨ ਕਰਵਾ ਸਕਦੀ ਹੈ ਨਾ ਕਿ ਹੰਕਾਰੀ ਬ੍ਰਿਤੀ। ਸੋ ਪਹਿਲਾ ਪ੍ਰਹੇਜ਼ ਹੈ ਹੰਕਾਰ ਤੋਂ ਬਚਣਾ ਅਤੇ ਨਿਮਰਤਾ ਦਾ ਧਾਰਨੀ ਹੋਣਾ। ਇਸ ਪ੍ਰਹੇਜ਼ ਲਈ ਜੀਵਨ ਵਿੱਚ ਬਹੁਤ ਸਖ਼ਤ ਪਹਿਰੇ ਦੀ ਲੋੜ ਹੈ।

ਦੂਜਾ ਪ੍ਰਹੇਜ਼ ਸੀ ਪਰ ਨਾਰੀ ਦੀ ਨੇੜਤਾ ਤੋਂ ਬਚਣਾ ਕਿਉਂਕਿ ਪੰਜੇ ਵਿਕਾਰਾਂ ਵਿਚੋਂ ਕੇਵਲ ਕਾਮ ਹੈ ਜਿਸਨੇ ਦੁਨੀਆਂ ਨੂੰ ਇਤਨਾ ਕਮਲਾ ਕੀਤਾ ਹੋਇਆ ਹੈ। ਇਸ ਤੋਂ ਬਚਣਾ ਤਾਂ ਕੀ, ਸਗੋਂ ਹਰ ਬੰਦਾ ਇਸ ਖੋਜ ਵਿਚ ਹੈ ਕਿ ਕਿਵੇਂ ਨਾ ਕਿਵੇਂ ਮੈਂ ਕਾਮ ਦੀ ਉਮਰ ਨੂੰ ਵਧਾ ਸਕਦਾ ਹੋਵਾਂ। ਜਿਤਨੀਆਂ ਦਵਾਈਆਂ ਵਿਕਾਰੀ ਲੋਕਾਂ ਨੇ ਕਾਮ ਦੀ ਉਮਰ ਵਧਾਉਣ ਵਾਸਤੇ ਪੈਦਾ ਕੀਤੀਆਂ ਹਨ, ਉਤਨੀਆਂ ਬਾਕੀ ਕਿਸੇ ਵੀ ਵਿਕਾਰ ਦੇ ਵਾਧੇ ਲਈ ਨਹੀਂ। ਕਾਮ ਹੀ ਸਹਿਜ-ਸਹਿਜ ਨਾਲ

ਅੱਖਾਂ, ਨੱਕ, ਕੰਨ ਭਾਵ ਹਰ ਚੀਜ਼ 'ਤੇ ਕਬਜ਼ਾ ਕਰਕੇ ਉਸਨੂੰ ਆਪਣੇ ਹੀ ਸੁਆਰਥ ਦੀ ਪੂਰਤੀ ਲਈ ਵਰਤਣ ਲੱਗ ਪੈਂਦਾ ਹੈ, ਜਿਸ ਕਰਕੇ ਇਸ ਤੋਂ ਵੀ ਸਖ਼ਤ ਪ੍ਰਹੇਜ਼ਗਾਰੀ ਲਈ ਸੁਚੇਤ ਕੀਤਾ ਹੈ। ਇਸ ਦਾ ਤਿਆਗ ਵੀ ਹੁਕਮ ਰਜ਼ਾਈ ਚੱਲਣਾ ਨਹੀਂ, ਬਲਕਿ ਕੁਦਰਤਿ ਨਾਲ ਲੜਾਈ ਕਰਨ ਵਾਲੀ ਗੱਲ ਹੈ ਕਿਉਂਕਿ ਕੁਦਰਤੀ ਨੇਮ ਨਾਲ ਔਲਾਦ ਪੈਦਾ ਕਰਨ ਲਈ ਇਕ ਰੱਬੀ ਨੇਮ ਹੈ ਪਰ ਬੰਦੇ ਨੇ ਆਪਣੇ ਜੀਵਨ ਦੀ ਸਾਰੀ ਪੂੰਜੀ ਹੀ ਇਸ ਲਈ ਲੁਟਾ ਦਿੱਤੀ ਜਿਸ ਕਰਕੇ ਸਹਿਜ ਵਿਚ ਤਾਂ ਕੀ ਸਮਾਉਣਾ ਸੀ ਸਗੋਂ ਨਰਕ ਘੋਰ ਕੇ ਦੁਆਰੇ ਲਿਜਾ ਖੜਾ ਕਰ ਦਿੱਤਾ।

ਤੀਜੀ ਸਾਵਧਾਨੀ ਜਿਹੜੀ ਭਾਈ ਗੁਰਦਾਸ ਜੀ ਨੇ ਆਖੀ ਹੈ ਉਹ ਹੈ ਪਰ-ਦਰਬ ਨੂੰ ਹੱਥ ਨਹੀਂ ਲਾਉਣਾ। ਮਾਇਆ ਤਾਂ ਆਪਣੀ ਵੀ ਕਮਾਈ ਹੋਈ ਨੂੰ ਬਹੁਤ ਧਿਆਨ ਨਾਲ ਵਰਤਣਾ ਪੈਂਦਾ ਹੈ, ਫਿਰ ਪਰਾਇਆ ਦਰਬ ਤਾਂ ਵੈਸੇ ਹੀ ਹੀਰੇ ਨੂੰ ਕੌਡੀਆਂ ਬਣਾ ਦਿੰਦਾ ਹੈ। ਕੁਝ ਕੁ ਉਦਾਹਰਣਾਂ ਦਾ ਸਹਾਰਾ ਲੈ ਕੇ "**ਭੂਲਿਓ ਮਨੁ ਮਾਇਆ ਉਰਝਾਇਓ**" ਨੂੰ ਗੁਰਮਤਿ ਦੇ ਰੰਗ ਵਿੱਚ ਰੰਗਣ ਦੀ ਕੋਸ਼ਿਸ਼ ਕਰੀਏ। ਮਸੰਦ ਸ਼ਬਦ ਕਿਤਨਾ ਪਿਆਰਾ ਸੀ ਅਤੇ ਕਿਤਨੇ ਪਿਆਰੇ ਸਤਿਗੁਰੂ ਜੀ ਨੇ ਬਖ਼ਸ਼ਿਆ ਸੀ, ਜਿਸ ਨੂੰ ਧੰਨ ਗੁਰੂ ਰਾਮਦਾਸ ਜੀ ਮਹਾਰਾਜ ਕਹਿੰਦਿਆਂ ਹੀ ਅੰਦਰ ਠੰਡ ਪੈ ਜਾਂਦੀ ਹੈ। ਪਰ ਇੰਨ੍ਹਾਂ ਮਸੰਦਾਂ ਦਾ ਉਸੇ ਗੁਰੂ ਦੀ ਜੋਤਿ ਨੇ ਦਸਵੇਂ ਜਾਮੇ ਵਿੱਚ ਕੀ ਹਾਲ ਕੀਤਾ ? ਇਸ ਹਾਲ ਤੱਕ ਪਰ ਦਰਬ ਨੇ ਪਹੁੰਚਾ ਦਿੱਤਾ। ਬਾਬਾ ਪ੍ਰਿਥੀਚੰਦ ਜੀ ਦਾ ਜੀਵਨ ਵੀ ਧੰਨ ਗੁਰੂ ਰਾਮਦਾਸ ਜੀ ਦੀ ਹੀ ਪਾਵਨ ਬੁੱਕਲ ਵਿਚੋਂ ਅਰੰਭ ਹੁੰਦਾ ਹੈ ਪਰ, ਪਰਾਏ ਦਰਬ ਨੂੰ ਵੇਖਣ ਵਾਲੀ ਅੱਖ ਨੂੰ ਗੁਰੂ ਨਹੀਂ ਦਿਸਿਆ। ਜਿਥੇ ਲੋਕਾਂ ਅਨੇਕਾਂ ਜਨਮਾਂ ਦੇ ਝਗੜੇ ਨਿਬੇੜ ਲਏ ਉਥੇ ਬਾਬਾ ਪ੍ਰਿਥੀ ਚੰਦ ਖ਼ੁਦ ਹੀ ਇਕ ਗੁਰੂ ਘਰ ਵਿੱਚ ਝਗੜਾ ਬਣਿਆ ਰਿਹਾ।

"**ਜਨ ਨਾਨਕ ਸਤਿਗੁਰੁ ਮੇਲੇ ਆਪੇ ਹਰਿ ਆਪੇ ਝਗਰੁ ਚੁਕਾਵੈ ॥**

(ਅੰਗ ੭੨੦)

ਕਿਥੇ ਤਾਂ "**ਪੂਤਾ ਮਾਤਾ ਕੀ ਆਸੀਸ ॥ ਨਿਮਖ ਨ ਬਿਸਰਉ ਤੁਮ੍ ਕਉ ਹਰਿ ਹਰਿ ਸਦਾ ਭਜਹੁ ਜਗਦੀਸ ॥**" (ਅੰਗ ੪੯੬) 'ਤੋਂ ਕੰਮ ਸ਼ੁਰੂ ਕਰਕੇ "**ਦੇਹੁ ਸਜਣ ਅਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ**" ਤੱਕ ਪਹੁੰਚਣਾ ਸੀ ਪਰ ਉਥੇ ਪਰ-ਦਰਬ ਦੀ ਸਾਵਧਾਨੀ ਨਾ ਰੱਖਣ ਕਾਰਨ "**ਲੈਦਾ ਬਦ ਦੁਆਇ ਤੂੰ ਮਾਇਆ ਕਰਹਿ ਇਕਤ ॥**" (ਅੰਗ ੪੨) ਦਾ ਧਾਰਨੀ ਹੋ ਗਿਆ। ਬਦ ਦੁਆਵਾਂ ਦਾ ਮਾਰਿਆ ਸਹਜ ਵਿੱਚ ਸਮਾ ਜਾਣ ਦੀ ਆਸ ਕਿਥੋਂ ਰੱਖ ਸਕਦਾ ਹੈ। ਪਰਾਏ ਦਰਬ ਨੇ ਜਿਥੇ ਆਉਣਾ ਹੈ ਉਥੇ ਆਪਣਾ ਸਾਰਾ ਪ੍ਰੀਵਾਰ, ਲਾਲਚ, ਤ੍ਰਿਸਨਾ, ਈਰਖਾ, ਪਾਪ, ਇਤਿਆਦਿਕ ਸਭ ਕੁਝ ਨਾਲ ਹੀ ਲੈ ਆਉਣਾ ਹੈ, ਜਿਸ ਕਰਕੇ

ਹਿਰਦਾ ਪਾਪਾਂ ਨਾਲ ਭਰਿਆ ਸਹਜ ਨਹੀਂ, ਭਟਕਣਾ ਦੀ ਮਿਸਾਲ ਹੁੰਦਾ ਹੈ।

ਚੌਥੀ ਸਾਵਧਾਨੀ ਵੀ ਬਹੁਤ ਹੀ ਕਮਾਲ ਦੀ ਹੈ ਕਿਉਂਕਿ ਇਸ ਦਾ ਪ੍ਰਹੇਜ਼ ਕੋਈ ਕਰੋੜਾਂ ਵਿਚੋਂ ਇਕ ਅੱਧ ਰੱਖ ਪਾਉਂਦਾ ਹੈ। ਮਨ ਨੂੰ ਚਿੰਤਾ ਰਹਿਤ ਰੱਖਣਾ ਚਾਹੁੰਦੇ ਹਾਂ ਤਾਂ ਬਹੁਤ ਹੀ ਜ਼ਰੂਰੀ ਹੈ ਕਿ ਪਰਾਈ ਨਿੰਦਾ ਕਰਨੀ ਛੱਡ ਕੇ ਸਗੋਂ ਨਿੰਦਾ ਕਰਨ ਵਾਲੇ ਨੂੰ ਵੀ ਕੁਰਾਹੇ ਤੋਂ ਰੋਕਣਾ ਚਾਹੀਦਾ ਹੈ ਕਿਉਂਕਿ ਇਹ ਰਾਹ ਸਹਜ ਦਾ ਨਹੀਂ:

ਪ੍ਰਥਮੇ ਛੋਡੀ ਪਰਾਈ ਨਿੰਦਾ ॥ ਉਤਰਿ ਗਈ ਸਭ ਮਨ ਕੀ ਚਿੰਦਾ ॥

(ਅੰਗ ੧੧੪੭)

ਦਿਨ ਰਾਤ ਦੂਜਿਆਂ ਦੇ ਔਗੁਣ ਫੋਲ-ਫੋਲ ਕੇ ਅਜਿਹਾ ਆਦੀ ਹੋ ਜਾਂਦਾ ਹੈ ਕਿ ਉਹ ਕਦੇ ਆਪਣੇ ਔਗੁਣ ਨਹੀਂ ਫੋਲ ਸਕਦਾ ਜਿਸ ਕਰਕੇ ਸਾਰੀ ਜ਼ਿੰਦਗੀ ਔਗੁਣਾਂ ਦੀ ਗੰਢ ਬੰਨ੍ਹਦਾ ਰਹਿੰਦਾ ਹੈ। ਆਖ਼ਰਕਾਰ ਇਸ ਦੁਨੀਆਂ ਵਿੱਚ ਰਹਿੰਦਿਆਂ ਅਗਿਆਨਤਾ ਦੀ ਨੀਂਦਰ ਵਿੱਚ ਸੁੱਤਿਆਂ ਹੀ ਮਾਲਿਕ ਨਾਲੋਂ ਟੁੱਟ ਕੇ ਆਪਣੇ ਗੁਣਾਂ ਨੂੰ ਆਪੇ ਹੀ ਸੰਨ੍ਹ ਲਾ ਕੇ ਭਾਵ ਆਪ ਹੀ ਰਸਤਾ ਖੋਲ੍ਹਕੇ ਗੁਣ ਲੁਟਾ ਔਗੁਣਾਂ ਦੀ ਪੰਡ ਬੰਨ੍ਹਕੇ ਲੈ ਜਾਂਦਾ ਹੈ। ਔਗੁਣ ਇਸਨੂੰ ਸਹਜ ਵਿੱਚ ਨਹੀਂ ਬਲਕਿ ਜਨਮ ਮਰਨ ਦੀ ਭਟਕਣਾ ਵਿੱਚ ਲੈ ਜਾਂਦੇ ਹਨ:

ਨਾਨਕ ਸੁਤੀ ਪੇਈਐ ਜਾਣੁ ਵਿਰਤੀ ਸੰਨਿ ॥
ਗੁਣਾ ਗਵਾਈ ਗੰਠੜੀ ਅਵਗਣ ਚਲੀ ਬੰਨਿ ॥

(ਅੰਗ ੨੩)

ਇਸ ਲਈ 'ਨਿੰਦਕ ਕੀ ਗਤਿ ਕਤਹੂੰ ਨਾਹੀ' ਹੋਣ ਕਰਕੇ ਭਾਈ ਗੁਰਦਾਸ ਜੀ ਸਹਜ ਵਿੱਚ ਸਮਾਉਣ ਵਾਲੇ ਨੂੰ ਬਹੁਤ ਹੀ ਨੇਕ ਅਤੇ ਕੀਮਤੀ ਸਲਾਹ ਦੱਸਦੇ ਹਨ ਕਿ ਦੇਖੀਂ ਭਾਈ, ਕਿਧਰੇ ਧਰਮ ਵੀ ਕਮਾਉਂਦਾ ਹੋਵੇਂ, ਧਰਮ ਦੀ ਦੁਨੀਆਂ ਵਿੱਚ ਵੀ ਰਹਿੰਦਾ ਹੋਵੇਂ ਪਰ ਫਿਰ ਵੀ ਧਰਮੀ ਬਣਨ ਦੀ ਬਜਾਇ ਕਿਧਰੇ ਪਰਾਈ ਨਿੰਦਾ ਦਾ ਔਗੁਣ ਤੇਰੀ ਨਾਲ ਦੀ ਨਾਲ ਪੈਦਾ ਕੀਤੀ ਪੂੰਜੀ ਨੂੰ ਲੁੱਟ-ਲੁੱਟ ਕੇ ਤੈਨੂੰ ਧਰਮੀ ਬਣਨ ਦੀ ਬਜਾਇ ਨਿੰਦਕ ਨਾ ਬਣਾ ਦੇਵੇ। ਇਸ ਲਈ ਪਰ ਨਿੰਦਾ ਸੁਣ ਆਪਿ ਹਟਾਵੈ ਦਾ ਧਾਰਨੀ ਹੋਣਾ ਪਵੇਗਾ। ਗੁਰੂ ਕ੍ਰਿਪਾ ਕਰੇ ਜ਼ੁਬਾਨ ਰਸਕਿ ਰਸਕਿ ਰੱਬੀ ਗੁਣ ਗਾ ਕੇ ਆਨੰਦ ਲੈ ਸਕੇ ਅਤੇ ਨਿੰਦਾ ਦੇ ਹੋਛੇ ਰਸ ਦੀ ਪਹਿਚਾਣ ਕਰਕੇ ਤਿਆਗ ਸਕੇ। ਇਹ ਸਾਰੀ ਕਰਾਮਾਤ ਗੁਰੂ ਪਾਤਿਸ਼ਾਹ ਦੀ ਰਹਿਮਤ ਨਾਲ ਹੀ ਵਰਤ ਸਕਦੀ ਹੈ।

ਜ਼ਿੰਦਗੀ ਦਾ ਦਸਤੂਰ ਹੈ ਕਿ ਕੰਮ ਇਕ ਹੀ ਹੋ ਸਕਦਾ ਹੈ ਭਾਵੇਂ ਪਾਪ ਕਰ ਲਵੋ ਭਾਵੇਂ ਪੁੰਨ ਕਰ ਲਵੋ। ਇਹ ਸਾਡਾ ਭਰਮ ਤਾਂ ਹੋ ਸਕਦਾ ਹੈ ਕਿ ਮੈਂ ਦੋਵੇਂ

ਚੀਜ਼ਾਂ ਕਰ ਸਕਦਾ ਹਾਂ ਪਰ ਅਸਲੀਅਤ ਇਹੋ ਹੀ ਹੈ ਕਿ ਭਾਵੇਂ ਚੰਗੇ ਕਰਮ ਕਰ ਲਵੋ ਭਾਵੇਂ ਮਾੜੇ ਕਰਮ ਕਮਾ ਲਵੋ। ਹੁਣ ਗੁਰੂ ਉਪਦੇਸ਼ ਦੀ ਕਮਾਈ ਕਰਨ ਵਾਲੇ ਕੋਲ ਨਿੰਦਾ, ਪਰਾਇਆ ਧਨ ਅਤੇ ਵਿਕਾਰਾਂ ਦੀ ਦੁਨੀਆਂ ਵਿੱਚ ਜਾਣ ਦਾ ਵੇਹਲ ਨਹੀਂ ਹੁੰਦਾ, ਕਿਉਂਕਿ ਕੋਈ ਵੀ ਕਮਾਈ ਵਕਤ ਜ਼ਰੂਰ ਮੰਗਦੀ ਹੈ। ਨੇਕ ਕਮਾਈ ਭਾਵ ਗੁਰੂ ਉਪਦੇਸ਼ ਦੀ ਕਮਾਈ ਕਰਨ ਵਾਲੇ ਕੋਲ ਅਜਿਹੀਆਂ ਚੀਜ਼ਾਂ ਲਈ ਵਕਤ ਨਹੀਂ ਹੁੰਦਾ।

ਰਾਮ ਰਾਮ ਬੋਲਿ ਰਾਮ ਰਾਮ ॥ ਤਿਆਗਹੁ ਮਨ ਕੇ ਸਗਲ ਕਾਮ ॥

(ਅੰਗ ੧੧੯੨)

ਮਨ ਦੇ ਸਗਲੇ ਕੰਮ ਤਿਆਗਣ ਦਾ ਅਰਥ ਹੀ ਇਹ ਹੈ ਕਿ ਪਰਾਈ ਨਿੰਦਾ, ਪਰਾਈ ਇਸਤ੍ਰੀ ਪ੍ਰਤੀ ਮੰਦੀ ਭਾਵਨਾ ਦਾ ਤਿਆਗ, ਪਰਾਏ ਧਨ ਪ੍ਰਤੀ ਉਕਤੀਆਂ ਜੁਗਤੀਆਂ ਨਾਲੋਂ ਗੁਰੂ ਉਪਦੇਸ਼ ਦੀ ਕਮਾਈ ਕਰਨਾ ਮਹਾਨ ਕਾਰਜ ਹੈ। ਇਹ ਸਹਜ ਅਵਸਥਾ ਵਿੱਚ ਸਮਾ ਕੇ ਜਨਮ ਮਰਨ ਦੀ ਭਟਕਣਾ ਤੋਂ ਬਚਣ ਦੀ ਪੰਜਵੀਂ ਨਿਸ਼ਾਨੀ ਅਤੇ ਸਾਵਧਾਨੀ ਹੈ।

'ਦੇਹ ਤੇਜਣਿ ਜੀ ਰਾਮ ਉਪਾਈਆ ਰਾਮ' ਦੇ ਮੁਬਾਰਿਕ ਕਥਨ ਅਨੁਸਾਰ ਸਰੀਰ ਆਤਮਾ ਦੀ ਸਵਾਰੀ ਹੈ, ਸੰਸਾਰ ਤੋਂ ਪ੍ਰਭੂ ਪਿਆਰੇ ਦੀ ਗੋਦ ਤੱਕ ਸਫ਼ਰ ਕਰਨ ਵਾਸਤੇ। ਦਾਨਾ ਪੁਰਖ ਹਮੇਸ਼ਾ ਹੀ ਸਵਾਰੀ ਭਾਵ ਦੇਹੀ ਦੀਆਂ ਲੋੜਾਂ ਪੂਰੀਆਂ ਕਰਕੇ ਬਾਕੀ ਸਮਾਂ ਇਸ ਤੋਂ ਕੰਮ ਲੈਂਦਾ ਹੈ। ਬਹੁਤੀ ਗਿਣਤੀ ਵਿੱਚ ਉਹ ਲੋਕ ਹਨ ਜਿਹੜੇ ਜ਼ਿੰਦਗੀ ਭਰ ਇਸ ਦੀਆਂ ਲੋੜਾਂ ਪੂਰੀਆਂ ਕਰਨ ਵਿੱਚ, ਇਸ ਨੂੰ ਸੰਭਾਲਣ ਵਿਚ ਲਗੇ ਰਹਿੰਦੇ ਹਨ, ਪਰ ਇਸ ਤੋਂ ਕੰਮ ਨਹੀਂ ਲੈਂਦੇ। ਅੰਮ੍ਰਿਤ ਬਚਨ ਵਿੱਚ ਪਿਆਰ ਭਰੀ ਤਾਕੀਦ ਹੈ ਕਿ :

ਭਲਕੇ ਉਠਿ ਪਪੋਲੀਐ ਵਿਣੁ ਬੁਝੇ ਮੁਗਧ ਅਜਾਣਿ ॥
ਸੋ ਪ੍ਰਭੁ ਚਿਤਿ ਨ ਆਇਓ ਛੁਟੈਗੀ ਬੇਬਾਣਿ ॥

(ਅੰਗ ੪੩)

ਲੋੜਾਂ ਪੂਰੀਆਂ ਕਰਨੀਆਂ ਤਾਂ ਯਾਦ ਹਨ ਪਰ ਇਸ ਤੋਂ ਕੰਮ ਵੀ ਲੈਣਾ ਸੀ, ਇਹ ਭੁੱਲ ਹੀ ਗਿਆ। ਸਾਰਾ ਸੰਸਾਰ ਜੋ ਕੁਝ ਇਕੱਠਾ ਕਰ ਰਿਹਾ ਹੈ, ਜੋ ਖੋਜ ਹੋ ਰਹੀ ਹੈ ਭਾਵ ਹਰ ਪਾਸੇ ਦੀ ਦੌੜ ਭੱਜ ਨੂੰ ਕਿਧਰੇ ਸੋਚ ਭਰੀ ਨਿਗਾਹ ਨਾਲ ਦੇਖੀਏ ਤਾਂ ਸੁਭਾਵਿਕ ਹੀ ਜਵਾਬ ਸਾਹਮਣੇ ਪਿਆ ਨਜ਼ਰ ਆ ਜਾਂਦਾ ਹੈ ਕਿ ਕੋਈ ਵਿਰਲਾ ਹੀ ਹੈ ਜਿਹੜਾ ਇਸ ਦੇਹੀ ਤੋਂ ਨਾਮ ਜਪਣ ਦਾ ਕੰਮ ਵਧੇਰੇ ਲੈਂਦਾ ਹੋਵੇ ਅਤੇ ਇਸ ਦੀਆਂ ਲੋੜਾਂ ਨੂੰ ਸੀਮਾ ਵਿੱਚ ਰੱਖਦਾ ਹੋਵੇ। ਖਾਣ ਦੇ ਬਾਹਰ ਵੀ ਸਟੋਰ ਹਨ, ਖਾਣ ਦੇ ਘਰਾਂ ਵਿੱਚ ਵੀ ਸਟੋਰ (ਕਮਰਾ) ਬਣਾਏ ਹੁੰਦੇ ਹਨ।

ਪਹਿਨਣ ਦੇ ਜਾਂ ਹੋਰ ਸਹੂਲਤਾਂ ਦੇ ਬਾਹਰ ਵੀ ਸਟੋਰ ਭਾਵ ਵੱਡੀਆਂ ਦੁਕਾਨਾਂ ਹਨ ਅਤੇ ਘਰ ਵਿੱਚ ਅਲਮਾਰੀਆਂ ਭਰੀਆਂ ਹਨ ਪਰ ਬੰਦਗੀ ਲਈ ਬਣਾਏ ਬਾਹਰ ਸਟੋਰ ਭਾਵ ਧਾਰਮਿਕ ਅਸਥਾਨ ਇਸਨੇ ਉਹ ਵੀ ਖਾਣ ਪੀਣ ਤੇ ਲੜਾਈਆਂ ਨਾਲ ਭਰ ਲਏ ਅਤੇ ਆਪੋ ਆਪਣੇ ਘਰ ਵੀ ਖਾਣ ਪੀਣ ਆਪਸੀ ਲੜਾਈਆਂ ਨਾਲ ਹੀ ਭਰ ਲਏ ਹਨ। ਇਸ ਤੋਂ ਅਸਲ ਕੰਮ ਰੱਬੀ ਬੰਦਗੀ ਦਾ ਕੋਈ ਵਿਰਲਾ ਪੁਰਖ ਹੀ ਹੈ ਜਿਹੜਾ ਨਾਮ ਸਿਮਰਨ ਕਰਕੇ ਪ੍ਰਮਾਤਮ ਦੇਵ ਦੀ ਪ੍ਰਾਪਤੀ ਦੇ ਰਾਹ ਤੁਰਿਆ ਹੋਇਆ ਹੈ। ਤਦ ਹੀ ਭਾਈ ਗੁਰਦਾਸ ਜੀ ਅਜਿਹੇ ਪੁਰਖ ਤੋਂ ਵਾਰਨੇ ਬਲਿਹਾਰਨੇ ਜਾਂਦੇ ਹਨ ਜਿਸ ਨੇ ਲੋੜ ਅਨੁਸਾਰ ਥੋੜਾ ਖਾਧਾ ਅਤੇ ਦੇਹੀ ਦੀ ਲੋੜ ਮੁਤਾਬਿਕ ਥੋੜਾ ਸੌਂ ਕੇ ਬਾਕੀ ਸਮਾਂ ਇਸ ਤੋਂ ਨਾਮ ਸਿਮਰਨ ਦਾ ਕੰਮ ਲਿਆ ਹੈ।

ਹਉ ਤਿਸ ਘੋਲਿ ਘੁਮਾਇਆ ਥੋੜਾ ਸਵੈ ਥੋੜਾ ਹੀ ਖਾਵੈ ॥

ਅਖ਼ੀਰ ਵਿਚ ਭਾਈ ਸਾਹਿਬ ਜੀ ਨੇ ਗੁਰੂ ਜੀ ਵਲੋਂ ਬਖ਼ਸ਼ੀ ਹੋਈ ਗੁਰਮਤਿ ਭਰੀ ਅਕਲ ਦੀ ਤਕੜੀ ਨਾਲ ਤੋਲ ਕੇ ਨਿਰਣਾ ਕੱਢ ਕੇ ਸਾਹਮਣੇ ਰੱਖ ਦਿੱਤਾ ਕਿ ਉਹੀ ਗੁਰਮੁਖਿ ਸਹਜ ਵਿੱਚ ਸਮਾ ਸਕਦਾ ਹੈ ਜਿਹੜਾ **'ਪ੍ਰਮੇਸਰ ਤੇ ਭੁਲਿਆ ਵਿਆਪਨ ਸਭੇ ਰੋਗ'** ਜਾਂ ਫਿਰ ਬਾਣੀ ਵਿਸਾਰ ਪੱਕੇ ਰੋਗੀ ਵਾਂਗ ਤੜਫਣ ਵਾਲੇ ਦੁਖ ਵਿਛੋੜੇ ਤੋਂ ਨਾਮ ਦੀ ਦਵਾਈ ਲੈ ਕੇ ਵੈਦ ਗੁਰੂ ਗੋਬਿੰਦਾ ਕੋਲੋਂ ਨਾਲ ਹੀ ਇਹਨਾਂ ਗੱਲਾਂ ਦਾ ਪ੍ਰਹੇਜ਼ ਵੀ ਰੱਖਦਾ ਹੈ, ਉਹ ਸਹਜ ਵਿੱਚ ਸਮਾ ਜਾਂਦਾ ਹੈ। ਇਕ ਵਾਰੀ ਫਿਰ ਵੀਚਾਰ ਦੁਹਰਾ ਲਈਏ ਕਿ ਅੱਜ ਦੁਨੀਆਂ ਧਾਰਮਿਕ ਅਸਥਾਨਾਂ 'ਤੇ ਵੀ ਵਿਚਰਦੀ ਨਜ਼ਰ ਆਉਂਦੀ ਹੈ, ਦਵਾਈਆਂ ਵੀ ਖਾਂਦੀ ਨਜ਼ਰ ਆਉਂਦੀ ਹੈ ਪਰ ਦੇਹ ਅਰੋਗਤਾ ਭਾਵ ਜੀਵਨ ਮੁਕਤ ਰੂਪ ਦੇਹ ਅਰੋਗਤਾ ਕਿਸੇ ਵਿਰਲੇ ਕੋਲ ਹੈ ਜਦਕਿ ਵੈਦ ਵੀ ਪੂਰਾ ਹੈ, ਦਵਾਈ ਵੀ ਪੂਰੀ ਹੈ, ਬਸ ਕੇਵਲ ਕਮੀ ਹੈ ਤਾਂ ਪ੍ਰਹੇਜ਼ ਦੀ, ਜਿਸ ਬਾਰੇ ਭਾਈ ਗੁਰਦਾਸ ਜੀ ਨੇ ਸੁਚੇਤ ਕੀਤਾ ਹੈ :

ਪੂਛਤ ਹੈ ਵੈਦ ਖਾਤ ਅਉਖਧ ਨਾ ਸੰਜਮ ਸੈ
ਕੈਸੇ ਮਿਟੈ ਰੋਗ ਸੁਖ ਸਹਜ ਸਮਾਈਐ ॥

ਹੁਣ ਇਸ ਬਚਨ ਵਿੱਚ ਸਾਰਾ ਜ਼ੋਰ ਅਸਲ ਵਿੱਚ ਸੰਜਮ ਸੈ ਦੇ ਉਪਰ ਹੈ ਪਰ ਅਸੀਂ ਸਭ ਤੋਂ ਵੱਧ ਉਸ ਹੀ ਸ਼ਬਦ ਵੱਲ ਖ਼ਿਆਲ ਨਹੀਂ ਕਰ ਪਾਉਂਦੇ ਜਿਸ ਕਰਕੇ ਆਪਣਾ ਕਾਰਜ ਆਪ ਹੀ ਵਿਗਾੜ ਰਹੇ ਹਾਂ। ਸੰਜਮ ਹੀ ਸੀ ਜਿਹੜਾ ਮਰੀਜ਼ ਦੀ ਜ਼ਿਮੇਵਾਰੀ ਸੀ, ਬਾਕੀ ਤਾਂ ਸਾਰੀ ਜ਼ਿੰਮੇਵਾਰੀ ਹੁੰਦੀ ਹੀ ਵੈਦ ਦੀ ਹੈ। ਉਸਨੇ ਹੀ ਰੋਗ ਪਹਿਚਾਨਣਾ ਹੈਂ, ਉਸਨੇ ਹੀ ਦਵਾਈ ਦੇਣੀ ਹੈ।

ਬਸ ਅਖ਼ੀਰ ਵਿੱਚ ਦੋ ਗੱਲਾਂ ਹੋਰ ਪਾਠਕ ਜੀ ਨਾਲ ਸਾਂਝੀਆਂ ਕਰਕੇ ਇਸ ਵੀਚਾਰ ਨੂੰ ਸਮਾਪਤੀ ਦਾ ਰੂਪ ਦੇਣਾ ਚਾਹੁੰਦਾ ਹਾਂ। ਪਹਿਲੀ ਗੱਲ ਵਾਰ ਦੀ ਪਉੜੀ

ਨੂੰ ਥੋੜ੍ਹਾ ਗ਼ੌਰ ਨਾਲ ਵੇਖੀਏ ਤਾਂ ਸਪਸ਼ਟ ਰੂਪ ਵਿਚ ਸ਼ੁਰੂਆਤ ਜਿਹੜੀ ਭਾਈ ਗੁਰਦਾਸ ਜੀ ਨੇ ਗੁਰਮਤਿ ਸ਼ਬਦ ਤੋਂ ਕੀਤੀ ਹੈ, ਕਿਉਂਕਿ :

ਆਪਸ ਕਉ ਜੋ ਭਲਾ ਕਹਾਵੈ ॥ ਤਿਸਹਿ ਭਲਾਈ ਨਿਕਟਿ ਨ ਆਵੈ ॥

ਦੇ ਪਾਵਨ ਗੁਰਵਾਕ ਅਨੁਸਾਰ ਆਪੇ ਹੀ ਆਪਣੇ ਆਪ ਨੂੰ ਭਲਾ ਕਹਾਉਣ ਵਾਲਾ ਭਲਾ ਨਹੀਂ ਬਲਕਿ ਜਿਸਦੇ ਅੰਦਰ ਗੁਰਮਤਿ ਅਨੁਸਾਰ :

ਕਰਿ ਕਿਰਪਾ ਜਿਸ ਕੈ ਹਿਰਦੈ ਗਰੀਬੀ ਬਸਾਵੈ ॥
ਨਾਨਕ ਈਹਾ ਮੁਕਤੁ ਆਗੈ ਸੁਖੁ ਪਾਵੈ ॥

ਹੋ ਜਾਂਦਾ ਹੈ। ਆਪਸ ਕੋ ਭਲਾ ਕਹਾਉਣਾ ਦੋਨਾਂ ਗੱਲਾਂ ਵਿੱਚ ਬਹੁਤ ਹੀ ਅੰਤਰ ਹੈ। ਦੂਜੀ ਗੱਲ ਜਿਹੜੀ ਬਹੁਤ ਧਿਆਨ ਮੰਗਦੀ ਹੈ ਉਹ ਇਹ ਹੈ ਜੀ ਕਿ **ਸਤਿਗੁਰ ਕਾ ਉਪਦੇਸ ਕਮਾਵੈ**, ਉਪਦੇਸ ਸਤਿਗੁਰੂ ਜੀ ਦਾ ਹੈ। ਉਪਦੇਸ ਭਾਈ ਗੁਰਦਾਸ ਜੀ ਦਾ ਨਹੀਂ, ਕਮਾਉਣ ਵਾਲਾ ਵੀ ਵੱਖਰਾ ਹੈ, ਭਾਈ ਗੁਰਦਾਸ ਜੀ ਤਾਂ ਇਹ ਵੀਚਾਰ ਦੱਸਦੇ ਹਨ ਕਿ ਉਪਦੇਸ ਸਤਿਗੁਰੂ ਜੀ ਦਾ ਹੀ ਹੈ ਪਰ ਉਪਦੇਸ ਲੈਣਾ ਇਕ ਵੱਖਰੀ ਗੱਲ ਹੈ ਅਤੇ ਉਪਦੇਸ ਕਮਾਉਣਾ ਇਕ ਵੱਖਰੀ ਗੱਲ ਹੈ। ਗੁਰਮਤਿ ਤੋਂ ਸ਼ੁਰੂਆਤ ਕਰਕੇ ਸਤਿਗੁਰ ਦੇ ਉਪਦੇਸ਼ ਤੱਕ ਹਰ ਕੀਮਤੀ ਬਚਨ ਪਾਤਿਸ਼ਾਹਾਂ ਸਿਰਿ ਪਾਤਿਸ਼ਾਹ ਜੀ ਦਾ ਹੈ। ਮੈਂ ਤਾਂ ਸਿਰਫ ਪ੍ਰਹੇਜ਼ ਹੀ ਦੱਸ ਰਿਹਾ ਹਾਂ ਜੀ। ਸੋ ਭਾਈ ਗੁਰਦਾਸ ਜੀ ਨੇ ਇਹ ਪ੍ਰਹੇਜ਼ ਦੱਸੇ ਹਨ, ਜਿਨ੍ਹਾਂ ਨਾਲ (ਗੁਰਮੁਖਿ ਸੋਈ ਸਹਜ ਸਮਾਵੈ) ਦੀ ਅਵਸਥਾ ਤੱਕ ਪਹੁੰਚ ਜਾਂਦਾ ਹੈ।

ਗੁਰਮਤਿ ਰਿਦੈ ਗਰੀਬੀ ਆਵੈ

ਪ੍ਰਭੂ ਮਿਲਾਪ ਲਈ ਜਗਿਆਸੂ ਅੰਦਰ ਨਿਰਹੰਕਾਰ, ਸ਼ੁਭ ਵੀਚਾਰ, ਸ਼ੁਭ ਆਚਾਰ, ਪਿਆਰ ਅਤੇ ਸਤਿਕਾਰ ਹੋਣਾ ਚਾਹੀਦਾ ਹੈ। ਇਹ ਅਸਲ ਵਿੱਚ ਫਿਰ ਹਿਰਦੇ ਦਾ ਸ਼ਿੰਗਾਰ ਬਣਦਾ ਹੈ। ਧੁਰ ਅੰਦਰ ਸਹਿਜ ਪੈਦਾ ਹੀ ਉਦੋਂ ਹੋ ਸਕਦਾ ਹੈ ਜਦੋਂ ਅਜਿਹੀਆਂ ਬਖ਼ਸ਼ਿਸ਼ਾਂ ਨਾਲ ਸੱਚੇ ਦੇ ਦਰੋਂ ਜੀਵ ਲਈ ਨਿਵਾਜ਼ਿਸ਼ ਹੁੰਦੀ ਹੈ। ਹੰਕਾਰ ਦਾ ਕੰਮ ਹੈ ਕਿ ਹਰ ਉਹ ਚੀਜ਼ ਜਿਹੜੀ ਟਿਕਾਅ ਵਿੱਚ, ਸਹਿਜ ਵਿੱਚ ਬੈਠੀ ਹੈ, ਉਸ ਵਿੱਚ ਉੱਚਾ ਉੱਠਣ ਦੀ ਭਾਵਨਾ ਪੈਦਾ ਕਰਕੇ ਲੁਟਾ ਦੇਣਾ, ਪਰ ਨਿਰਹੰਕਾਰੀ ਹੋ ਕੇ, ਸ਼ੁਭ ਵੀਚਾਰਾਂ ਦਾ ਧਾਰਨੀ ਹੋ ਕੇ ਸ਼ੁਭ ਆਚਾਰ, ਪਿਆਰ ਅਤੇ ਸਤਿਕਾਰ ਨੂੰ ਪੂਰੀ ਲਗਨ ਨਾਲ ਸੰਭਾਲ ਰੱਖਣਾ ਹੀ ਰਿਦੈ ਗਰੀਬੀ ਦਾ ਨਾਮ ਹੈ। ਕੋਈ ਦੁਨੀਆਂ ਵਿੱਚ ਨਿਮਾਣਾ ਹੋ ਕੇ ਨਿਮਾਣਿਆਂ ਵਾਂਗ ਜੀਵੇ, ਉਹ ਨਿਮਾਣਾ ਨਹੀਂ ਹੁੰਦਾ। ਨਿਮਾਣਾ ਤਾਂ ਉਹ ਹੈ ਜਿਸ ਕੋਲ ਮਾਣ ਹੁੰਦੇ ਹੋਏ ਵੀ ਨਿਮਾਣੇ ਵਾਂਗੂੰ ਰਹਿਣ ਦੀ ਜੁਗਤੀ ਹੋਵੇ। ਅਜਿਹੀ ਦਰਵੇਸ਼ ਜ਼ਿੰਦਗੀ ਲਈ ਹੀ ਰੱਬੀ ਬਾਣੀ ਦੀ ਅਸੀਸ ਹੈ ਕਿ :

> ***"ਮਤਿ ਹੋਦੀ ਹੋਇ ਇਆਣਾ ॥ ਤਾਣੁ ਹੋਦੇ ਹੋਇ ਨਿਤਾਣਾ ॥***
> ***ਅਣਹੋਦੇ ਆਪੁ ਵੰਡਾਏ ॥ ਕੋ ਐਸਾ ਭਗਤੁ ਸਦਾਏ ॥"***

(ਅੰਗ ੧੩੮੪)

ਕੋਈ ਧਨ ਕਰਕੇ, ਗੁਣਾਂ ਕਰਕੇ, ਰਾਜਸੀ ਸੱਤਾ ਕਰਕੇ ਤਾਂ ਅਤਿ ਦਾ ਮਾਣ ਪਾਉਣ ਵਾਲਾ ਹੋਵੇ ਪਰ ਮਨ ਕਰਕੇ ਨਿਮਾਣਾ ਹੋ ਕੇ ਰਿਦੈ ਦਾ ਗਰੀਬ ਹੋਵੇ ਕਿਉਂਕਿ 'ਤੋਹੀ ਮੋਹੀ, ਮੋਹੀ ਤੋਹੀ' ਦੀ ਅਭੇਦਤਾ ਤਦ ਹੀ ਹੋਣੀ ਹੈ ਜਦੋਂ 'ਅਬ ਤੂਹੀ ਮੈ ਨਾਹੀ' ਵਾਲੀ ਅਵਸਥਾ ਬਣ ਜਾਵੇ। ਇਸ ਨੂੰ ਕੇਵਲ ਰਿਦੈ ਦੀ ਗ਼ਰੀਬੀ ਹੀ ਪੈਦਾ ਕਰ ਸਕਦੀ ਹੈ। ਭਾਈ ਨੰਦ ਲਾਲ ਜੀ ਇਕ ਥਾਂ ਬਹੁਤ ਪਿਆਰਾ ਬਚਨ ਕਰਦੇ ਹਨ ਕਿ ਐ ਮਨੁੱਖ ! ਜਿੰਨਾ ਚਿਰ ਤੇਰੇ ਅੰਦਰ ਖ਼ੁਦ ਦੀ ਹੀ ਭਾਵਨਾ ਦਾ ਵਾਸ ਹੈ ਭਾਵ ਝੂਠੀ ਹਉਮੈ ਹੈ ਅਤੇ ਦਿਖਾਵੇ ਦੀ ਭਾਵਨਾ ਹੈ ਉਤਨਾ ਚਿਰ ਪ੍ਰਮੇਸ਼ਰ ਵਿਚ ਅਭੇਦਤਾ ਹੋਣੀ ਤਾਂ ਇਕ ਪਾਸੇ, ਰੱਬ ਦੇ ਨੇੜੇ ਵੀ ਨਹੀਂ ਜਾ ਸਕਦਾ। ਕਿਉਂਕਿ ਰੱਬ ਅਜਿਹੇ ਦਿਖਾਵੇ ਵਾਲਿਆਂ ਤੋਂ ਕੋਹਾਂ ਦੂਰ ਰਹਿੰਦਾ ਹੈ ਪਰ ਜੇਕਰ ਕੋਈ ਆਪਣਾ ਹਿਰਦਾ ਹਉਮੈ ਤੋਂ ਪਵਿੱਤਰ ਕਰ ਲੈਂਦਾ ਹੈ, ਅੰਦਰ ਝਾਤ ਮਾਰ ਲੈਂਦਾ ਹੈ ਤਾਂ ਫਿਰ ਹਿਰਦੇ ਵਿਚੋਂ ਹੀ ਪ੍ਰਭੂ ਪਿਆਰਾ ਪਾ ਲੈਂਦਾ ਹੈ।

"ਅਜ਼ ਖੁਦ ਨੁਮਾਈਏ ਤੂ ਖੁਦਾ ਹਸਤ ਦੂਰ ਤਰ ॥
ਬੀਨੀ ਦੂਰਨਿ ਖੇਸ ਸ਼ਵੀ ਅਜ਼ ਖੁਦੀ ਖਲਾਸ ॥"

ਕੋਈ ਰਾਜਾ ਰਾਜ ਤਖ਼ਤ 'ਤੇ ਬੈਠ ਕੇ ਹਾਕਮ ਹੋ ਕੇ ਆਪਣੀ ਸੁਰਤਿ ਬਿਰਤ ਬ੍ਰਹਿਮੰਡ ਵਿੱਚ ਖਿਲਾਰੀ ਬੈਠਾ ਹੋਵੇ, ਇਹ ਤਾਂ ਆਮ ਜਿਹਾ ਅਨੁਮਾਨ ਹੈ। ਕੋਈ ਵੀ ਅਜਿਹਾ ਕਿਆਸ ਕਰ ਸਕਦਾ ਹੈ ਕਿਉਂਕਿ ਰਾਜਸੀ ਤਾਕਤ ਦਾ ਮਾਲਿਕ ਹੋ ਕੇ ਸੰਸਾਰ ਵਿੱਚ ਵਿਚਰਨ ਵਾਲਾ ਹੰਕਾਰੀ ਹੋ ਕੇ ਹੀ ਪੂਰਨ ਮਾਣ ਮੱਤਾ ਹੋ ਸਕਦਾ ਹੈ। ਅਜਿਹੀਆਂ ਉਦਾਹਰਣਾਂ ਨਾਲ ਤਾਂ ਇਤਿਹਾਸ ਦਾ ਪੰਨਾ-ਪੰਨਾ ਸ਼ਾਹਦੀ ਭਰਦਾ ਹੈ, ਪਰ ਕੋਈ ਅਜਿਹਾ ਰਾਜਾ ਹੋਵੇ ਜਿਸ ਨੇ ਸਾਰੇ ਕੂੜੇ ਤਾਣ ਮਾਣ ਦਾ ਤਿਆਗ ਕਰਕੇ ਬ੍ਰਹਿਮੰਡ ਵਿੱਚ ਖਿੱਲਰੀ ਸੁਰਤਿ ਨੂੰ ਇਤਨਾ ਇਕਾਗਰ ਕਰ ਲਿਆ ਹੋਵੇ ਕਿ ਬ੍ਰਹਿਮੰਡ ਵਿੱਚ ਉਸ ਨੂੰ ਕਾਇਆ ਦੇ ਪਿੰਡ ਵਿੱਚ ਨਜ਼ਰ ਆ ਗਿਆ ਹੋਵੇ, ਅਜਿਹੇ ਰਿਦੇ ਗਰੀਬੀ ਵਾਲਿਆਂ ਦੀ ਹੀ ਬਾਣੀ ਧੰਨ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੋਈ ਹੈ ਤਾਂਕਿ ਜੀਵ ਸਮਝ ਸਕੇ ਕਿ ਰਾਜਾ ਹੋ ਕੇ ਕਿਵੇਂ ਨਿਰਮਾਣਤਾ ਨੂੰ ਜ਼ਿੰਦਗੀ ਦਾ ਸ਼ਿੰਗਾਰ ਬਣਾਉਂਦਾ ਹੈ। ਗਗਰੌਨ ਦਾ ਹੁਕਮਰਾਨ ਜਿਹੜਾ ਰਾਜਸਥਾਨ ਦੀ ਰਿਆਸਤ ਦਾ ਹਿੱਸਾ ਸੀ, ਜਿਸ ਦੇ ਘਰ ਵਿੱਚ ਸੰਸਾਰਿਕ ਧਨ ਪਦਾਰਥਾਂ ਦੇ ਨਾਲ ਨਾਲ ਸੋਲਾਂ ਹੱਦ ਦਰਜੇ ਦੀਆਂ ਸੁੰਦਰ ਰਾਣੀਆਂ ਵੀ ਹੋਣ, ਪਰ ਉਹ ਆਪਣੀ ਸੁਰਤਿ ਨੂੰ ਸੰਭਾਲ ਕੇ ਸਾਂਈ ਦੀ ਯਾਦ ਵਿੱਚ ਲੱਗਾ ਬੈਠਾ ਹੋਵੇ, ਅਜਿਹੇ ਇਤਿਹਾਸ ਵਿੱਚੋਂ ਹਿਰਦੇ ਦੇ ਗ਼ਰੀਬ ਲੱਭਣੇ ਬਹੁਤ ਔਖੇ ਹਨ। ਇਨ੍ਹਾਂ ਨੂੰ ਤਾਂ ਗੁਰੂ ਦੀ ਪਾਰਖੂ ਅੱਖ ਹੀ ਵੇਖ ਸਕਦੀ ਹੈ। ਅਜਿਹੇ ਪੂਰਨ ਭਗਤ ਦਾ ਨਾਮ ਭਗਤ ਪੀਪਾ ਜੀ ਹੈ ਜਿਨ੍ਹਾਂ ਦਾ ਉਚਾਰਿਆ ਪਵਿੱਤਰ ਉਪਦੇਸ਼ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਵਿੱਤਰ ਅੰਗ ੬੯੫ 'ਤੇ ਸਸ਼ੋਭਿਤ ਹੈ:

"ਕਾਯਉ ਦੇਵਾ ਕਾਇਅਉ ਦੇਵਲ ਕਾਇਅਉ ਜੰਗਮ ਜਾਤੀ ॥
ਕਾਇਅਉ ਧੂਪ ਦੀਪ ਨਈਬੇਦਾ, ਕਾਇਅਉ ਪੂਜਉ ਪਾਤੀ ॥੧॥
ਕਾਇਆ ਬਹੁ ਖੰਡ ਖੋਜਤੇ ਨਵ ਨਿਧਿ ਪਾਈ ॥
ਨ ਕਛੁ ਆਇਬੋ ਨ ਕਛੁ ਜਾਇਬੋ ਰਾਮ ਕੀ ਦੁਹਾਈ ॥੧॥ ਰਹਾਉ ॥
ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥
ਪੀਪਾ ਪ੍ਰਣਵੈ ਪਰਮ ਤਤੁ ਹੈ ਸਤਿਗੁਰੁ ਹੋਇ ਲਖਾਵੈ ॥"

(ਅੰਗ ੬੯੫)

ਰਿਦੈ ਦੀ ਗ਼ਰੀਬੀ ਦੀ ਤਸਵੀਰ ਪੇਸ਼ ਕਰਦਾ ਗੁਰੂ ਇਤਿਹਾਸ ਵਿੱਚ ਇਕ ਬਹੁਤ ਹੀ ਪਿਆਰਾ ਜ਼ਿਕਰ ਹੈ। ਕਦੇ ਸੋਚਕੇ ਵੇਖੀਏ ਕਿ ਕਿਸੇ ਦੇ ਥੋੜ੍ਹੇ ਜਿਹੇ ਹੀ ਦੁਨੀਆਵੀ ਨੁਕਸਾਨ ਨਾਲ ਜ਼ਿੰਦਗੀ ਅੰਦਰ ਕਿਹੋ ਜਿਹੀ ਉਥਲ ਪੁਥਲ ਹੋ

ਜਾਂਦੀ ਹੈ, ਪਰ ਜਿਸ ਦੀ ਪੂਰੀ ਦੁਨੀਆਂ ਹੀ ਵਿੱਛੜ ਚੁੱਕੀ ਹੋਵੇ ਜਿਸ ਨਾਲ ਜ਼ਿੰਦਗੀ ਦੀਆਂ ਬਹੁਤ ਹੀ ਮਿਠੀਆਂ ਪਿਆਰੀਆਂ ਯਾਦਾਂ ਵੀ ਜੁੜੀਆਂ ਹੋਈਆਂ ਹੋਣ, ਫਿਰ ਪ੍ਰੀਵਾਰ ਵੀ ਵਿੱਛੜ ਗਿਆ ਹੋਵੇ, ਆਪਣੇ ਅੱਖਾਂ ਦੇ ਸਾਹਮਣੇ ਦੋ ਪੁੱਤ ਸ਼ਹੀਦ ਕਰਵਾਏ ਹੋਣ, ਧਨ ਦੌਲਤ ਜਿਸ ਦੀ ਪੁਜਾਰੀ ਹੋਵੇ, ਬਿਰਧ ਮਾਤਾ ਤੇ ਨੰਨੇ ਜਿਹੇ ਮਾਸੂਮ ਬੱਚੇ, ਪ੍ਰੀਵਾਰਕ ਮਹਿਲ (ਸੁਪਤਨੀਆਂ), ਘੋੜਿਆਂ ਤੇ ਜੋੜਿਆਂ ਤੋਂ ਵੀ ਵਿਹੂਣਾ ਅਰਸ਼ਾਂ ਦਾ ਮਾਲਿਕ ਅੱਜ ਸਭ ਕੁਝ ਛੱਡ ਛੁਡਾ ਕੇ ਮਾਛੀਵਾੜੇ ਦੇ ਜੰਗਲ ਵਿੱਚ ਬੈਠਾ ਨਾ ਪੁੱਤਰਾਂ ਦੇ ਵਿਛੋੜੇ ਵਿੱਚ, ਨਾ ਪਤਨੀਆਂ ਦੇ ਵਿਛੋੜੇ ਵਿੱਚ, ਨਾ ਧਨ ਦੌਲਤ ਦੇ ਵਿਛੋੜੇ ਵਿੱਚ, ਨਾ ਮਾਤਾ ਪਿਤਾ ਦੇ ਵਿਛੋੜੇ ਵਿੱਚ ਅਤੇ ਨਾ ਹੀ ਅਨੰਦਪੁਰ ਦੇ ਵਿਛੋੜੇ ਵਿੱਚ ਤੜਫ ਤੜਫ ਕੇ ਸਾਂਈ ਦੀ ਝੋਲੀ ਉਲਾਮਿਆਂ ਨਾਲ ਭਰ ਰਿਹਾ ਹੋਵੇ ਬਲਕਿ, ਉਹ ਤਾਂ ਅੱਜ ਵੀ ਕਹਿ ਰਿਹਾ ਹੋਵੇ ਕਿ ਹੇ ਰੱਬਾ :

"ਤੁਧ ਬਿਨ ਰੋਗ ਰਜਾਈਆਂ ਦਾ ਓਢਣ ਨਾਗ ਨਿਵਾਸਾਂ ਦੇ ਰਹਿਣਾ ॥

ਮੈਨੂੰ ਤੇਰੇ ਦਰ ਦਾ ਵਿਛੋੜਾ ਦੁਖਦਾਈ ਹੈ। ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਅਜਿਹੀ ਹੀ ਰਿਦੈ ਦੀ ਗ਼ਰੀਬੀ ਦਾ ਸਬਕ ਸਾਨੂੰ ਸਿਖਾਇਆ ਸੀ। ਤਦ ਹੀ ਤਾਂ ਅੱਜ ਸੰਸਾਰਿਕ ਭਾਵਨਾਵਾਂ ਦੀ ਨੁਮਾਇੰਦਗੀ ਕਰਦਾ ਇਕ ਵਿਦਵਾਨ ਪੁਰਖ ਬੋਲ ਪ੍ਰਤੀਤ ਹੁੰਦਾ ਹੈ ਜਿਸ ਨਾਲ ਵਿਦਵਾਨ ਪੁਰਸ਼ ਨੇ ਸ਼ਬਦ ਦੇ ਪੁਸ਼ਪਾਂ ਨਾਲ ਬਾਦਸ਼ਾਹ ਦਰਵੇਸ਼ ਦੇ ਚਰਨ ਚੁੰਮਕੇ ਨਮਸਕਾਰ ਕੀਤੀ ਹੈ। ਜਿਸ ਔਲਾਦ ਨਾਲ 'ਪੁਤੀ ਗੰਢ ਪਵੈ ਸੰਸਾਰ' ਪੁੱਤ ਵਾਰਕੇ ਸੰਸਾਰ ਨਾਲੋਂ ਤੋੜ, ਨਿਰੰਕਾਰ ਨਾਲ ਜੋੜੀ ਰੱਖੀ।

"ਖ਼ੁਸ਼ੀ ਨਾਲ ਕੁਰਬਾਨੀਆਂ ਦੇਣ ਚਲੇ,
ਜੋੜੀ ਏਸ ਪਾਸੇ ਜੋੜੀ ਓਸ ਪਾਸੇ।
ਉਸ ਵੇਲੇ ਸਰਕਾਰ ਨੂੰ ਖਿੱਚ ਹੈ ਸੀ
ਥੋੜੀ ਉਸ ਪਾਸੇ ਥੋੜੀ ਏਸ ਪਾਸੇ।
ਇਹ ਤੇ ਕੋਈ ਵੀ ਨਹੀਂ ਆਖ ਸਕਦਾ,
ਜੋੜੀ ਏਸ ਪਾਸੇ ਤੋੜੀ ਏਸ ਪਾਸੇ।
ਚਾਰੇ ਲਾਲ ਦਸਮੇਸ਼ ਨੇ ਵਾਰ ਕੇ ਤੇ
ਤੋੜੀ ਏਸ ਪਾਸੇ ਜੋੜੀ ਓਸ ਪਾਸੇ।"

ਭਾਈ ਗੁਰਦਾਸ ਜੀ ਦੇ ਬਚਨਾਂ ਦੀ ਵੀਚਾਰ ਵਿਚੋਂ ਜੀਵਨ ਜੁਗਤਿ ਲਈ ਬਹੁਤ ਕੁਝ ਸਹਿਜੇ ਹੀ ਪ੍ਰਾਪਤ ਹੋ ਜਾਂਦਾ ਹੈ। ਭਾਈ ਸਾਹਿਬ ਜੀ ਆਖਦੇ ਹਨ ਕਿ ਮਨੁੱਖਤਾ ਵਿੱਚ ਵੰਡਣ ਵਾਸਤੇ ਸਾਹਿਬ ਗੁਰੂ ਨਾਨਕ ਪਾਤਿਸ਼ਾਹ ਜੀ ਨੇ ਤਿੰਨ ਚੀਜ਼ਾਂ ਲਿਆਂਦੀਆਂ ਸਨ, ਪਹਿਲੀ - ਨਉ ਨਿਧਿ, ਦੂਜੀ - ਨਾਮ ਅਤੇ ਤੀਜੀ-ਦਾਤ

ਗ਼ਰੀਬੀ ਦੀ ਹੀ ਸੀ।

"ਬਾਬਾ ਪੈਧਾ ਸਚਖੰਡਿ ਨਉ ਨਿਧਿ ਨਾਮੁ ਗਰੀਬੀ ਪਾਈ ॥"

ਸਹਿਜੇ ਹੀ ਸੁਆਲ ਜਨਮ ਲੈਂਦਾ ਹੈ ਕਿ ਨਉ ਨਿਧਿ ਵਾਲਾ ਤੇ ਫਿਰ ਨਾਮ ਦੀ ਦਾਤ ਨਾਲ ਮਾਲਾ ਮਾਲ ਹੋਇਆ ਪੁਰਖ ਪ੍ਰਾਣੀ ਗ਼ਰੀਬ ਕਿਵੇਂ ਹੋ ਸਕਦਾ ਹੈ ? ਜਾਂ ਉਸਦਾ ਗ਼ਰੀਬੀ ਨਾਲ ਕੀ ਸੰਬੰਧ ? ਬੱਸ ਇਹੋ ਹੀ ਗੱਲ ਸਮਝਣ ਵਾਲੀ ਹੈ। ਗੁਰਮਤਿ ਵਿੱਚ ਧਨ ਦੀ ਜਾਂ ਦੁਨਿਆਵੀ ਵਸਤੂਆਂ ਦੀ ਕਮੀ ਜਾਂ ਘਾਟ ਵਾਲੇ ਨੂੰ ਤਾਂ ਕੇਵਲ ਸੰਸਾਰੀ ਨਜ਼ਰਾਂ ਗ਼ਰੀਬ ਮੰਨਦੀਆਂ ਹਨ। ਗੁਰਮਤਿ ਦ੍ਰਿਸ਼ਟੀ ਨਾਲ ਤਾਂ ਉਸਨੂੰ ਗ਼ਰੀਬੀ ਮੰਨਿਆ ਹੈ ਜਿਸ ਕੋਲ ਨੌਂ ਹੀ ਖ਼ਜ਼ਾਨੇ (ਨਉ ਨਿਧਿ) ਹੋਣ, ਨਾਮ ਜਪੁ ਜਪੁ ਕੇ ਕਾਇਆਂ ਨਗਰ ਰੋਮ ਰੋਮ ਨੂੰ ਹਰੀ ਧਿਆਉਣ ਵਿੱਚ ਲਗਾਇਆ ਹੋਵੇ ਪਰ ਹਿਰਦਾ ਹੰਕਾਰ 'ਵਿਚ ਨਹੀਂ ਬਲਕਿ ਪ੍ਰਭੂ ਪਿਆਰ ਵਿੱਚ ਭਿੱਜਾ ਹੋਵੇ, ਹਿਰਦਾ ਨਿਮਰਤਾ ਦਾ ਧਾਰਨੀ ਹੋਵੇ, ਕਿਉਂਕਿ ਗੁਰਮੁਖ ਤਾਂ ਜ਼ਿੰਦਗੀ ਦਾ ਹਰ ਪਲ ਹੀ ਇਸ ਢੰਗ ਨਾਲ ਸਫਲਾ ਕਰਨਾ ਚਾਹੁੰਦਾ ਹੈ ਜਿਸ ਨਾਲ ਉਹ ਆਪਣੇ ਪਿਆਰੇ ਨੂੰ ਭਾਅ (ਚੰਗਾ) ਜਾਵੇ। ਹੁਣ ਪ੍ਰਮੇਸ਼ਰ ਜੀ ਨੂੰ ਉਹ ਗ਼ਰੀਬ ਜਿਸ ਕੋਲ ਹੋਵੇ ਸਭ ਕੁਝ ਪਰ ਉਹ ਰਹਿੰਦਾ ਨਿਮਰਤਾ ਵਿੱਚ ਹੋਵੇ :

ਰਾਜਨ ਕਉਨੁ ਤੁਮਾਰੈ ਆਵੈ ॥
ਐਸੋ ਭਾਉ ਬਿਦਰ ਕੋ ਦੇਖਿਓ,
ਓਹੁ ਗਰੀਬੁ ਮੋਹਿ ਭਾਵੈ ॥

(ਅੰਗ ੧੧੦੫)

ਦੁਨੀਆਂ ਵਿੱਚ ਦੋ ਤਰ੍ਹਾਂ ਦੇ ਮਾੜੇ ਲੋਕ ਗਿਣੇ ਜਾਂਦੇ ਹਨ। ਇਕ ਉਹ ਹਨ ਜਿਨ੍ਹਾਂ ਨੇ ਮਾੜੇ ਕਰਮ ਕਮਾਏ ਪਰ ਦੂਜੇ ਉਹ ਵੀ ਮਾੜੇ ਲੋਕਾਂ ਵਿੱਚ ਹੀ ਗਿਣੇ ਜਾਂਦੇ ਹਨ ਜਿਹੜੇ ਕਰਨਾ ਤਾਂ ਮਾੜਾ ਹੀ ਚਾਹੁੰਦੇ ਸਨ ਪਰ ਪ੍ਰਮੇਸ਼ਰ ਵਲੋਂ ਹੀ ਸਮਾਂ ਨਹੀਂ ਮਿਲਿਆ। ਕਰਮਾਂ ਕਰਕੇ ਮਾੜੇ ਬਹੁਤ ਘੱਟ ਹਨ, ਪਰ ਜਿਹੜੇ ਸਮੇਂ ਕਰਕੇ ਜਾਂ ਨੀਅਤ ਕਰਕੇ ਮਾੜੇ ਹਨ, ਅਜਿਹੇ ਬਹੁਤ ਲੋਕ ਹਨ। ਅਜਿਹੇ ਲੋਕਾਂ ਨੂੰ ਹਿਰਦੇ ਦੇ ਮਾੜੇ ਕਿਹਾ ਜਾਂਦਾ ਹੈ। ਅਜਿਹੇ ਹੀ ਹਨ ਜਿਹੜੇ ਸਾਂਈਂ ਦੇ ਦਰ 'ਤੇ ਕਬੂਲ ਨਹੀਂ ਪੈਂਦੇ। ਰੱਬੀ ਬਾਣੀ ਦੀ ਵੀਚਾਰ, ਸੋਚ ਦੀ ਉਂਗਲ ਪਕੜਕੇ, ਇਥੋਂ ਤੱਕ ਦੀਦਾਰ ਕਰਵਾ ਦਿੰਦੀ ਹੈ ਕਿ ਪ੍ਰਮੇਸ਼ਰ ਜੀ ਨੇ ਆਪਣੇ ਪਿਆਰਿਆਂ ਨੂੰ ਆਪਣੇ ਘਰ ਦੇ ਸਾਰੇ ਖ਼ਜ਼ਾਨਿਆਂ ਦੀਆਂ ਚਾਬੀਆਂ ਹੀ ਪਕੜਾ ਦਿੱਤੀਆਂ ਹਨ। ਜਿਵੇਂ :

ਜੋ ਮਾਗਹਿ ਸੋਈ ਸੋਈ ਪਾਵਹਿ ਸੇਵਿ ਹਰਿ ਕੇ ਚਰਣ ਰਸਾਇਣ ॥
ਜਨਮ ਮਰਣ ਦੁਹਹੂ ਤੇ ਛੂਟਹਿ ਭਵਜਲੁ ਜਗਤੁ ਤਰਾਇਣ ॥

(ਅੰਗ੭੧੪)

ਜੋ ਮੰਗਾ ਸੋਈ ਦੇਵਦਾ ਹਰਿ ਪਿਤਾ ਸਭਨਾ ਗਲਾਂ ਲਾਇਕ ॥

ਪਰ ਹੈਰਾਨੀ ਦੀ ਗੱਲ ਇਹ ਹੈ ਕਿ ਜਿਸ ਕੋਲ ਸਾਰੇ ਖ਼ਜ਼ਾਨਿਆਂ ਦੀਆਂ ਚਾਬੀਆਂ ਹੋਣ ਤੇ ਰੱਬ ਉਨ੍ਹਾਂ ਦਾ ਆਖਾ ਵੀ ਨਾ ਮੋੜਦਾ ਹੋਵੇ ਪਰ ਉਹ ਫਿਰ ਵੀ ਸਾਦਗੀ ਜਿਹੀ ਜ਼ਿੰਦਗੀ, ਸਾਦਗੀ ਜਿਹੀ ਝੁੱਗੀ ਵਿੱਚ ਹੀ ਕੱਟਕੇ ਤੁਰ ਜਾਂਦੇ ਹਨ, ਉਹ ਕਦੇ ਖ਼ਜ਼ਾਨਿਆਂ ਦੇ ਮਾਲਿਕ ਹੋ ਕੇ ਵੀ ਆਪਣੀ ਜ਼ਿੰਦਗੀ ਦਾ ਸਮਾਂ ਐਸ਼ੋ ਇਸ਼ਰਤਾਂ ਵਿੱਚ ਨਹੀਂ ਗਵਾਉਂਦੇ ਪਰ ਦੂਜੇ ਪਾਸੇ ਨੀਅਤ ਦੇ ਭੁੱਖੇ ਧਨ ਦੌਲਤਾਂ ਨਾਲ ਭਾਵੇਂ ਲੱਦੇ ਪਏ ਹੋਣ ਫਿਰ ਵੀ ਦੂਜਿਆਂ ਦੇ ਹੱਕ ਖੋਹ ਖੋਹ ਕੇ ਆਪਣੇ ਹੱਥ ਅਤੇ ਮੂੰਹ ਸਦਾ ਪਰਾਏ ਹੱਕ ਨਾਲ ਨਾਪਾਕ ਕਰੀ ਰੱਖਦੇ ਹਨ। ਪਰ ਧੰਨ ਹਨ ਉਹ ਲੋਕ ਜਿਨ੍ਹਾਂ ਕੋਲ ਰੱਬੀ ਬਖ਼ਸ਼ਿਸ਼ ਦੀ ਨਿਸ਼ਾਨੀ ਮਨ ਦੀ ਗ਼ਰੀਬੀ ਦੀ ਦਾਤ ਹੁੰਦੀ ਹੈ:

ਮਨੁ ਜਿਉ ਅਪੁਨੇ ਪ੍ਰਭ ਭਾਵਉ ॥
ਨੀਚਹੁ ਨੀਚੁ ਨੀਚੁ ਅਤਿ ਨਾਨ੍ਹਾ, ਹੋਇ ਗਰੀਬੁ ਬੁਲਾਵਉ ॥੧॥ ਰਹਾਉ ॥
ਅਨਿਕ ਅਡੰਬਰ ਮਾਇਆ ਕੇ ਬਿਰਥੇ ਤਾ ਸਿਉ ਪ੍ਰੀਤਿ ਘਟਾਵਉ ॥
ਜਿਉ ਅਪੁਨੋ ਸੁਆਮੀ ਸੁਖੁ ਮਾਨੈ ਤਾ ਮਹਿ ਸੋਭਾ ਪਾਵਉ ॥੧॥
ਦਾਸਨ ਦਾਸ ਰੇਣੁ ਦਾਸਨ ਕੀ ਜਨ ਕੀ ਟਹਲ ਕਮਾਵਉ ॥
ਸਰਬ ਸੂਖ ਬਡਿਆਈ ਨਾਨਕ, ਜੀਵਉ ਮੁਖਹੁ ਬੁਲਾਵਉ ॥੨॥

(ਅੰਗ ੫੨੯)

ਪੁਰਾਤਨ ਸਮੇਂ ਵਿੱਚ ਧਰਮ ਥੋਪਿਆ ਜਾਂਦਾ ਸੀ ਭਾਵ ਧਾਰਮਿਕ ਰੀਤਾਂ ਰਸਮਾਂ ਜੀਵ ਦੇ ਸਿਰ ਮੜ੍ਹ ਦਿੱਤੀਆਂ ਜਾਂਦੀਆਂ ਸਨ ਪਰ ਗੁਰਸਿੱਖੀ ਅੰਦਰ ਸਾਰੀ ਵੀਚਾਰ ਸਮਝਾਈ ਜਾਂਦੀ ਹੈ। ਇਸ ਕਰਕੇ ਹੀ ਸਾਹਿਬ ਜੀ ਨੇ ਬਹੁਤ ਵਾਰੀ ਇਹ ਸਭ ਕੁਝ ਕਰਕੇ ਵੀ ਦਿਖਾਇਆ ਸੀ। ਗੁਰੂ ਅਰਜਨ ਪਾਤਿਸ਼ਾਹ ਜੀ ਤੱਤੀ ਤਵੀ 'ਤੇ ਬੈਠ ਕੇ ਵੀ ਆਖਦੇ ਹਨ ਕਿ ਹੇ ਵਾਹਿਗੁਰੂ ਜੀ! ਤੇਰਾ ਕੀਤਾ ਹੋਇਆ ਮੈਨੂੰ ਪਿਆਰਾ (ਮਿੱਠਾ) ਲੱਗਦਾ ਹੈ ਪਰ ਸਾਈਂ ਮੀਆਂ ਮੀਰ ਜੀ ਵੇਖਕੇ ਹੀ ਕਹਿ ਉੱਠਦੇ ਹਨ ਕਿ ਹੁਕਮ ਹੋਵੇ ਤਾਂ ਇਟ ਨਾਲ ਇਟ ਖੜਕਾ ਦਿਆਂ। ਬੱਸ ਇਸੇ ਹੀ ਚੀਜ਼ ਦਾ ਨਾਮ ਗ਼ਰੀਬੀ ਹੈ। ਪੁਰਾਤਨ ਧਾਰਮਿਕ ਵੀਚਾਰ ਪੜ੍ਹਦਿਆਂ ਹੈਰਾਨੀ ਹੁੰਦੀ ਹੈ ਕਿ ਜਿਸ ਨੇ ਵੀ ਬੰਦਗੀ ਕਰਕੇ ਰੱਬੀ ਖ਼ੁਸ਼ੀ ਪ੍ਰਾਪਤ ਕੀਤੀ ਤਾਂ ਉਸਨੇ ਰੱਬ ਅੱਗੇ ਇਕ ਹੀ ਮੰਗ ਰੱਖੀ ਕਿ ਮੈਂ ਮਰਾਂ ਨਾ। ਭਾਵੇਂ ਉਹ ਹਰਨਾਕਸ਼ ਸੀ, ਭਾਵੇਂ ਉਹ ਰਾਵਣ ਸੀ ਜਾਂ ਕੋਈ ਹੋਰ ਦੇਵੀ ਦੇਵਤੇ ਸਨ ਪਰ ਗੁਰਮਤਿ ਅੰਦਰ ਅਜਿਹੀ ਗ਼ਰੀਬੀ ਦੀ ਗੱਲ ਸਹਿਜੇ ਹੀ ਸਮਝ ਪੈ ਜਾਂਦੀ ਹੈ ਕਿ ਜਿਥੇ ਇਨ੍ਹਾਂ ਦੀ ਗੱਲ ਮੁੱਕਦੀ ਹੈ, ਗੁਰਸਿੱਖੀ ਦੀ ਤਾਂ ਉਥੋਂ ਸਗੋਂ ਸ਼ੁਰੂ ਹੁੰਦੀ ਹੈ। ਇਹ ਬੰਦਗੀ ਕਰਕੇ ਮਰਨ ਤੋਂ ਬਚਣਾ ਚਾਹੁੰਦੇ

ਹਨ ਪਰ ਇਥੇ ਤਾਂ 'ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ' ਪ੍ਰਵਾਨ ਕਰਨਾ ਪੈਂਦਾ ਹੈ। ਰੱਬੀ ਪਿਆਰ ਵਾਲਾ ਤਾਂ ਸਭ ਤੋਂ ਵੱਡਾ ਸੁੱਖ ਉਸ ਦੇ ਭ਼ਾਣੇ ਵਿੱਚ ਸਮਝਦਾ ਹੈ :

ਭਲੀ ਸੁਹਾਵੀ ਛਾਪਰੀ ਜਾ ਮਹਿ ਗੁਨ ਗਾਏ ॥
ਕਿਤ ਹੀ ਕਾਮਿ ਨ ਧਉਲਹਰ ਜਿਤੁ ਹਰਿ ਬਿਸਰਾਏ ॥੧॥ ਰਹਾਉ ॥
ਅਨਦੁ ਗਰੀਬੀ ਸਾਧਸੰਗਿ ਜਿਤੁ ਪ੍ਰਭ ਚਿਤਿ ਆਏ ॥
ਜਲਿ ਜਾਉ ਏਹੁ ਬਡਪਨਾ ਮਾਇਆ ਲਪਟਾਏ ॥੧॥
ਪੀਸਨੁ ਪੀਸਿ ਓਢਿ ਕਾਮਰੀ ਸੁਖੁ ਮਨੁ ਸੰਤੋਖਾਏ ॥
ਐਸੋ ਰਾਜੁ ਨ ਕਿਤੈ ਕਾਜਿ ਜਿਤੁ ਨਹ ਤ੍ਰਿਪਤਾਏ ॥੨॥
ਨਗਨ ਫਿਰਤ ਰੰਗਿ ਏਕ ਕੈ ਓਹੁ ਸੋਭਾ ਪਾਏ ॥
ਪਾਟ ਪਟੰਬਰ ਬਿਰਥਿਆ ਜਿਹ ਰਚਿ ਲੋਭਾਏ ॥੩॥
ਸਭੁ ਕਿਛੁ ਤੁਮ੍ਰੈ ਹਾਥਿ ਪ੍ਰਭ ਆਪਿ ਕਰੇ ਕਰਾਏ ॥
ਸਾਸਿ ਸਾਸਿ ਸਿਮਰਤ ਰਹਾ ਨਾਨਕ ਦਾਨੁ ਪਾਏ ॥੪॥

(ਅੰਗ ੭੪੫)

ਜਿਵੇਂ ਸੰਸਾਰਿਕ ਵਸਤੂਆਂ ਦਾ ਵਿਛੋੜਾ ਹੀ ਸੰਸਾਰਿਕ ਗ਼ਰੀਬੀ ਪੈਦਾ ਕਰਦਾ ਹੈ, ਇਸੇ ਤਰ੍ਹਾਂ ਹਿਰਦੇ ਦੇ ਘਰ ਵਿੱਚੋਂ ਵੀ ਕੁਝ ਗਵਾਇਆਂ ਹੀ ਇਹ ਮਨ ਦੀ ਗ਼ਰੀਬੀ ਨਸੀਬ ਹੁੰਦੀ ਹੈ। ਜਿੰਨਾ ਚਿਰ ਹਿਰਦਾ ਘਰ ਹੀ ਹੰਕਾਰ, ਵਿਕਾਰ ਤੇ ਮੈਲੀ ਵੀਚਾਰ ਨਾਲ ਭਰਿਆ ਹੋਇਆ ਹੈ, ਉਤਨਾ ਚਿਰ ਆਪੇ ਦੀ ਹੋਂਦ ਦਾ ਅਹਿਸਾਸ ਮਨ ਦੀ ਗ਼ਰੀਬੀ ਨੂੰ ਧਾਰਨ ਹੀ ਨਹੀਂ ਕਰਨ ਦਿੰਦਾ। ਜਦੋਂ ਹਿਰਦਾ ਖ਼ਾਲੀ ਹੋਵੇਗਾ, ਉਸ ਦਿਨ ਹੀ ਪ੍ਰਭੂ ਪਿਆਰੇ ਦਾ ਪਿਆਰ ਹਾਸਿਲ ਕਰਨ ਵਾਲੇ ਗੁਣਾਂ ਦੀ ਘਾਟ ਦਾ ਅਹਿਸਾਸ ਹੋਵੇਗਾ। ਫਿਰ ਹੀ ਜੋਦੜੀ ਹੋਵੇਗੀ ਕਿ :

ਮੋਹਿ ਗਰੀਬ ਕਉ ਲੇਹੁ ਰਲਾਇ ॥

(ਅੰਗ ੩੯੩)

ਇਕ ਵਾਰੀ ਇਕ ਉਸਤਾਦ ਨੇ ਆਪਣੇ ਸ਼ਾਗਿਰਦਾਂ ਨੂੰ ਸਿਖਾਉਂਦਿਆਂ ਇਕ ਉਦਾਹਰਣ ਦੇ ਕੇ ਸਮਝਾਇਆ ਕਿ ਭਾਈ, ਇਸ ਤਰ੍ਹਾਂ ਮੰਨ ਲਈਏ ਕਿ ਰੱਬ ਨੇ ਦੋ ਪੇਪਰ ਮਨੁੱਖ ਨੂੰ ਇਹ ਕਹਿ ਕੇ ਦਿੱਤੇ ਹਨ, ਕਿ ਇਕ ਪੇਪਰ ਉੱਤੇ ਮੈਂ ਤੇਰੇ ਔਗੁਣ ਲਿਖ.ਦਿੱਤੇ ਹਨ ਜਿਨ੍ਹਾਂ ਨੂੰ ਸਾਹਮਣੇ ਰੱਖਕੇ ਆਪਣੇ ਆਪ ਨੂੰ ਪਵਿੱਤਰ ਕਰਨ ਲਈ ਸਮਝ ਸਮਝ ਕੇ ਇਕ ਇਕ ਕਰਕੇ ਛੱਡਦਾ ਜਾਵੀਂ, ਜਿਸ ਨਾਲ ਕੇਵਲ ਇਨ੍ਹਾਂ ਦੇ ਦਾਗ਼ ਹੀ ਰਹਿ ਜਾਣਗੇ। ਪਰ ਔਗੁਣ ਖ਼ਤਮ ਹੋ ਜਾਣਗੇ ਫਿਰ ਰੱਬੀ ਰਹਿਮਤ ਭਰੀ ਨਦਰਿ ਇਨ੍ਹਾਂ ਦਾਗ਼ਾਂ ਨੂੰ ਵੀ ਸਾਫ਼ ਕਰ ਦੇਵੇਗੀ। ਜੀਵ ਨੂੰ

ਸਮਝਾਇਆ ਸੀ ਕਿ ਦੂਜੇ ਪੇਪਰ ਉੱਤੇ ਦੂਜਿਆਂ ਦੇ ਔਗੁਣ ਲਿਖੇ ਹੋਏ ਹਨ। ਉਨ੍ਹਾਂ ਨੂੰ ਸਾਹਮਣੇ ਰੱਖਣ ਦੀ ਬਜਾਇ ਨਜ਼ਰੋਂ ਦੂਰ ਕਰਕੇ ਗੁਣਾਂ ਦੀ ਸਾਂਝ ਪਾਵੀਂ। ਜੀਵ ਨੇ ਆਪਣੇ ਆਪ ਵਿੱਚ ਤਾਂ ਚਲਾਕੀ ਕੀਤੀ ਪਰ

ਬਹੁਤੁ ਸਿਆਣਪ ਜਮ ਕਾ ਭਉ ਬਿਆਪੈ ॥

(ਅੰਗ ੨੬੫)

ਵਾਲੀ ਗ਼ਲਤੀ ਕਰ ਬੈਠਾ। ਇਸਨੇ ਦੂਜਿਆਂ ਦੇ ਔਗੁਣਾਂ ਵਾਲਾ ਪਰਚਾ ਸਾਹਮਣੇ ਰੱਖ ਲਿਆ ਤੇ ਆਪਣੇ ਵਾਲਾ ਪਿਛੇ ਛੁਪਾ ਲਿਆ ਜਿਸ ਨਾਲ ਹੁਣ ਇਸ ਨੂੰ ਦੂਜਿਆਂ ਦੇ ਹੀ ਔਗੁਣ ਨਜ਼ਰ ਆਉਂਦੇ ਹਨ, ਆਪਣੇ ਵਿੱਚ ਸਾਰੇ ਗੁਣ ਹੀ ਦਿਸਦੇ ਹਨ। ਇਸ ਨਾਲ ਮਨ ਗ਼ਰੀਬ ਹੋਣ ਦੀ ਬਜਾਇ ਸਗੋਂ ਮੈਗਲ ਵਾਂਗ ਹੀ ਆਕੜਿਆ ਰਹਿੰਦਾ ਹੈ। ਜਿਹੜਾ ਪ੍ਰਮੇਸ਼ਰ ਮਨ ਦੇ ਗ਼ਰੀਬਾਂ ਨੂੰ

ਓਹ ਗਰੀਬ ਮੋਹਿ ਭਾਵੈ ॥

ਆਖਕੇ ਬੁਲਾਉਂਦਾ ਹੈ, ਉਹ ਹੰਕਾਰੀਆਂ ਨਿੰਦਕਾਂ ਵੱਲ ਪਿੱਠ ਕਰਕੇ ਬੈਠ ਜਾਂਦਾ ਹੈ। ਇਸੇ ਲਈ ਭਾਈ ਗੁਰਦਾਸ ਜੀ ਆਖਦੇ ਹਨ ਕਿ

ਹਉ ਤਿਸ ਘੋਲਿ ਘੁਮਾਇਆ ਗੁਰਮਤਿ ਰਿਦੈ ਗਰੀਬੀ ਆਵੈ ॥

ਅਨੇਕਾਂ ਹੀ ਦਰਵੇਸ਼ਾਂ ਦੀ ਜ਼ਿੰਦਗੀ ਦੀਆਂ ਅਜਿਹੀਆਂ ਘਟਨਾਵਾਂ ਆਪਾਂ ਅਕਸਰ ਪੜ੍ਹਦੇ ਰਹਿੰਦੇ ਹਾਂ ਕਿ ਜਦੋਂ ਵੀ ਕਦੇ ਕੋਈ ਰੱਬੀ ਦਹਿਲੀਜ਼ 'ਤੇ ਪ੍ਰਵਾਨ ਹੋਇਆ ਹੈ ਤਾਂ ਉਹ ਇਸ ਪ੍ਰੀਖਿਆ ਵਿਚੋਂ ਦੀ ਜ਼ਰੂਰੀ ਗੁਜ਼ਰਿਆ ਹੈ। ਉਸਨੇ ਗ਼ਰੀਬੀ ਦੇ ਲਿਬਾਸ ਦਾ ਕਦੇ ਨ ਕਦੇ ਧੋਖਾ ਖਾਧਾ ਹੈ। ਮਿਸਾਲ ਦੇ ਤੌਰ ਤੇ ਇਕ ਦੋ ਜ਼ਿਕਰ ਆਪਾਂ ਸਾਂਝੇ ਕਰਦੇ ਹਾਂ। ਇਸਾਈ ਧਰਮ ਵਿੱਚ ਮੂਸੇ ਨਾਲ ਜੁੜੀ ਇਹ ਕਹਾਣੀ ਕਿ ਇਕ ਆਜੜੀ ਫਟੇ ਪੁਰਾਣੇ ਕੱਪੜੇ ਪਾ ਕੇ ਭੇਡਾਂ ਚਾਰਦਿਆਂ ਹੋਇਆਂ ਰੱਬ ਦੇ ਮਿਲਾਪ ਅਤੇ ਸੇਵਾ ਲਈ ਅਵਾਜ਼ਾਂ ਮਾਰ ਰਿਹਾ ਸੀ। ਮੂਸਾ ਜੀ ਨੇ ਦੇਖਕੇ ਚਪੇੜ ਮਾਰੀ, ਪਰ ਜਦੋਂ ਪਤਾ ਲੱਗਾ ਕਿ ਇਹ ਸਾਂਈ ਨੂੰ ਮੇਰੇ ਨਾਲੋਂ ਵੀ ਕਿਤੇ ਵੱਧ ਪਿਆਰਾ ਸੀ ਤਾਂ ਅਤਿ ਦਾ ਪਛਤਾਉਣਾ ਪਿਆ।

ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਲਈ ਪਵਿੱਤਰ ਸ਼ਹਿਦ ਲੈ ਕੇ ਜਾ ਰਿਹਾ ਇਕ ਸਿੱਖ ਵੀ ਇਸੇ ਪ੍ਰੀਖਿਆ ਵਿੱਚੋਂ ਲੰਘਿਆ ਸੀ। ਗੁਰੂ ਜੀ ਨੂੰ ਸ਼ਹਿਦ ਭੇਟ ਕਰਨ 'ਤੇ ਉਸਨੂੰ ਗੁਰੂ ਜੀ ਨੇ ਕਿਹਾ ਸੀ ਕਿ ਜਦੋਂ ਇਕ ਗਰੀਬੜਾ ਜਿਹਾ ਸਿਖ ਭਾਈ ਕੱਟੂ ਸ਼ਹਿਦ ਮੰਗਦਾ ਸੀ ਉਦੋਂ ਤੁਸੀਂ ਦਿੱਤਾ ਨਹੀਂ ਤੇ ਹੁਣ ਇਹ ਮੇਰੇ ਕਿਸੇ ਕੰਮ ਦਾ ਨਹੀਂ। ਸਾਰਾ ਜਗਤ ਹੀ ਇਕੋ ਸਾਖੀ ਵਿੱਚੋਂ ਪ੍ਰਮਾਤਮ ਦੇਵ ਦੀ ਖ਼ੁਸ਼ੀ ਪ੍ਰਾਪਤੀ ਦੀ ਜੁਗਤੀ ਨੂੰ ਸਹਜੇ ਸਮਝ ਸਕਦਾ ਹੈ।

ਹੋਰ ਵਿਚਾਰੀਏ, ਸੋਭਾ ਰਾਮ ਬੜਾ ਸਾਫ਼ ਸੁਥਰਾ ਗੁਰੂ ਸਾਹਿਬ ਜੀ ਦੇ ਬਹੁਤ

ਨੇੜੇ ਰਹਿਣ ਵਾਲਾ ਹਿਰਦੇ ਦੀ ਗ਼ਰੀਬੀ ਤੋਂ ਸੱਖਣਾ ਰਹਿ ਜਾਣ ਕਾਰਨ ਰਿੱਛ ਬਣਦਾ ਹੈ ਪਰ ਬਾਹਰੋਂ ਗੱਡੇ ਦਾ ਕੰਮ ਕਾਰੋਬਾਰ ਕਰਨ ਮਿੱਟੀ ਘੱਟੇ ਵਿੱਚ ਲਿਬੜਿਆ ਕੇਵਲ ਇਕ ਪਲ ਗੁਰੂ ਜੀ ਤੇ ਗੁਰੂ ਜੀ ਦੇ ਬਖ਼ਸ਼ੇ ਅੰਮ੍ਰਿਤ ਵਰਸੇ ਪ੍ਰਸ਼ਾਦ ਦੇ ਕਿਣਕੇ ਨਾਲ ਹੀ ਉਹ ਮੁਕਾਮ ਹਾਸਿਲ ਕਰ ਲੈਂਦਾ ਹੈ ਜਿਹੜਾ ਲੰਮੀ ਲੰਮੀ ਸਾਧਨਾ ਵਾਲੇ ਵੀ ਪ੍ਰਾਪਤ ਨਹੀਂ ਕਰ ਸਕਦੇ।

ਅੰਤ ਵਿਚਾਰ ਦਾ ਸਿੱਟਾ ਇਹੋ ਹੀ ਹੈ ਕਿ ਅੰਦਰ ਤਾਂ ਭਰਿਆ ਹੋਵੇ ਗੁਰੂ ਰਹਿਮਤਾਂ ਨਾਲ ਪਰ ਬਾਹਰੋਂ ਦਿਖਾਵਾ ਤਿਲ ਮਾਤਰ ਵੀ ਨਾ ਹੋਵੇ। ਇਹ ਹਿਰਦੇ ਦੀ ਗ਼ਰੀਬੀ ਮੇਰੇ ਪਾਤਿਸ਼ਾਹ ਸਿਰਿ ਪਾਤਿਸ਼ਾਹ ਜੀ ਨੂੰ ਚੰਗੀ ਲੱਗਦੀ ਹੈ। ਭਾਈ ਗੁਰਦਾਸ ਜੀ ਗੁਰੂ ਜੀ ਦੇ ਕੋਲ ਰਹਿਣ ਕਾਰਣ ਉਹ ਵੀ ਜਾਣ ਗਏ ਹਨ, ਇਸੇ ਲਈ ਕਹਿ ਰਹੇ ਹਨ:

"ਹਉ ਤਿਸ ਘੋਲਿ ਘੁਮਾਈ.........

ਪਰ ਨਾਰੀ ਦੈ ਨੇੜਿ ਨ ਜਾਵੈ

ਸੰਸਾਰਿਕ ਨਗਰੀ ਦੇ ਦੋ ਹੀ ਮੁਹੱਲੇ ਹਨ-ਇਕ ਸ਼ਰਾਰਤੀ ਮੁਹੱਲਾ ਤੇ ਦੂਜਾ ਪਰਮਾਰਥੀ ਮੁਹੱਲਾ। ਜਿਵੇਂ ਸਾਨੂੰ ਸਮਝਣ ਲਈ ਵਰਤੇ ਦੋ ਨਾਵਾਂ ਤੋਂ ਹੀ ਸਪਸ਼ਟ ਹੋ ਜਾਂਦਾ ਹੈ ਕਿ ਸ਼ਰਾਰਤੀ ਮੁਹੱਲੇ ਵਿੱਚ ਉਨ੍ਹਾਂ ਲੋਕਾਂ ਦਾ ਵਾਸਾ ਹੈ ਜਿਹੜੇ ਇਨਸਾਨ ਨੂੰ ਆਪਣੀਆਂ ਗੱਲਾਂ ਵਿੱਚ ਵਰਗਲਾ ਕੇ ਹੈਵਾਨ ਬਣਾ ਕੇ ਉਸ ਕੋਲੋਂ ਅਜਿਹੇ ਕੰਮ ਕਰਵਾਉਂਦੇ ਰਹਿੰਦੇ ਹਨ ਜਿਹੜੇ ਮਨੁੱਖਤਾ ਦੇ ਇਤਿਹਾਸ ਲਈ ਕਲੰਕ ਹੈ, ਮਨੁੱਖ ਲਈ ਦੋਸ਼ ਹੈ ਅਤੇ ਅੰਤ ਉਸ ਨੂੰ ਪਛਤਾਵੇ ਦੀ ਅੱਗ ਵਿੱਚ ਝੋਕ ਦਿੰਦੇ ਹਨ। ਦੂਜੇ ਪਾਸੇ ਭਾਵ ਪਰਮਾਰਥੀ ਮੁਹੱਲੇ ਵਿੱਚ ਅਜਿਹੇ ਲੋਕਾਂ ਦਾ ਵਾਸਾ ਹੁੰਦਾ ਹੈ ਜਿਹੜੇ ਉਜੜੇ ਜੀਵਨ ਨੂੰ ਵਸਾ ਕੇ ਅਜਿਹੀ ਜ਼ਿੰਦਗੀ ਬਖ਼ਸ਼ਦੇ ਹਨ ਜਿਹੜੀ ਮਨੁੱਖਤਾ ਲਈ ਮਿਸਾਲ ਬਣ ਜਾਂਦੀ ਹੈ, ਮਨੁੱਖ ਨੂੰ ਦੇਵਤਾ ਬਣਾ ਦਿੰਦੀ ਹੈ ਅਤੇ ਅਖ਼ੀਰ ਪਛਤਾਵੇ ਦੀ ਅੱਗ ਦੀ ਬਜਾਇ ਸੱਚੇ ਵਾਹਿਗੁਰੂ ਜੀ ਦੀ ਪਵਿੱਤਰ ਗੋਦ ਵਿੱਚ ਵਸਾ ਦਿੰਦੀ ਹੈ। ਆਉ ਸੁਰਤਿ ਦੀਆਂ ਅੱਖਾਂ ਨਾਲ ਇਨ੍ਹਾਂ ਦੋਵੇਂ ਮੁਹੱਲਿਆਂ ਦੇ ਦਰਸ਼ਨ ਕਰੀਏ ਤਾਂਕਿ ਮਨ ਕਮਲੇ ਨੂੰ ਫ਼ੈਸਲਾ ਕਰਨਾ ਸੌਖਾ ਹੋ ਜਾਏ ਕਿ ਮੈਂ ਕਾਮ ਰਸ ਦਾ ਧਾਰਨੀ ਹੋ ਕੇ ਜ਼ਿੰਦਗੀ ਉਜਾੜਨੀ ਹੈ ਜਾਂ ਫਿਰ ਨਾਮ ਰਸ ਦਾ ਧਾਰਨੀ ਹੋ ਕੇ ਜ਼ਿੰਦਗੀ ਸਵਾਰਨੀ ਹੈ।

ਜਦੋਂ ਤੋਂ ਸੰਸਾਰ ਦੀ ਉੱਤਪਤੀ ਹੋਈ ਹੈ ਉਦੋਂ ਤੋਂ ਹੀ ਮੰਨਿਆ ਜਾਂਦਾ ਹੈ ਕਿ ਸ਼ੈਤਾਨ ਨੇ ਹਮੇਸ਼ਾ ਇਹੋ ਕੋਸ਼ਿਸ਼ ਕੀਤੀ ਹੈ ਕਿ ਕਿਸੇ ਨਾ ਕਿਸੇ ਤਰ੍ਹਾਂ ਮੈਂ ਇਸ ਇਨਸਾਨ ਨੂੰ ਪ੍ਰੇਰਕੇ ਸ਼ਰਾਰਤੀ ਮੁਹੱਲੇ ਵਿੱਚ ਦਾ ਵਾਸੀ ਬਣਾ ਸਕਾਂ। ਜੇਕਰ ਇਕ ਵਾਰੀ ਇਹ ਮੇਰੇ ਆਖੇ ਲੱਗਕੇ ਸ਼ਰਾਰਤੀ ਮੁਹੱਲੇ ਵਿੱਚ ਆ ਗਿਆ ਫਿਰ ਜਲਦੀ ਕੀਤੇ ਇਥੋਂ ਜਾ ਨਹੀਂ ਸਕਦਾ। ਇਥੇ ਹੀ ਸਾਰੀ ਜ਼ਿੰਦਗੀ ਬਿਰਥੀ ਗਵਾ ਦੇਵੇਗਾ। ਈਸਾਈਅਤ ਦੀ ਦੁਨੀਆਂ ਦੀ ਇਕ ਕਹਾਣੀ ਹੈ ਕਿ ਮਨੁੱਖ ਨੂੰ ਸਾਜਣ ਉਪਰੰਤ ਇਸੇ ਦੀ ਹੀ ਭਾਵ ਮਨੁੱਖ ਦੀ ਹੀ ਇਕ ਪਸਲੀ ਤੋਂ ਮਾਈ ਹੱਵਾ ਨੂੰ ਰਚਾ ਦਿੱਤਾ। ਸ਼ੈਤਾਨ ਨੇ ਆਪਣੀਆਂ ਗੱਲਾਂ ਦੇ ਜਾਦੂ ਨਾਲ ਵਿਵਰਜਿਤ ਫਲ ਖੁਵਾ ਕੇ ਵਿਕਾਰੀ ਬਣਾ ਕੇ ਇਸ ਸ਼ਰਾਰਤੀ ਮੁਹੱਲੇ ਦੇ ਵਾਸੀ ਬਣਾ ਦਿੱਤਾ ਸੀ। ਇਸ ਤੋਂ ਸਪੱਸ਼ਟ ਹੈ ਕਿ ਸ਼ੈਤਾਨ ਹਮੇਸ਼ਾ ਹੀ ਵਿੰਵਰਜਿਤ ਕਰਮ ਕਰਵਾਉਂਦਾ ਹੈ। ਆਮ ਲੋਕੀਂ ਸ਼ੈਤਾਨ ਦੇ ਆਖੇ ਲੱਗਦੇ ਹਨ ਪਰ ਚੰਗੇ ਲੋਕੀਂ ਭਗਵਾਨ ਦੇ ਆਖੇ ਲੱਗਦੇ ਹਨ।

ਰਾਜਸੀ ਲੋਕਾਂ ਦੀ ਤਾਂ ਲੜਾਈ ਦੇ ਤਿੰਨ ਕਾਰਨਾਂ ਵਿੱਚ ਇਕ ਪ੍ਰਮੁੱਖ ਕਾਰਨ

ਹੀ ਵਿਦਵਾਨਾਂ ਦੀ ਦੁਨੀਆਂ ਵਿੱਚ ਇਸਤ੍ਰੀ ਦਾ ਰਿਹਾ ਹੈ। ਸੰਸਾਰਿਕ ਜੰਗਾਂ ਪਿਛੇ ਜ਼ਰ, ਜ਼ੋਰੂ ਤੇ ਜ਼ਮੀਨ ਦਾ ਹੀ ਬੋਲ ਬਾਲਾ ਹੈ। ਜ਼ੋਰੂ ਇਸਤ੍ਰੀ ਨੂੰ ਹੀ ਕਹਿੰਦੇ ਹਨ। ਜਹਾਂਗੀਰ ਵਰਗਾ ਬਾਦਸ਼ਾਹ ਆਪਣੀ ਭੁੱਖ ਦੇ ਕਾਰਨ ਨੂਰ ਜਹਾਂ ਜਿਸ ਦਾ ਪਹਿਲਾਂ ਵਿਆਹ ਹੋ ਚੁੱਕਾ ਸੀ ਪਰ ਜਹਾਂਗੀਰ ਨੇ ਇਸ ਦੇ ਪਤੀ ਨੂੰ ਮਰਵਾ ਕੇ ਇਸਨੂੰ ਆਪਣੇ ਘਰ ਲਿਆ ਕੇ ਇਸ ਦਾ ਨਾਮ ਬਦਲਕੇ ਨੂਰ ਜਹਾਂ ਰੱਖਿਆ ਸੀ। ਇਸ ਦਾ ਜਨਮ ਸੰਨ 1591 ਵਿੱਚ ਹੋਇਆ ਸੀ ਤੇ ਇਸਦੇ ਪਤੀ ਦੀ ਮੌਤ 1611 ਵਿੱਚ ਕਰਵਾਈ ਗਈ ਸੀ। ਇਹ ਰਾਜ ਪ੍ਰਬੰਧ ਵਿੱਚ ਨਿਪੁੰਨ ਇਸਤਰੀ ਸੀ। ਇਹ ਜਹਾਂਗੀਰ ਤੋਂ ਵੀ 18 ਸਾਲ ਬਾਅਦ ਤੱਕ ਜੀਵਤ ਰਹੀ। ਆਖ਼ਿਰ 1645 ਨੂੰ ਲਾਹੌਰ ਵਿਖੇ ਚੜ੍ਹਾਈ ਕਰ ਗਈ ਸੀ। ਪਰ ਆਪਾਂ ਵੀਚਾਰ ਕਰ ਰਹੇ ਸਾਂ ਕਾਮੁਕ ਬ੍ਰਿਤੀ ਦੀ। ਕਿਸੇ ਦੀ ਖ਼ੁਸ਼ੀਆਂ ਭਰੀ ਜ਼ਿੰਦਗੀ ਉਜਾੜਕੇ ਉਸਦੇ ਪਤੀ ਦਾ ਕਤਲ ਕਰਕੇ ਕਿਸੇ ਦੀ ਇਸਤ੍ਰੀ ਨੂੰ ਆਪਣੀ ਹੋਣ ਦੀ ਮੋਹਰ ਲਗਾਉਣੀ ਅਜਿਹੀ ਵੀਚਾਰ ਕਿਸੇ ਸ੍ਰਿਸ਼ਟਾਚਾਰ ਮਨੁੱਖ ਦੀ ਨਹੀਂ ਹੁੰਦੀ।

ਸੰਸਾਰ ਦੇ ਇਤਿਹਾਸ ਨੇ ਪੂਰਨ ਭਗਤ ਵਰਗਿਆਂ ਦੇ ਕਿੱਸੇ ਗਾਏ, ਕਿਧਰੇ ਲੂਣਾ ਦੇ ਕਿੱਸੇ ਗਾਏ ਪਰ ਇਨ੍ਹਾਂ ਪਿੱਛੇ ਬਿਰਤੀਆਂ ਤਾਂ ਆਖ਼ਿਰ ਕਾਮ ਦੀਆਂ ਭੁੱਖੀਆਂ ਹੀ ਹਨ। ਸਾਰੀ ਵੀਚਾਰ ਲਿਖਣ ਤੋਂ ਭਾਵ ਇਹੋ ਹੀ ਸੀ ਕਿ ਸ਼ਰਾਰਤੀ ਮੁਹੱਲੇ ਦਾ ਮੁੱਖੀ ਕਾਮ ਹੈ, ਜਿਹੜਾ ਰੱਜਕੇ ਉਜਾੜਦਾ ਹੈ ਪਰ ਦੂਜੇ ਪਾਸੇ ਪ੍ਰਮਾਰਥੀ ਮੁਹੱਲੇ ਦਾ ਮੁਖੀ ਨਾਮ ਹੈ, ਜਿਹੜਾ ਉਜੜਿਆਂ ਨੂੰ ਵੀ ਵਸਾਉਂਦਾ ਹੈ। ਇਹ ਤਾਂ ਸਗੋਂ ਜਿਹੜੇ ਕਿਸੇ ਦੀਆਂ ਧੀਆਂ ਭੈਣਾਂ ਲੁੱਟਦੇ ਸਨ ਉਨ੍ਹਾਂ ਨੂੰ ਵੀ ਨੱਥ ਪਾ ਕੇ ਉਨ੍ਹਾਂ ਬੱਚੀਆਂ ਨੂੰ ਸੁਰੱਖਿਅਤ ਢੰਗ ਨਾਲ ਉਨ੍ਹਾਂ ਦੇ ਘਰੋ ਘਰੀਂ ਪਹੁੰਚਾਂਦਾ ਰਿਹਾ ਹੈ। ਇਸ ਮੁਹੱਲੇ ਦੇ ਰੀਤੀ ਰਿਵਾਜ ਹੀ ਵੱਖਰੇ ਢੰਗ ਦੇ ਹਨ। ਕਾਮ ਰਸ ਇਥੇ ਵੀ ਹੈ ਪਰ ਇਥੇ ਕਿਸੇ ਮਰਿਆਦਾ ਵਿੱਚ ਬੰਨ੍ਹਿਆ ਹੋਣ ਕਰਕੇ ਇਥੇ ਅਸੂਲ ਹੈ ਕਿ :

ਨਿਜ ਨਾਰੀ ਸਿਉ ਨੇਹੁ ਤੁਮ ਨਿਤ ਬਢੈਯਹੁ ॥
ਪਰ ਨਾਰੀ ਕੀ ਸੇਜ, ਭੂਲਿ ਸੁਪਨੈ ਹੂੰ ਨ ਜੈਯਹੁ ॥
ਏਕਾ ਨਾਰੀ ਜਤੀ ਹੋਇ ਪਰ ਨਾਰੀ ਧੀ ਭੈਣ ਵਖਾਣੈ ॥
ਪਰ ਬੇਟੀ ਕੋ ਬੇਟੀ ਜਾਨੈ ॥ ਪਰ ਇਸਤ੍ਰੀ ਕੋ ਮਾਤ ਬਖਾਨੈ ॥
ਆਪਨੀ ਇਸਤ੍ਰੀ ਸਿਉ ਰਤਿ ਹੋਈ ॥ ਰਹਤਵਾਨ ਗੁਰ ਕਾ ਸਿਖ ਸੋਈ ॥

(ਭਾਈ ਨੰਦ ਲਾਲ ਜੀ)

ਇਥੇ ਤਾਂ ਮਨੁੱਖ ਦੀ ਅੱਖ ਨੂੰ ਵੀ 'ਪਰ ਤ੍ਰਿਅ ਰੂਪ ਨ ਪੇਖੈ ਨੇਤ੍ਰ' ਦਾ ਉਪਦੇਸ਼ ਦੇ ਕੇ 'ਹਰਿ ਕਾ ਰੂਪ ਹੈ ਹਰਿ ਰੂਪ ਨਦਰੀ ਆਇਆ' ਦੇਖਣ ਦੀ ਆਗਿਆ ਹੈ। ਹਰ ਇਕ ਨਿੱਕੀ ਤੋਂ ਨਿੱਕੀ ਗੱਲ ਦਾ ਵੀ ਧਿਆਨ ਰੱਖਿਆ ਗਿਆ ਹੈ। ਕਿਸੇ

ਤਰ੍ਹਾਂ ਸ਼ੈਤਾਨ ਆਪਣੇ ਮਗਰ ਲਾ ਕੇ ਭਟਕਾ ਨਾ ਲਵੇ। ਇਥੋਂ ਤੱਕ ਕਹਿ ਦਈਏ ਕਿ ਨੌਂ ਧੁਨੀਆਂ ਹਨ ਜਿਨ੍ਹਾਂ 'ਤੇ ਵਾਰਾਂ ਨੂੰ ਗਾਉਣ ਦਾ ਹੁਕਮ ਸਾਹਿਬ ਜੀ ਨੇ ਕੀਤਾ ਸੀ। ਜਿਥੇ ਨੌਂ ਹੀ ਧੁਨੀਆਂ ਉਨ੍ਹਾਂ ਸੱਚ 'ਤੇ ਪਹਿਰਾ ਦੇਣ ਵਾਲੇ ਬਹਾਦਰਾਂ ਦੀਆਂ ਹਨ, ਉਨ੍ਹਾਂ ਵਿਚੋਂ ਤਿੰਨ ਅਜਿਹੀਆਂ ਹਨ ਜਿਨ੍ਹਾਂ ਦਾ ਪਿਛੋਕੜ ਇਸਤ੍ਰੀ ਜਾਤੀ ਨਾਲ ਹੀ ਜਾ ਜੁੜਦਾ ਹੈ। ਜਿਵੇਂ : ਟੁੰਡੇ ਅਸ ਰਾਜੈ ਕੀ ਧੁਨੀ: ਅਸਰਾਜ ਦੇ ਪਿਤਾ ਦਾ ਨਾਂ ਸਾਰੰਗ ਸੀ। ਇਸ ਦੀ ਛੋਟੀ ਰਾਣੀ ਨਵਜੋਬਨਾ ਸੀ। ਸਾਰੰਗ ਦੀ ਉਮਰ ਵਡੇਰੀ ਸੀ ਜਿਸ ਕਰਕੇ ਅਸਰਾਜ ਭਰ ਜੁਆਨ ਸੀ ਜਿਸ ਵੱਲ ਵੇਖਕੇ ਨਵਜੋਬਨਾ ਮੋਹਿਤ ਹੋ ਗਈ ਅਤੇ ਇਕ ਦਿਨ ਆਪਣੀ ਭਾਵਨਾ ਪ੍ਰਗਟ ਕਰ ਦਿੱਤੀ। ਅਸਰਾਜ ਭਾਵੇਂ ਜੁਆਨ ਸੀ ਪਰ ਮਨੁੱਖੀ ਰਿਸ਼ਤਿਆਂ ਦੀ ਕਦਰ ਕੀਮਤ ਦਿਲੋਂ ਜਾਣ ਦਾ ਪਛਾਣਦਾ ਸੀ ਜਿਸ ਕਰਕੇ ਮਾਂ ਵਰਗਾ ਪਵਿੱਤਰ ਸ਼ਬਦ ਕਲੰਕਿਤ ਕਰਨ ਦੀ ਬਜਾਇ ਉਸਦੇ ਕਰੋਧ ਦਾ ਸ਼ਿਕਾਰ ਹੋਣਾ ਪਸੰਦ ਕਰ ਲਿਆ। ਨਵਜੋਬਨਾ ਨੇ ਪਾਖੰਡ ਦਾ ਸਹਾਰਾ ਲੈ ਕੇ ਸਾਰੰਗ ਨੂੰ ਭਰਮਾ ਲਿਆ ਕਿ ਤੇਰੇ ਪੁੱਤਰ ਨੇ ਮੇਰੀ ਇੱਜ਼ਤ ਨੂੰ ਦਾਗ਼ੀ ਕਰਨਾ ਚਾਹਿਆ ਹੈ। ਰਾਜੇ ਨੇ ਸੁਣਦੇ ਸਾਰ ਹੀ ਕਤਲ ਕਰਨ ਦਾ ਹੁਕਮ ਸੁਣਾ ਦਿੱਤਾ, ਪਰ ਉਸਦੇ ਭੇਜੇ ਹੋਏ ਕਾਤਲਾਂ ਨੂੰ ਤਰਸ ਆ ਗਿਆ। ਉਨ੍ਹਾਂ ਨੇ ਜੰਗਲ ਵਿੱਚ ਜਾ ਕੇ ਅਸਰਾਜ ਦਾ ਹੱਥ ਕੱਟ ਕੇ ਦਰਬਾਰ ਵਿਚ ਪੇਸ਼ ਕਰ ਦਿੱਤਾ ਤੇ ਆਖ ਦਿੱਤਾ ਕਿ ਅਸਰਾਜ ਦਾ ਕਤਲ ਕਰ ਦਿੱਤਾ ਹੈ ਪਰ ਕਰਤਾਰ ਦੀ ਕਰਨੀ ਤੇ ਓੜਕਿ ਸੱਚ ਦੀ ਜਿੱਤ ਹੋਣ ਕਰਕੇ ਕਿਸਮਤ ਨੇ ਅਸਰਾਜ ਨੂੰ ਵਿਦੇਸ਼ ਵਿਚ ਰਾਜ ਭਾਗ ਦੀ ਦਾਤ ਦਿਵਾ ਦਿੱਤੀ। ਪਿਤਾ ਨੂੰ ਭਾਵ ਸਾਰੰਗ ਨੂੰ ਜਿਸ ਦਿਨ ਇਸ ਭੇਦ ਦਾ ਪਤਾ ਲੱਗਾ ਤਾਂ ਉਸਨੇ ਅਸਰਾਜ ਨੂੰ ਵਾਪਿਸ ਚਿੱਠੀ ਭੇਜ ਕੇ ਬੁਲਾ ਲਿਆ। ਅਸਰਾਜ ਨੇ ਫਿਰ ਵੀ ਸਤਿਕਾਰ ਨਾਲ ਆਉਣਾ ਹੀ ਪਸੰਦ ਨਹੀਂ ਕੀਤਾ ਬਲਕਿ ਆ ਕੇ ਉਸ ਤਰ੍ਹਾਂ ਹੀ ਮਾਤਾ ਪਿਤਾ ਨੂੰ ਸਤਿਕਾਰ ਵੀ ਦਿੱਤਾ। ਅਸਰਾਜ ਦੀ ਮਹਿਮਾ ਹੋਈ। ਉਸ ਦੇ ਮਤਰੇਏ ਭਰਾ ਖ਼ਾਨ ਅਤੇ ਸੁਲਤਾਨ ਨੇ ਭਾਰੀ ਫ਼ੌਜਾਂ ਲੈ ਕੇ ਜੰਗ ਲੜਿਆ ਜਿਸ ਵਿੱਚ ਅਸਰਾਜ ਦੀ ਜਿੱਤ ਹੋਈ ਪਰ ਉਸਨੇ ਰਾਜ ਭਾਗ ਜਿੱਤ ਕੇ ਵੀ ਆਪ ਇਕਾਂਤ ਵਿੱਚ ਰਹਿਣਾ ਹੀ ਪਸੰਦ ਕੀਤਾ ਤੇ ਰਾਜ ਤਖ਼ਤ 'ਤੇ ਪਿਤਾ ਨੂੰ ਹੀ ਬਿਠਾਇਆ। ਅਜਿਹੇ ਕਾਮ ਦੇ ਜੇਤੂ ਨੂੰ ਵਕਤੀ ਢਾਡੀਆਂ ਦੀਆਂ ਕਲਮਾਂ ਤੇ ਜ਼ੁਬਾਨਾਂ ਨੇ ਸਲਾਹਿਆ :

ਭਬਕਿਆ ਸ਼ੇਰ ਸਰਦੂਲ ਰਾਇ ਰਣ ਮਾਰੂ ਬੱਜੇ।
ਸੁਲਤਾਨ ਖਾਨ ਬਡ ਸੂਰਮੇ ਵਿੱਚ ਰਸ ਦੇ ਗੱਜੇ।
ਖਤ ਲਿਖੇ ਟੁੰਡੇ ਅਸਰਾਜ ਨੂੰ ਪਾਤਿਸ਼ਾਹੀ ਅੱਜੇ।
ਟਿਕਾ ਸਾਰੰਗ ਬਾਪ ਨੇ, ਦਿਤਾ ਭਰ ਲੱਜੇ।

ਫਤੇ ਪਾਇ ਅਸਰਾਜ ਜੀ ਸ਼ਾਹੀ ਪਰ ਸਜੇ।

ਹੁਣ ਅੰਮ੍ਰਿਤ ਵੇਲੇ ਹੀ ਅਜਿਹੇ ਨਾਮ ਦੇ ਜੇਤੂ ਦੀ ਧੁੰਨੀ ਉਪਰ ਅਧਿਆਤਮਕ ਵਾਰ ਦਾ ਕੀਰਤਨ ਕਰਨ ਜਾਂ ਸੁਣਨ ਵਾਲਾ ਆਪਣਾ ਜੀਵਨ ਕਿਵੇਂ ਕਾਮ ਦੇ ਹੱਥ ਵੇਚ ਸਕਦਾ ਹੈ।

ਫਿਰ ਗੂਜਰੀ ਕੀ ਵਾਰ ਦੀ ਧੁੰਨੀ ਵੀ ਅਜਿਹੇ ਹੀ ਯੋਧੇ ਦਾ ਫ਼ਰਜ਼ ਚੇਤਾ ਕਰਵਾਉਂਦੀ ਹੈ। ਇਥੇ ਇਕ ਦਾ ਨਾਮ ਸਿਕੰਦਰ ਤੇ ਦੂਜੇ ਦਾ ਨਾਮ ਇਬਰਾਹਿਮ ਸੀ। ਸਿਕੰਦਰ ਦੀ ਬਿਰਤੀ ਵਿੱਚ ਨਾਮ ਦਾ ਰਸ ਸੀ ਪਰ ਇਬਰਾਹਿਮ ਦੀ ਬ੍ਰਿਤੀ ਕਾਮ ਰਸ ਵੱਲ ਭਾਰੂ ਸੀ, ਜਿਸ ਕਰਕੇ ਇਬਰਾਹਿਮ ਨੇ ਇਕ ਬੱਚੀ ਦਾ ਸਤ ਭੰਗ ਕਰਨਾ ਚਾਹਿਆ ਪਰ ਇਸ ਬੱਚੀ ਨੇ ਆਪਣੇ ਪਿਤਾ ਨੂੰ ਨਾਲ ਲੈ ਕੇ ਸਿਕੰਦਰ ਦਾ ਸੁਭਾਅ ਧਰਮੀ ਹੋਣ ਕਰਕੇ ਸਾਰੀ ਵਾਰਤਾ ਦੱਸੀ। ਸਿਕੰਦਰ ਨੇ ਕੇਵਲ ਸ਼ਰਣ ਹੀ ਨਹੀਂ ਦਿੱਤੀ ਬਲਕਿ ਜੰਗ ਕਰਕੇ ਇਬਰਾਹਿਮ ਨੂੰ ਕੈਦੀ ਬਣਾ ਲਿਆ। ਚੰਗੇ ਲੋਕ ਬੁਰਿਆਂ ਨਾਲ ਵੀ ਚੰਗਾ ਹੀ ਸਲੂਕ ਕਰਦੇ ਹਨ। ਜਦੋਂ ਇਬਰਾਹਿਮ ਨੇ ਆਪਣੇ ਜੀਵਨ ਵਿੱਚ ਮੁੜ ਅਜਿਹੀ ਗ਼ਲਤੀ ਕਰਨ ਤੋਂ ਤੋਬਾ ਕੀਤੀ ਤਾਂ ਸਿਕੰਦਰ ਨੇ ਕੇਵਲ ਮਾਫ਼ ਹੀ ਨਹੀਂ ਕੀਤਾ ਬਲਕਿ ਕੈਦ ਤੋਂ ਵੀ ਅਜ਼ਾਦ ਕਰ ਦਿੱਤਾ। ਇਸ ਦਾ ਵੀ ਜਸ ਵਕਤੀ ਢਾਡੀਆਂ ਨੇ ਗਾਇਆ।

ਇਸੇ ਤਰ੍ਹਾਂ ਕਾਨੜੇ ਕੀ ਵਾਰ ਦੀ ਧੁੰਨੀ ਦੇ ਯੋਧੇ ਮੂਸੇ ਦੀ ਕਹਾਣੀ ਵੀ ਦੰਗ ਕਰ ਦੇਣ ਵਾਲੀ ਹੈ। ਜਿਹੜੀ ਲੜਕੀ ਨਾਲ ਮੂਸੇ ਦੀ ਮੰਗ ਜੁੜੀ ਸੀ ਉਸ ਨੂੰ ਕਿਸੇ ਹੋਰ ਨੇ ਵਿਆਹ ਲਿਆ। ਮੂਸੇ ਨੂੰ ਪਤਾ ਲੱਗਾ ਤਾਂ ਉਸਨੇ ਆਪਣਾ ਵੈਰੀ ਜਾਣਕੇ ਜੰਗ ਲੜਿਆ ਤੇ ਜਿੱਤ ਮੂਸੇ ਦੀ ਹੋਈ। ਮੂਸੇ ਨੇ ਉਸ ਲੜਕੀ ਨਾਲ ਕੋਈ ਜਬਰੀ ਵਿਆਹ ਨਾ ਕਰਕੇ ਬਲਕਿ ਭਰੇ ਦੀਵਾਨ ਵਿੱਚ ਇਕ ਸੁਆਲ ਪੁੱਛਿਆ ਕਿ ਭਾਵੇਂ ਮੰਗ ਤੂੰ ਮੇਰੀ ਸੀ ਪਰ ਵਿਆਹੀ ਇਸ ਨਾਲ ਗਈ ਹੈਂ ਜਿਹੜਾ ਕਿ ਅੱਜ ਮੇਰੀ ਕੈਦ ਦਾ ਕੈਦੀ ਹੈ ਪਰ ਤੂੰ ਅੱਜ ਵੀ ਫ਼ੈਸਲਾ ਅਜ਼ਾਦ ਲੈ ਸਕਦੀ ਹੈਂ। ਇਸ ਗੱਲ ਨੂੰ ਸੁਣਕੇ ਉਸ ਲੜਕੀ ਨੇ ਜਵਾਬ ਦਿੱਤਾ ਕਿ ਭਾਵੇਂ ਅਸੀਂ ਤੇਰੇ ਕੈਦੀ ਹਾਂ ਅਤੇ ਮੰਗ ਵੀ ਤੇਰੀ ਸਾਂ ਪਰ ਮੈਂ ਵਿਆਹੀ ਇਸ ਦੇ ਨਾਲ ਗਈ ਹਾਂ ਜਿਸ ਕਰਕੇ ਮੇਰਾ ਅੱਜ ਪਤੀ ਇਹੋ ਹੀ ਹੈ। ਮੂਸੇ ਨੇ ਇਹ ਗੱਲ ਸੁਣਕੇ ਕਰੋਧਿਤ ਹੋਣ ਦੀ ਬਜਾਇ, ਕਾਮ ਵਾਸ਼ਨਾ ਅਧੀਨ ਹੋ ਕੇ ਅੰਨ੍ਹਾ ਹੋਣ ਦੀ ਬਜਾਇ ਆਪਣਾ ਯੋਧਿਆਂ ਵਾਲਾ ਫ਼ਰਜ਼ ਪਹਿਚਾਣ ਕੇ ਉਨ੍ਹਾਂ ਨੂੰ ਆਜ਼ਾਦ ਹੀ ਨਹੀਂ ਕੀਤਾ ਬਲਕਿ ਸਨਮਾਨ ਨਾਲ ਵਿਦਾ ਕੀਤਾ। ਅਜਿਹੇ ਸੂਝਵਾਨ ਨੀਤੀਵਾਨ ਨੂੰ ਵੀ ਸਿਆਣੇ ਦਾਨੇ ਪੁਰਖਾਂ ਦੀ ਕਲਾਮ ਤੇ ਜ਼ੁਬਾਨ ਨੇ ਸਲਾਹਿਆ। ਕਿਉਂਕਿ ਮੂਸਾ ਸ਼ੈਤਾਨ ਦੇ ਨਹੀਂ ਬਲਕਿ ਭਗਵਾਨ ਦੇ ਆਖੇ ਲੱਗਿਆ ਸੀ। ਮਨੁੱਖ ਕਿਧਰੇ ਕਾਮ ਦੀ ਹਨੇਰੀ ਵਿੱਚ ਆਪਣੇ

ਫ਼ਰਜ਼ ਹੀ ਨਾ ਭੁੱਲ ਬੈਠੇ, ਇਸੇ ਲਈ ਸਤਿਗੁਰੂ ਜੀ ਨੇ ਉਦਾਹਰਣਾਂ ਵੀ ਉਹ ਵਰਤੀਆਂ ਹਨ, ਜਿਹੜੀਆਂ ਸੱਚ ਦਾ ਮਾਰਗ ਦਰਸਾਉਂਦੀਆਂ ਹਨ।

ਗੁਰਬਾਣੀ ਵਿੱਚ ਹਰ ਪੱਖੋਂ ਸੱਚਾ ਸੁੱਚਾ ਉਪਦੇਸ਼ ਹੋਣ ਕਰਕੇ ਹੀ ਤਾਂ ਗੁਰਸਿੱਖਾਂ ਦੀ ਜਤ ਪਹਾਰਾ (ਆਚਰਣ ਦੀ ਦੁਕਾਨ) ਨੂੰ ਕਾਮ ਲੁਟੇਰਾ ਲੁੱਟ ਨਹੀਂ ਸਕਿਆ। ਗੁਰਬਾਣੀ ਨੂੰ ਅਧਾਰ ਬਣਾ ਕੇ ਜੀਊਣ ਵਾਲਿਆਂ ਨੇ ਤਾਂ ਸਗੋਂ ਜ਼ਾਲਿਮਾਂ ਹੱਥੋਂ ਵੀ ਅਜਿਹੀਆਂ ਬੱਚੀਆਂ ਨੂੰ ਬਾਇੱਜ਼ਤ ਘਰੋ ਘਰੀ ਪਹੁੰਚਾ ਕੇ ਸਤਿਗੁਰੂ ਜੀ ਦੀਆਂ ਖ਼ੁਸ਼ੀਆਂ ਪ੍ਰਾਪਤ ਕੀਤੀਆਂ ਸਨ।

ਜਿਨ੍ਹਾਂ ਦੀਆਂ ਮੰਜ਼ਿਲਾਂ ਸਹਿਜ ਵਿੱਚ ਆ ਕੇ ਸੱਚੇ ਪ੍ਰਮੇਸ਼ਰ ਦੀ ਗੋਦ ਵਿਚ ਅਭੇਦ ਹੋਣਾ ਚਾਹੁੰਦੀਆਂ ਹਨ ਉਹ ਫਿਰ ਕਦੇ ਸ਼ੈਤਾਨ ਦੇ ਆਖੇ ਲੱਗ ਕੇ ਜੀਵਨ ਬਰਬਾਦ ਨਹੀਂ ਕਰਦੇ। ਅਜਿਹੇ ਲੋਕ ਹੀ ਪਰਮਾਰਥੀ ਪੱਤੀ (ਮੁਹੱਲੇ) ਦੇ ਵਸਨੀਕ ਹੁੰਦੇ ਹਨ। ਪਿਤਾ ਦੇ ਫ਼ਰਜ਼ ਅੱਜ ਇਨਸਾਨੀਅਤ ਕੁਰਲਾ ਕੁਰਲਾ ਪੁੱਛ ਰਹੀ ਹੈ। ਸ਼ੈਤਾਨ ਨੇ ਸ਼ਰਾਰਤੀ ਨਗਰੀ ਦੇ ਬਸ਼ਿੰਦਿਆਂ ਦੇ ਸਾਰੇ ਉਨ੍ਹਾਂ ਰਿਸ਼ਤਿਆਂ ਦੀ ਵੀ ਕਦਰ ਕੀਮਤ ਮਿੱਟੀ ਵਿੱਚ ਮਿਲਾ ਦਿੱਤੀ ਹੈ। ਭੈਣ ਭਰਾ ਦਾ ਪਵਿੱਤਰ ਰਿਸ਼ਤਾ, ਪਿਉ ਧੀ ਦਾ ਪਵਿੱਤਰ ਰਿਸ਼ਤਾ ਅੱਜ ਆਪਣਾ ਦਾਗ਼ ਛੁਪਾਉਣ ਲਈ ਤੜਪ ਰਿਹਾ ਹੈ। ਇਸ ਸ਼ਰਾਰਤੀ ਮੁਹੱਲੇ ਦੇ ਵਸਨੀਕ ਅੱਜ ਮਾਨੋ ਏਡਜ਼ ਵਰਗੀਆਂ ਬਿਮਾਰੀਆਂ ਸਹੇੜ ਕੇ ਧਰਤੀ ਨਰਕ ਬਣਾ ਰਹੇ ਹਨ।

ਦੂਜੇ ਪਾਸੇ ਪਰਮਾਰਥੀ ਮੁਹੱਲੇ ਦੇ ਲੋਕ ਆਪਣੀਆਂ ਧੀਆਂ ਭੈਣਾਂ ਤਾਂ ਇਕ ਪਾਸੇ, ਦੂਜੇ ਦੀਆਂ ਧੀਆਂ ਭੈਣਾਂ ਨੂੰ ਵੀ ਹੱਦ ਦਰਜੇ ਦਾ ਅਦਬ ਸਤਿਕਾਰ ਦੇ ਕੇ ਇਸ ਧਰਤੀ ਨੂੰ ਸਵਰਗ ਬਣਾਉਣ ਦੇ ਸੁਪਨੇ ਸਾਕਾਰ ਕਰਨ ਵਿੱਚ ਲੱਗੇ ਹੋਏ ਹਨ। ਇਕ ਉਦਾਹਰਣ ਹੋਰ ਦ੍ਰਿਸ਼ਟੀ ਗੋਚਰੇ ਕਰਨਾ ਚਾਹੁੰਦਾ ਹਾਂ। ਪਰਮਾਰਥੀ ਮੁਹੱਲੇ ਦੇ ਵਸਨੀਕਾਂ ਦੀ ਸੱਚੀ ਗਾਥਾ ਹੈ ਕਿ ਸ: ਹਰੀ ਸਿੰਘ ਭੰਗੀ ਕੋਲ ਕਸੂਰ ਦਾ ਇਕ ਬ੍ਰਾਹਮਣ ਜਾ ਕੇ ਪੁਕਾਰ ਕਰਦਾ ਹੈ ਕਿ ਮੇਰੀ ਸੱਜ ਵਿਆਹੀ ਪਤਨੀ ਨੂੰ ਕਸੂਰ ਦਾ ਹਾਕਿਮ ਜਬਰੀ ਲੈ ਗਿਆ ਹੈ। ਮੈਨੂੰ ਸਿੱਖਾਂ ਅਤੇ ਅਕਾਲ ਤਖ਼ਤ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਲੱਭਾ। ਤੁਹਾਡੀ ਸ਼ਰਨ ਵਿੱਚ ਆਇਆ ਹਾਂ। ਤਦ ਹਰੀ ਸਿੰਘ ਜੀ ਨੇ ਉਸੇ ਵਕਤ ਭਾਵੇਂ ਸੂਰਮੇ ਵੀ ਥੋੜੇ ਜਿਹੇ ਸਨ ਪਰ ਫਿਰ ਵੀ ਬਹੁਤੀਆਂ ਕੀਮਤੀ ਜਾਨਾਂ ਵਾਰਕੇ ਵੀ ਇਸ ਬੱਚੀ ਦਾ ਉਜੜਦਾ ਸੁਹਾਗ ਬਚਾਇਆ ਸੀ।

ਸ਼ਰਾਰਤੀ ਮੁਹੱਲੇ ਦੇ ਬਾਣੇ ਵੀ ਭੜਕੀਲੇ, ਗਾਣੇ ਵੀ ਭੜਕੀਲੇ ਤੇ ਖਾਣੇ ਵੀ ਭੜਕੀਲੇ ਹੁੰਦੇ ਹਨ। ਇਹ ਤਿੰਨੇ ਹੀ ਮਨੁੱਖਤਾ ਦੇ ਲੁਟੇਰੇ ਕਾਮ ਦੇ ਸਾਥੀ ਹਨ, ਪਰ ਪਰਮਾਰਥੀ ਮੁਹੱਲੇ ਵਾਲਿਆਂ ਦੇ ਬਾਣੇ ਵੀ ਸਾਦੇ ਭਾਵ ਪੰਜ ਕਕਾਰਾਂ ਨਾਲ

ਸ਼ਿੰਗਾਰੇ ਹੋਏ। ਗਾਣੇ ਵੀ ਸਾਦੇ ਜਿਹੜੇ ਕੀਰਤਨ ਕਹਿਲਾਉਂਦੇ ਹਨ ਅਤੇ ਇਥੇ ਖਾਣੇ ਵੀ ਸਾਦੇ ਜਿਨ੍ਹਾਂ ਨੂੰ ਲੰਗਰ ਕਿਹਾ ਜਾਂਦਾ ਹੈ। ਸ਼ਰਾਰਤੀ ਮੁਹੱਲੇ ਨੂੰ ਕੁਸੰਗਤ ਕਹਿੰਦੇ ਹਨ ਅਤੇ ਪ੍ਰਮਾਰਥੀ ਮੁਹੱਲੇ ਨੂੰ ਸੰਗਤ ਕਹਿੰਦੇ ਹਨ। ਇਥੇ ਸ਼ਰਾਰਤੀ ਮੁਹੱਲੇ ਵਿੱਚ ਵੱਸਣ ਵਾਲੇ ਮਨਮੁੱਖ ਕਹੇ ਜਾਂਦੇ ਹਨ ਅਤੇ ਪ੍ਰਮਾਰਥੀ ਮੁਹੱਲੇ ਦੇ ਵਾਸੀ ਗੁਰਮੁਖ, ਸੰਤ ਭਗਤ, ਗੁਰਸਿੱਖ ਆਦਿਕ ਪਿਆਰੇ ਸ਼ਬਦਾਂ ਨਾਲ ਸਤਿਕਾਰੇ ਜਾਂਦੇ ਹਨ। ਬੱਸ ਇਥੇ ਸਭ ਤੋਂ ਜ਼ਰੂਰੀ ਹੈ ਕਿ ਪਰ ਤ੍ਰਿਆ ਰੂਪ ਤੱਕਣਾ ਤੱਕ ਵੀ ਨਹੀਂ, ਉਨ੍ਹਾਂ ਨੂੰ ਸਗੋਂ ਪਵਿੱਤਰ ਰਿਸ਼ਤਿਆਂ ਨਾਲ ਸਾਂਝਾ ਕਰਨਾ ਹੈ।

ਦੇਖ ਪਰਾਈਆਂ ਚੰਗੀਆਂ ਮਾਵਾਂ ਧੀਆਂ ਭੈਣਾਂ ਜਾਣੈ ॥

ਸਤਿਗੁਰੂ ਜੀ ਨੇ ਤਾਂ ਇਥੋਂ ਤੱਕ ਜਿਹੜੇ ਪਤੀ ਪਤਨੀ ਵੀ ਕੇਵਲ ਵਿਕਾਰੀ ਜੀਵਨ ਵਾਲੇ ਹਨ, ਉਨ੍ਹਾਂ ਨੂੰ ਵੀ ਤਾੜਨਾ ਕੀਤੀ ਹੈ ਕਿ :

ਕੂੜੁ ਮੀਆ ਕੂੜੁ ਬੀਬੀ ਖਪਿ ਹੋਏ ਖਾਰੁ ॥

(ਅੰਗ ੪੬੮)

ਅਸਲ ਪਤੀ ਪਤਨੀ ਉਹੋ ਹੀ ਹਨ ਜਿਹੜੇ ਗ੍ਰਿਹਸਥੀ ਹੁੰਦਿਆਂ ਹੋਇਆਂ ਵੀ ਆਪਣਾ ਆਪਾ ਵਿਕਾਰਾਂ ਦੀ ਥਾਂ ਪਿਆਰ ਪੀਂਘਾਂ ਪਾ ਕੇ :

ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ ॥
ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ ॥

(ਅੰਗ ੭੮੮)

ਵਰਗੇ ਪਵਿੱਤਰ ਮੁਕਾਮ ਨੂੰ ਹਾਸਿਲ ਕਰ ਲੈਂਦੇ ਹਨ।

ਸੋ ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ ਗੁਰਮੁਖ ਉਹੀ ਸਹਿਜ ਸਮਾ ਸਕਦਾ ਹੈ ਜਿਹੜਾ ਪਰ ਨਾਰੀ ਦੇ ਨੇੜ ਨਾ ਜਾਵੈ, ਕਿਉਂਕਿ :

ਪਰ ਧਨ ਪਰ ਦਾਰਾ ਪਰਹਰੀ ॥ ਤਾ ਕੈ ਨਿਕਟਿ ਬਸੈ ਨਰਹਰੀ ॥

(ਅੰਗ ੧੧੬੩)

ਭਾਈ ਗੁਰਦਾਸ ਜੀ ਨੇ ਇਸ ਪਉੜੀ ਵਿੱਚ ਕਿਤਨਾ ਵੱਡਾ ਸੱਚ ਸੰਸਾਰ ਦੇ ਸਾਹਮਣੇ ਰੱਖਿਆ ਹੈ ਕਿ ਆਮ ਸੰਸਾਰਿਕ ਮਨੁੱਖ ਨੂੰ ਤਿੰਨ ਚੀਜ਼ਾਂ ਪਰਾਈਆਂ ਚੰਗੀਆਂ ਲੱਗਦੀਆਂ ਹਨ। ਇਹ ਤਿੰਨੇ ਚੀਜ਼ਾਂ ਭਾਵੇਂ ਉਸ ਦੇ ਕੋਲ ਆਪਣੀਆਂ ਵੀ ਹੋਣ ਪਰ ਫਿਰ ਵੀ ਜੋ ਦਿਲੀ ਰੁਚੀ (ਮਾਨਸਿਕ ਬ੍ਰਿਤੀ) ਇਸ ਜੀਵ ਦੀ ਪਰਾਈਆਂ ਵਿੱਚ ਹੈ ਉਹ ਆਪਣੀਆਂ ਵਿੱਚ ਨਹੀਂ। ਤਿੰਨ ਪੰਕਤੀਆਂ ਦੀ ਸ਼ੁਰੂਆਤ ਹੀ ਭਾਈ ਸਾਹਿਬ ਜੀ ਨੇ ਪਰਾਈ ਭਾਵ ਪਰ ਤੋਂ ਕੀਤੀ ਹੈ। ਪਰ ਨਾਰੀ, ਪਰ ਦਰਬ ਅਤੇ ਪਰ ਨਿੰਦਾ। ਇਹ ਤਿੰਨੇ ਚੀਜ਼ਾਂ ਜਿਤਨੀਆਂ ਪਰਾਈਆਂ ਇਸ ਨੂੰ ਚੰਗੀਆਂ ਲੱਗਦੀਆਂ ਹਨ ਉਤਨੀਆਂ ਆਪਣੀਆਂ ਨਹੀਂ, ਪਰ ਪਰਮ ਸੱਚ ਇਹ ਹੈ ਕਿ ਇਨ੍ਹਾਂ

ਤਿੰਨਾਂ ਪਰਾਈਆਂ ਜੋ ਜੀਵਨ ਉਜਾੜੇ ਹਨ, ਉਹ ਸੰਸਾਰ ਦੇ ਇਤਿਹਾਸ ਵਿਚੋਂ ਅੱਜ ਵੀ ਆਪਣੀ ਬਰਬਾਦੀ ਦੀਆਂ ਗਾਥਾਵਾਂ ਆਖਦੇ ਹਨ। ਜਿਨ੍ਹਾਂ ਨੇ ਇਨ੍ਹਾਂ ਤਿੰਨੇ ਪਰਾਈਆਂ ਦੀ ਥਾਂ 'ਤੇ ਆਪਣੀ ਬ੍ਰਿਤੀ ਨੂੰ ਸੁਧਾਰਕੇ ਆਪਣੀਆਂ ਨੂੰ ਚੰਗੀਆਂ ਸਮਝਕੇ ਜੀਵਨ ਗੁਜ਼ਰਾਨ ਕੀਤਾ ਹੈ, ਉਹ ਆਖ਼ਿਰਕਾਰ ਸੰਸਾਰਿਕ ਇਤਿਹਾਸ ਵਿੱਚ ਅਜਿਹੇ ਨਕਸ਼ੇ ਕਦਮ ਉਲੀਕ ਗਏ ਹਨ ਜਿਨ੍ਹਾਂ 'ਤੇ ਚਲ ਕੇ ਅੱਜ ਮਨੁੱਖਤਾ ਪਿਉ ਦਾਦੇ ਦਾ ਖ਼ਜ਼ਾਨਾ ਸਮਝਕੇ ਮਾਣ ਕਰਦੀ ਹੈ। ਸੋ ਪਰ ਨਾਰੀ ਨਾਲ ਇਤਨੀ ਨੇੜਤਾ ਨਾ ਵਧਾਵੇ ਜਿਸ ਨਾਲ ਪਰ ਨਾਰੀ ਧੀ ਭੈਣ ਵਖਾਣੈ ਦੀ ਵੀਚਾਰ ਵਿਕਾਰ ਨਾ ਬਣ ਜਾਵੇ। ਇਸੇ ਤਰ੍ਹਾਂ ਪਰ ਦ੍ਰਬੈ ਨੂੰ ਹੱਥ ਨਾ ਲਾਵੈ ਤਾਂਕਿ ਇਹ ਦ੍ਰਬ ਭੁੱਲ ਕੇ ਵੀ ਹੱਥ ਤੋਂ ਜੇਬ ਤੱਕ ਅਤੇ ਜੇਬ ਤੋਂ ਘਰ ਤਕ, ਫਿਰ ਘਰ ਤੋਂ ਜੀਵਨ ਤੱਕ ਦਾ ਸਫ਼ਰ ਸ਼ੁਰੂ ਹੀ ਨਾ ਕਰ ਸਕੇ। ਪਰਾਏ ਨੂੰ ਪਰਾਇਆ ਜਾਣਕੇ, ਪਰਾਏ ਨਾਲ ਪਰਾਇਆਂ ਵਰਗਾ ਹੀ ਵਿਹਾਰ ਕਰਕੇ ਇਸ ਨੂੰ ਜ਼ਿੰਦਗੀ ਦੇ ਵਿਹੜੇ ਵਿੱਚ ਕਦਮ ਹੀ ਨਾ ਰੱਖਣ ਦੇਵੇ। ਪਰਾਈ ਨਿੰਦਾ ਦੂਜੇ ਦੇ ਔਗੁਣ ਫੋਲਦੀ ਹੈ ਪਰ ਆਪਣੇ ਔਗੁਣ ਛੁਪਾ ਕੇ ਦੂਜਿਆਂ ਦੇ ਔਗੁਣਾਂ ਪ੍ਰਤੀ ਸੁਚੇਤ ਕਰਦਾ ਰਹਿੰਦਾ ਹੈ ਜਿਸ ਨਾਲ ਦੂਜੇ ਤਾਂ ਆਪਣਾ ਜੀਵਨ ਸੁਧਾਰ ਲੈਂਦੇ ਹਨ ਪਰ ਨਿੰਦਕ ਆਪਣਾ ਜੀਵਨ ਬਰਬਾਦ ਕਰ ਲੈਂਦਾ ਹੈ। ਇਸ ਲਈ ਸਹਜ ਵਿੱਚ ਸਮਾਉਣ ਦੀ ਇੱਛਾ ਲੈ ਕੇ ਗੁਰਮੁਖਿ ਗਾਡੀ ਰਾਹ ਦਾ ਰਾਹੀ ਹਮੇਸ਼ਾ ਹੀ ਇਨ੍ਹਾਂ ਗੱਲਾਂ ਵੱਲ ਖ਼ਿਆਲ ਕਰਕੇ ਆਪਣੇ ਜੀਵਨ ਸਫ਼ਰ ਨੂੰ ਤਹਿ ਕਰੇ ਤਾਂਕਿ ਸਫ਼ਰ ਦੀ ਸਮਾਪਤੀ ਸਮੇਂ ਇਹ 'ਨਿਜ ਘਰਿ ਮਹਲ ਪਾਵਹੁ ਸੁਖ ਸਹਜੇ' ਅਨੁਸਾਰ ਸਹਜ ਸਮਾ ਜਾਵੇ ਨਾ ਕਿ ਜਨਮ ਮਰਨ ਦੀ ਭਟਕਣਾ ਦਾ ਸ਼ਿਕਾਰ ਹੋਵੇ। ਸੋ ਭਾਈ ਗੁਰਦਾਸ ਜੀ ਆਖਦੇ ਹਨ ਕਿ ਹਉ ਤਿਸੁ ਘੋਲਿ.....

ਪਰ ਦਰਬੈ ਨੂੰ ਹੱਥ ਨ ਲਾਵੈ

ਜੀਵ ਪ੍ਰਮੇਸ਼ਰ ਦੀ ਅੰਸ਼ ਹੋਣ ਕਰਕੇ ਇਸ ਦੇ ਅੰਦਰ ਖ਼ਾਹਿਸ਼ਾਂ ਵੀ ਰੱਬੀ ਸੁਭਾਅ ਵਰਗੀਆਂ ਹੀ ਹਨ, ਜਿਵੇਂ:- ਕਿਸੇ ਦੇ ਅਧੀਨ ਨਹੀਂ ਰਹਿਣਾ ਚਾਹੁੰਦਾ, ਮੌਤ ਦੀ ਫਾਹੀ ਤੋਂ ਮੁਕਤ ਹੋਣਾ, ਨਿਡਰ ਹੋ ਕੇ ਵਿਚਰਨ ਦੀ ਭਾਵਨਾ, ਇਸ ਤਰ੍ਹਾਂ ਹੀ ਇਸ ਦੇ ਅੰਦਰ ਵੱਡਾ ਹੋਣ ਦੀ ਭਾਵਨਾ ਵੀ ਹਰ ਵਕਤ ਪ੍ਰਬਲ ਰਹਿੰਦੀ ਹੈ। ਇਹ ਖ਼ਾਹਿਸ਼ਾਂ ਭਾਵੇਂ ਰੱਬੀ ਸੁਭਾਅ ਵਰਗੀਆਂ ਹੀ ਹਨ, ਪਰ ਇਨ੍ਹਾਂ ਦੀ ਪੂਰਤੀ ਦਾ ਸਾਧਨ ਇਸ ਜੀਵ ਨੇ ਗ਼ਲਤ ਚੁਣ ਲਿਆ। ਖ਼ਾਹਿਸ਼ਾਂ ਚੰਗੀਆਂ ਪਰ ਪੂਰਤੀ ਦੇ ਸਾਧਨ ਮਾੜੇ ਹੋਣ ਕਰਕੇ ਕੁਰਾਹੇ ਪੈ ਗਿਆ। ਦੂਸਰਾ ਹੋਰ ਵੀ ਧਿਆਨ ਰੱਖਣ ਯੋਗ ਨੁਕਤਾ ਹੈ ਕਿ ਰੱਬੀ ਕੌਤਕ ਸਾਰੇ ਹੀ ਆਮ ਮਨੁੱਖੀ ਸਮਝ ਤੋਂ ਉਪਰ ਦੀ ਗੱਲ ਹੁੰਦੇ ਹਨ। ਪਰ ਇਸ ਦੇ ਮੁਕਾਬਲੇ ਵਿਚ ਮਾਇਆ ਦੇ ਕੌਤਕ ਆਮ ਸੰਸਾਰੀ ਸੂਝ-ਬੂਝ ਵਾਲੇ ਨੂੰ ਸੌਖਿਆਂ ਹੀ ਪ੍ਰਭਾਵਿਤ ਕਰ ਲੈਂਦੇ ਹਨ। ਜਿਵੇਂ ਹੁਣ ਵੀਚਾਰੀਏ ਕਿ ਜਿਹੜੀ ਖ਼ਾਹਿਸ਼ ਜੀਵ ਦੇ ਅੰਦਰ ਵੱਡਾ ਬਣਨ ਦੀ ਹੈ ਉਹ ਅਸਲ ਵਿਚ ਪੂਰੀ ਤਾਂ ਨਾਮ ਜਪ ਕੇ ਹੁੰਦੀ ਹੈ, ਕਿਉਂਕਿ :

ਸਭ ਵਡਿਆਈਆ ਹਰਿ ਨਾਮ ਵਿਚਿ ਹਰਿ ਗੁਰਮੁਖਿ ਧਿਆਈਐ ॥
ਜਿ ਵਸਤੁ ਮੰਗੀਐ ਸਾਈ ਪਾਈਐ ਜੇ ਨਾਮਿ ਚਿਤੁ ਲਾਈਐ ॥

(ਅੰਗ ੯੫੦)

ਇਸ ਦੇ ਮੁਕਾਬਲੇ ਮਾਇਆ ਵੀ ਜੀਵ ਨੂੰ ਆਪਣੇ ਮਗਰ ਲਾਉਣ ਲਈ ਵਡਿਆਈ ਦਿੰਦੀ ਹੈ ਪਰ ਇਹ ਵਡਿਆਈ ਸਥਿਰਤਾ ਵਾਲੀ ਨਹੀਂ। ਮਾਇਆ ਜੀਵ ਨੂੰ ਦਿਖਾ ਦਿੰਦੀ ਹੈ ਕਿ ਰੱਬੀ ਵਡਿਆਈ ਤਾਂ ਅਨੇਕਾਂ ਮੁਸ਼ਕਲਾਂ ਦਾ ਸਾਹਮਣਾ ਕਰਕੇ, ਸਭ ਨਾਲੋਂ ਸਨੇਹ ਪਿਆਰ ਤੋੜਕੇ, ਰੱਬ ਨਾਲ ਪਿਆਰ ਪਾ ਕੇ ਫਿਰ ਕਿਧਰੇ ਰਹਿਮਤ ਦਾ ਪਾਤਰ ਬਣਕੇ ਪ੍ਰਾਪਤ ਹੁੰਦੀ ਹੈ ਪਰ ਦੂਜੇ ਪਾਸੇ ਮੇਰੀ ਵਡਿਆਈ ਲਈ ਕੁਝ ਵੀ ਕਰਨ ਦੀ ਲੋੜ ਨਹੀਂ। ਤੇਰੇ ਕੋਲ ਮਾਇਆ ਹੋਵੇ, ਹਰ ਕੋਈ ਆਪਣੇ ਆਪ ਹੀ ਤੇਰੀ ਵਡਿਆਈ ਵੀ ਕਰੇਗਾ ਅਤੇ ਤੇਰੇ ਨਾਲ ਰਿਸ਼ਤੇਦਾਰੀ ਵੀ ਗੰਢੇਗਾ। ਅਸਲ ਵਿੱਚ ਦੁਨੀਆਂ ਦੀ ਤਾਕਤ ਦਾ ਕੇਂਦਰ ਬਿੰਦੂ ਕੇਵਲ ਮਾਇਆ ਹੀ ਹੈ। ਧਨ ਕੋਲ ਹੋਵੇ ਤਾਂ ਹੋਰ ਤਾਕਤਾਂ ਵੀ ਖ਼ਰੀਦੀਆਂ ਜਾ ਸਕਦੀਆਂ ਹਨ। ਇਸ ਖ਼ਾਹਿਸ਼ ਦੀ ਪੂਰਤੀ ਲਈ ਜੀਵ ਇਹ ਭੁੱਲ ਜਾਂਦਾ ਹੈ ਕਿ ਇਹ ਤਾਂ ਕੇਵਲ ਗੁਜ਼ਰਾਨ ਲਈ ਹੀ ਚੰਗੀ ਹੈ। ਇਸ ਭੁੱਲ ਦੇ ਕਾਰਨ ਹੀ ਧਨ ਇਕੱਠਾ ਕਰਨ ਲੱਗ ਪੈਂਦਾ ਹੈ ਜਿਸ ਲਈ ਲੋਕਾਂ ਦਾ ਹੱਕ ਮਾਰਨਾ ਇਸ ਦਾ ਪਹਿਲਾ ਕਦਮ ਹੈ। ਜਿਹੜੇ ਲੋਕ ਧਨ

ਨੂੰ ਸਭ ਕੁਝ ਸਮਝ ਲੈਂਦੇ ਹਨ ਉਹ ਫਿਰ ਧਨ ਦੀ ਪ੍ਰਾਪਤੀ ਲਈ ਸਭ ਕੁਝ ਹੀ ਕਰ ਸਕਦੇ ਹਨ। ਇਹ ਹਕੀਕਤ ਹੈ ਕਿ ਦੁਨੀਆਂ ਅੰਦਰ ਉਤਨੇ ਪਾਪ ਗ਼ਰੀਬਾਂ ਨੇ ਗੁਜ਼ਰਾਨ ਦੀ ਪ੍ਰਾਪਤੀ ਲਈ ਨਹੀਂ ਕੀਤੇ, ਜਿਤਨੇ ਪਾਪ ਅਮੀਰ ਲੋਕਾਂ ਨੇ ਧਨ ਇਕੱਠਾ ਕਰਨ ਲਈ ਕੀਤੇ ਹਨ।

ਇਕ ਨਗਰ ਵਿੱਚ ਧਨੀ ਰਾਮ ਨਾਂ ਦਾ ਦੌਲਤਮੰਦ ਬੰਦਾ ਰਹਿੰਦਾ ਸੀ। ਇਕ ਵਾਰੀ ਇਕ ਵਪਾਰੀ ਕਿਸੇ ਕਾਰਨ ਕਰਕੇ ਰਸਤਾ ਭੁੱਲ ਗਿਆ। ਵਪਾਰੀ ਦੇ ਕੋਲ ਪੂੰਜੀ ਸੀ, ਕਿਉਂਕਿ ਵਪਾਰ ਕਰਨ ਵਾਸਤੇ ਹੀ ਤਾਂ ਘਰੋਂ ਚੱਲਿਆ ਸੀ। ਵਪਾਰੀ ਦੇ ਮਨ ਵਿਚ ਖ਼ਿਆਲ ਪੈਦਾ ਹੋਇਆ ਕਿ ਮੈਂ ਰਾਤ ਕਿਥੇ ਕੱਟਾਂ ਕਿਉਂਕਿ ਜੇਕਰ ਕਿਸੇ ਗ਼ਰੀਬ ਦੇ ਘਰ ਚਲਾ ਗਿਆ ਤਾਂ ਉਹ ਇਤਨੀ ਧਨ ਦੌਲਤ ਦੇਖਕੇ ਕਿਧਰੇ ਬੇਈਮਾਨ ਨਾ ਹੋ ਜਾਵੇ, ਜਿਸ ਨਾਲ ਦੌਲਤ ਵੀ ਜਾਵੇ ਅਤੇ ਜਾਨ ਵੀ ਖ਼ਤਰੇ ਵਿੱਚ ਫਸ ਜਾਵੇ। ਸੋਚ ਸੋਚਕੇ ਫ਼ੈਸਲਾ ਕੀਤਾ ਕਿ ਕਿਸੇ ਅਮੀਰ ਪੁਰਖ ਦੇ ਘਰ ਰਾਤ ਦਾ ਟਿਕਾਣਾ ਕੀਤਾ ਜਾਵੇ, ਕਿਉਂਕਿ ਅਮੀਰ ਕੋਲ ਤਾਂ ਆਪਣੀ ਹੀ ਧਨ ਦੌਲਤ ਬਹੁਤ ਹੁੰਦੀ ਹੈ, ਪਰ ਇਹ ਗੱਲ ਭੁੱਲ ਗਿਆ ਕਿ ਜਿਤਨਾ ਸੰਤੋਖ ਗ਼ਰੀਬ ਦੀ ਜ਼ਿੰਦਗੀ ਵਿੱਚ ਹੁੰਦਾ ਹੈ ਉਤਨਾ ਅਮੀਰ ਦੀ ਜ਼ਿੰਦਗੀ ਵਿੱਚ ਨਹੀਂ ਹੁੰਦਾ। ਸ਼ੇਖ਼ ਸਾਅਦੀ ਜੀ ਦਾ ਬਚਨ ਹੈ ਕਿ ਦੌਲਤ ਦੇ ਭੁੱਖੇ ਦੀ ਅੱਖ ਨੂੰ ਜਾਂ ਤਾਂ ਸੰਤੋਖ ਭਰ ਸਕਦਾ ਹੈ ਜਾਂ ਫਿਰ ਕਬਰ ਦੀ ਮਿੱਟੀ ਭਰ ਸਕਦੀ ਹੈ। ਦੌਲਤ ਦੇ ਭੁੱਖੇ ਦੀ ਅੱਖ ਨੂੰ ਦੌਲਤ ਨਾਲ ਕਦੇ ਵੀ ਭਰਿਆ ਨਹੀਂ ਜਾ ਸਕਦਾ। ਖ਼ੈਰ, ਵਪਾਰੀ ਇਸ ਧਨੀ ਰਾਮ ਦੇ ਘਰ ਆ ਗਿਆ ਅਤੇ ਆ ਕੇ ਆਪਣੀ ਮਜਬੂਰੀ ਦੱਸੀ ਕਿ ਮੈਂ ਰਸਤਾ ਭੁੱਲ ਗਿਆ ਹਾਂ। ਮੇਰੇ ਕੋਲ ਪੂੰਜੀ ਹੋਣ ਕਰਕੇ ਮੈਂ ਕਿਸੇ ਹੋਟਲ ਜਾਂ ਧਰਮਸ਼ਾਲਾ ਵਿੱਚ ਨਹੀਂ ਠਹਿਰ ਸਕਦਾ। ਤੁਹਾਡਾ ਘਰ ਬਾਰ ਦੇਖਕੇ ਅਤੇ ਇਹ ਸੋਚਕੇ ਕਿ ਅਮੀਰ ਪੁਰਖ ਨੂੰ ਧਨ ਦੌਲਤ ਦੀ ਕਦਰ ਕੀਮਤ ਦਾ ਪਤਾ ਹੁੰਦਾ ਹੈ ਤਾਂ ਕਰਕੇ ਮੈਂ ਆਪ ਜੀ ਕੋਲ ਇਕ ਰਾਤ ਕੱਟਣੀ ਚਾਹੁੰਦਾ ਹਾਂ। ਸਵੇਰ ਹੁੰਦਿਆਂ ਸਾਰ ਮੈਂ ਚਲਾ ਜਾਵਾਂਗਾ।

ਧਨੀ ਰਾਮ ਦਾ ਘਰ ਕਾਫ਼ੀ ਵੱਡਾ ਸੀ। ਕੋਈ ਮੁਸ਼ਕਲ ਨਹੀਂ ਸੀ। ਇਸ ਲਈ ਉਸਨੇ ਆਪਣੇ ਘਰ ਠਹਿਰਨ ਦੀ ਆਗਿਆ ਦੇ ਦਿੱਤੀ। ਲੋੜ ਅਨੁਸਾਰ ਪ੍ਰਸ਼ਾਦਾ ਪਾਣੀ ਛਕਾਇਆ, ਸੇਵਾ ਕੀਤੀ, ਬਿਸਤਰਾ ਆਦਿਕ ਵਿਛਾਇਆ। ਇਹ ਸਾਰੀ ਸੇਵਾ ਧਨੀ ਰਾਮ ਦਾ ਬੇਟਾ ਕਰ ਰਿਹਾ ਸੀ। ਇਸ ਸੇਵਾ ਕਰਦਿਆਂ ਹੀ ਵੀਚਾਰਾਂ ਵੀ ਚਲਦੀਆਂ ਰਹੀਆਂ। ਧਨੀ ਰਾਮ 'ਤੇ ਇਤਬਾਰ ਕਰਕੇ ਵਪਾਰੀ ਨੇ ਆਪਣੀ ਸਾਰੀ ਪੂੰਜੀ ਉਸ ਨੂੰ ਸੌਂਪ ਦਿੱਤੀ ਅਤੇ ਸਵੇਰੇ ਵਾਪਸੀ ਲਈ ਕਹਿ ਦਿੱਤਾ। ਧਨੀ ਰਾਮ ਪੂੰਜੀ ਲੈ ਕੇ ਆਪਣੇ ਕਮਰੇ ਵਿੱਚ ਚਲਾ ਗਿਆ। ਦੂਸਰੇ ਪਾਸੇ ਧਨੀ ਰਾਮ

ਦੇ ਬੇਟੇ ਨੂੰ ਵਪਾਰੀ ਦੀਆਂ ਗੱਲਾਂ ਬਹੁਤ ਚੰਗੀਆਂ ਲੱਗੀਆਂ। ਸਬੱਬੀ ਮੇਲਾ ਹੋਣ ਕਰਕੇ ਬੇਟਾ ਕਾਫ਼ੀ ਰਾਤ ਤੱਕ ਕੋਲ ਬੈਠਾ ਗੱਲਾਂ ਕਰਦਾ ਰਿਹਾ। ਆਖ਼ਿਰ ਕੋਲ ਪਏ ਇਕ ਹੋਰ ਦੂਜੇ ਬਿਸਤਰ 'ਤੇ ਆਪ ਸੌਂ ਗਿਆ। ਧਨੀ ਰਾਮ ਦੇ ਦਿਲ ਦਿਮਾਗ਼ 'ਤੇ ਮਾਇਆ ਨੇ ਆਪਣਾ ਕਬਜ਼ਾ ਕਰਕੇ ਉਸਦੀ ਸਿਆਣਪ ਨੂੰ ਲੋਭ ਦਾ ਤਾਲਾ ਲਾ ਦਿੱਤਾ। ਹੱਥ ਆਈ ਮਾਇਆ ਉਹ ਮੋੜਨੀ ਨਹੀਂ ਚਾਹੁੰਦਾ ਸੀ, ਜਿਸ ਲਈ ਉਸ ਨੇ ਘਰ ਦੇ ਨੌਕਰ ਨੂੰ ਕੁਝ ਲਾਲਚ ਅਤੇ ਕੁਝ ਨੌਕਰੀ ਦਾ ਡਰ ਦੇ ਕੇ ਤਿਆਰ ਕਰ ਲਿਆ ਕਿ ਜਿਹੜਾ ਇਸ ਕਮਰੇ ਵਿਚ ਸੁੱਤਾ ਹੋਵੇਗਾ, ਉਸ ਨੂੰ ਯੋਗ ਸਮਾਂ ਦੇਖਕੇ ਕਤਲ ਕਰ ਦੇਵੀਂ।

ਕਈ ਵਾਰੀ ਮਨੁੱਖ ਅਜਿਹੀ ਖੇਡ ਖੇਡਣ ਲੱਗ ਪੈਂਦਾ ਹੈ ਜਿਸ ਵਿੱਚ ਆਪਣੇ ਹੀ ਘਰ ਨੂੰ, ਆਪ ਹੀ, ਆਪਣੇ ਹੀ ਹੱਥੀਂ ਅੱਗ ਲਾ ਕੇ ਆਪਣੇ ਹੀ ਜੀਵਨ ਦੀਆਂ ਖ਼ੁਸ਼ੀਆਂ ਨੂੰ ਸਾੜ ਬੈਠਦਾ ਹੈ। ਵਪਾਰੀ ਨੂੰ ਜੰਗਲ ਪਾਣੀ ਜਾਣ ਦੀ ਹਾਜਤ ਹੋਈ (ਲੈਟਰਿਨ ਜਾਣ ਲਈ)। ਘਰ ਵਾਲਿਆਂ ਨੂੰ ਨਾ ਪ੍ਰੇਸ਼ਾਨ ਕਰਾਂ, ਇਹ ਸੋਚਕੇ ਵਪਾਰੀ ਬਾਹਰ ਖੇਤਾਂ ਵੱਲ ਚਲਾ ਗਿਆ। ਪਿਛੋਂ ਨੌਕਰ ਨੇ ਧਨੀ ਰਾਮ ਦਾ ਪੁੱਤਰ ਹੀ ਕਤਲ ਕਰ ਦਿੱਤਾ ਅਤੇ ਰਾਤ ਨੂੰ ਹੀ ਲਾਸ਼ ਟਿਕਾਣੇ ਲਾਉਣ ਲਈ ਧਨੀ ਰਾਮ ਅਤੇ ਨੌਕਰ ਨੇ ਸਾਰੇ ਕੱਪੜੇ ਆਦਿਕ ਲਪੇਟਕੇ ਬਾਹਰ ਵਗਦੇ ਨਾਲੇ ਵਿੱਚ ਸੁੱਟ ਦਿੱਤੇ ਅਤੇ ਘਰ ਵਾਪਿਸ ਆ ਗਿਆ। ਵਪਾਰੀ ਵੀ ਬਾਹਰ ਜੰਗਲ ਪਾਣੀ ਜਾ ਕੇ ਵਾਪਿਸ ਆ ਗਿਆ। ਪਰ ਜਦੋਂ ਧਨੀ ਰਾਮ ਨਾਲ ਮਿਲਾਪ ਹੋਇਆ ਤਾਂ ਧਨੀ ਰਾਮ ਦੀਆਂ ਚੀਖਾਂ ਨਿਕਲ ਗਈਆਂ। ਭੱਜ ਕੇ ਆਪਣੇ ਪੁੱਤਰ ਦਾ ਕਮਰਾ ਦੇਖਿਆਂ ਸਾਰੀ ਗੱਲ ਧਨੀ ਰਾਮ ਸਮਝ ਗਿਆ ਸੀ ਕਿ ਲੋਭ ਲਾਲਚ ਦੀਆਂ ਲਾਟਾਂ ਨੇ ਮੇਰਾ ਹੀ ਘਰ ਸਾੜ ਸੁੱਟਿਆ ਹੈ:

"ਜੈਸੀ ਕਰਨੀ ਵੈਸੀ ਭਰਨੀ ਕੁਦਰਤ ਯਿਹ ਸਿਖਲਾਇ।
ਕਾਂਟੇ ਬੋਨੇ ਵਾਲਾ ਜਗ ਮਹਿੰ ਫੂਲ ਕਹਾਂ ਸੇ ਪਾਇ।"

ਕਿਸੇ ਵਿਦਵਾਨ ਪੁਰਖ ਨੇ ਬੋਲਾਂ ਵਿੱਚ ਕਿਤਨੀ ਪਿਆਰੀ ਸੱਚਾਈ ਬਿਆਨੀ ਹੈ:

ਦੁਨੀਆਂ ਵਿੱਚ ਬੇਦਰਦ ਬਥੇਰੇ, ਤਰਸ ਜਿਨ੍ਹਾਂ ਨੂੰ ਆਵੇ ਨਾ।
ਦੀਨਾਂ ਦਾ ਦੁਖ ਦਰਦ ਜਿਨ੍ਹਾਂ ਦੇ ਦਿਲ ਪਰ ਚੋਟ ਲਗਾਵੇ ਨਾ।
ਹਮਦਰਦੀ ਤੇ ਗੱਲ ਧਰਮ ਦੀ, ਉਹਨਾਂ ਤਾਈਂ ਸੁਖਾਵੇ ਨਾ।
ਪਾਪਾਂ ਦੀ ਪੰਡ ਐਸੀ ਬੰਨ੍ਹਦੇ, ਜਿਹੜੀ ਚੁੱਕੀ ਜਾਵੇ ਨਾ।

ਇਤਿਹਾਸ ਨੇ ਸੰਸਾਰ ਦੇ ਸਾਹਮਣੇ ਦੋ ਤਸਵੀਰਾਂ ਪੇਸ਼ ਕੀਤੀਆਂ ਹਨ ਜਿਨ੍ਹਾਂ ਤੋਂ ਮਨੁੱਖਤਾ ਇਹ ਸਬਕ ਲੈ ਸਕੇ ਕਿ ਮੈਂ ਜ਼ਿੰਦਗੀ ਵਿੱਚ ਧਨ ਨੂੰ ਕੀ ਥਾਂ ਦੇਣੀ ਹੈ। ਧਨ ਦੀ ਵਡਿਆਈ ਖ਼ਾਤਰ ਪਾਪ ਕਰਕੇ ਸੱਚੀ ਵਡਿਆਈ ਕਦੇ ਹਾਸਿਲ

ਨਹੀਂ ਹੋਇਆ ਕਰਦੀ। ਇਹ ਤਸਵੀਰ ਹੈ ਉਸ ਪੁਰਖ ਦੀ ਜਿਹੜਾ ਗੁਰੂ ਘਰ ਵਿਚ ਲੰਮਾ ਸਮਾਂ ਰਹਿਕੇ ਆਪਣਾ ਪ੍ਰੀਵਾਰ ਪਾਲਦਾ ਰਿਹਾ, ਪਰ ਅੱਜ ਜਦੋਂ ਵਕਤ ਮਿਲਿਆ ਤਾਂ ਮੁਸੀਬਤ ਵਿੱਚ ਫਸੀਆਂ ਮਾਸੂਮ ਜਿੰਦਾ ਬਾਬਾ ਜੋਰਾਵਰ ਸਿੰਘ ਅਤੇ ਬਾਬਾ ਫ਼ਤਹਿ ਸਿੰਘ ਅਤੇ ਇਨ੍ਹਾਂ ਨਾਲ ਬਜ਼ੁਰਗ ਦਾਦੀ ਮਾਤਾ ਗੁਜਰੀ ਜੀ ਜਿਹੜੇ ਪ੍ਰੀਵਾਰ ਵਿਛੋੜੇ ਮਗਰੋਂ ਗੰਗੂ ਦੇ ਕਹਿਣ 'ਤੇ ਘਰ ਆਏ ਸਨ। ਉਨ੍ਹਾਂ ਨੂੰ ਘਰ ਬੁਲਾ ਕੇ ਮਦਦ ਕਰਨ ਦੀ ਥਾਂ, ਆਪਣੇ ਵਲੋਂ ਕੁਝ ਭੇਟ ਕਰਨ ਦੀ ਥਾਂ ਸਗੋਂ ਅੱਜ ਉਨ੍ਹਾਂ ਕੋਲੋਂ ਵੀ ਧਨ ਚੁਰਾ ਲਿਆ। ਫਿਰ ਇਥੇ ਹੀ ਬਸ ਨਹੀਂ, ਸਰਕਾਰੇ ਦਰਬਾਰੇ ਵੀ ਇਨਾਮ ਹਾਸਿਲ ਕਰਨ ਦੀ ਭਾਵਨਾ ਨੇ ਇਨ੍ਹਾਂ ਮਾਸੂਮਾਂ ਨੂੰ ਵੀ ਜ਼ਾਲਿਮ ਹੱਥ ਪਕੜਵਾ ਦਿੱਤਾ। ਪਰ ਅੱਜ ਇਸ ਧਨ ਦੇ ਲੋਭੀ ਨੂੰ ਹਰ ਥਾਂ 'ਤੇ ਫਿਟਕਾਰਾਂ ਪੈਂਦੀਆਂ ਹਨ। ਕਦੇ ਕੋਈ ਇਨ੍ਹਾਂ ਦੇ ਖ਼ਾਨਦਾਨ ਦੇ ਅੱਗੇ ਵਾਰਿਸਾਂ ਨੂੰ ਸਨਮਾਨ ਨਹੀਂ ਦਿੰਦਾ ਸਗੋਂ ਹੋਰਾਂ ਨੂੰ ਵੀ ਫਿਟਕਾਰ ਪਾਉਣੀ ਹੋਵੇ ਤਾਂ ਇਨ੍ਹਾਂ ਦੇ ਨਾਂ ਵਰਤਦੇ ਹਾਂ ਕਿ ਇਹ ਤਾਂ ਧਨ ਦਾ ਲੋਭੀ ਗੰਗੂ ਦੀ ਰੂਹ ਲੱਗਦੀ ਹੈ ਜਿਹੜਾ ਆਖ਼ਿਰ ਪਾਗਲ ਹੋ ਕੇ ਰੁਲ ਕੇ ਮਰ ਗਿਆ ਸੀ। ਅੱਲਾ ਯਾਰ ਖ਼ਾਂ ਜੋਗੀ ਦੇ ਬਚਨ ਹਨ:

ਦੁਨੀਆ ਮੇਂ ਆ ਕੇ ਅਪਨਾ ਨਾਮ ਬਦਨਾਮ ਕਰ ਗਿਆ।
ਦੁਸ਼ਮਨ ਵੀ ਜੋ ਕਰ ਨਾ ਸਕਾ ਵੋਹ ਕਾਮ ਕਰ ਗਿਆ।

ਦੂਜੀ ਤਸਵੀਰ ਹੈ ਇਨ੍ਹਾਂ ਮਾਸੂਮ ਜਿੰਦਾਂ ਦੇ ਨਾਲ ਹੀ ਪੁੰਨ ਕਮਾਉਣ ਵਾਲੀ, ਜਿਸ ਨੂੰ ਹਰ ਕੋਈ ਸ਼ਰਧਾ ਨਾਲ ਯਾਦ ਕਰਦਾ ਹੈ, ਉਹ ਹੈ ਭਾਈ ਟੋਡਰ ਮੱਲ ਜੀ। ਗੰਗੂ ਨੇ ਤਾਂ ਜਿਊਂਦਿਆਂ ਕੋਲੋਂ ਧਨ ਚੁਰਾ ਲਿਆ ਸੀ ਜਦ ਕਿ ਜਿਊਂਦਿਆਂ ਨੂੰ ਤਾਂ ਹਜ਼ਾਰਾਂ ਥਾਵਾਂ 'ਤੇ ਧਨ ਦੀ ਲੋੜ ਪੈਂਦੀ ਹੈ, ਫਿਰ ਇਨ੍ਹਾਂ ਦੇ ਤਾਂ ਘਰ ਪ੍ਰੀਵਾਰ, ਸਿੱਖ, ਮਾਤਾ ਪਿਤਾ ਹਰ ਇਕ ਨਾਲ ਵਿਛੋੜਾ ਪੈ ਚੁੱਕਾ ਸੀ, ਫਿਰ ਵੀ ਇਨ੍ਹਾਂ ਕੋਲੋਂ ਧਨ ਚੁਰਾ ਲਿਆ ਪਰ ਭਾਈ ਟੋਡਰ ਮੱਲ ਜੀ ਨੇ ਜਿਊਂਦਿਆਂ ਜੀਅ ਨਹੀਂ ਬਲਕਿ ਜੋਤੀ ਜੋਤਿ ਸਮਾਉਣ ਜਾਂ ਸ਼ਹੀਦ ਹੋਣ ਮਗਰੋਂ ਮਿਰਤਕ ਸਰੀਰਾਂ ਦੀ ਸੰਭਾਲ ਲਈ ਕਿੰਨਾ ਧਨ ਖ਼ਰਚ ਕਰ ਦਿੱਤਾ। ਜਿਊਂਦਿਆਂ ਜੇ ਕਿਧਰੇ ਟੋਡਰ ਮੱਲ ਨਾਲ ਮਿਲਾਪ ਹੋ ਜਾਂਦਾ ਤਾਂ ਸ਼ਾਇਦ ਕੁਝ ਹੋਰ ਹੀ ਹੋ ਸਕਦਾ ਸੀ। ਪਰ ਖ਼ੈਰ ! ਖ਼ਿਆਲ ਕਰਨ ਯੋਗ ਗੱਲ ਇਹ ਹੈ ਕਿ ਇਕ ਗੁਰੂ ਘਰ ਰਹਿਕੇ ਵੀ, ਫਿਰ ਮੁਸੀਬਤ ਵੇਲੇ, ਫਿਰ ਮਾਸੂਮ ਜਿੰਦਾਂ, ਫਿਰ ਜਿਊਂਦੇ ਜਾਗਦਿਆਂ ਕੋਲੋਂ ਸਗੋਂ ਧਨ ਖੋਂਹਦਾ ਹੈ ਅਤੇ ਦੂਜਾ ਸ਼ਹੀਦ ਹੋਣ ਮਗਰੋਂ, ਜਦੋਂ ਕਿ ਹੁਣ ਧਨ ਜਿਊਣ ਲਈ ਜ਼ਰੂਰੀ ਨਹੀਂ ਫਿਰ ਵੀ ਰੱਜ ਕੇ ਮੂੰਹ ਮੰਗਿਆ ਖ਼ਰਚ ਕਰਦਾ ਹੈ। ਬੱਸ ਇਸ ਕਾਰਨ ਅੱਜ ਵੇਖਦੇ ਹਾਂ ਕਿ ਹਰ ਸਾਲ ਭਾਈ ਟੋਡਰ ਮੱਲ ਜੀ ਦੇ ਖ਼ਾਨਦਾਨ ਦਾ ਤਾਂ ਸਤਿਕਾਰ ਕੀਤਾ ਜਾਂਦਾ ਹੈ ਪਰ ਗੰਗੂ ਨੂੰ ਯਾਦ ਕਰਕੇ ਲਾਅਨਤਾਂ ਪੈਂਦੀਆਂ ਹਨ। ਇਸੇ ਲਈ ਭਾਈ ਗੁਰਦਾਸ

ਜੀ ਇਸ ਬੁਰਾਈ ਤੋਂ ਬਚਣ ਲਈ ਹਦਾਇਤ ਕਰਦੇ ਹਨ ਕਿ:

ਹਉ ਤਿਸ ਘੋਲਿ ਘੁਮਾਇਆ ਪਰ ਦਰਬੈ ਨੋ ਹਥ ਨਾ ਲਾਵੈ ॥

ਵੈਸੇ ਤਾਂ ਸੰਸਾਰ ਅੰਦਰ ਹਰ ਬੰਦਾ ਆਪੋ ਆਪਣੀਆਂ ਭੁੱਖਾਂ ਦਾ ਨੌਕਰ ਜਾਂ ਗ਼ੁਲਾਮ ਹੈ। ਜ਼ਿੰਦਗੀ ਲੋੜਾਂ ਦੀ ਮੁਥਾਜ ਹੈ ਪਰ ਹਰ ਭੁੱਖ ਵੀ ਕਿਤੇ ਨਾ ਕਿਤੇ ਜਾ ਕੇ ਤ੍ਰਿਪਤੀ ਵਿੱਚ ਬਦਲ ਜਾਂਦੀ ਹੈ। ਖਾਣਾ ਜਿਤਨਾ ਮਰਜ਼ੀ ਸੁਆਦਿਸ਼ਟ ਹੋਵੇ ਪਰ ਕੁਝ ਸੀਮਾ ਤੱਕ ਹੀ ਖਾਧਾ ਜਾ ਸਕਦਾ ਹੈ, ਪਿਆਸ ਵੀ ਸ਼ਾਂਤ ਹੋ ਜਾਂਦੀ ਹੈ, ਪਹਿਨਣ ਤੋਂ ਵੀ ਕਿਤੇ ਜਾ ਕੇ ਮਨ ਉਕਤਾ ਜਾਂਦਾ ਹੈ, ਪਰ ਇਸ ਮਾਇਆ ਦੀ ਅਜਿਹੀ ਭੁੱਖ ਹੈ ਜਿਹੜੀ ਕਦੇ ਸ਼ਾਂਤ ਹੋਣੀ ਤਾਂ ਇਕ ਪਾਸੇ ਸਗੋਂ ਜਦੋਂ ਵੀ ਇਸਦੇ ਸ਼ਾਂਤ ਕਰਨ ਲਈ ਜਿਉਂ ਜਿਉਂ ਮਨੁੱਖ ਉਪਰਾਲੇ ਕਰਦਾ ਹੈ, ਤਿਉਂ ਤਿਉਂ ਇਹ ਘਟਣ ਦੀ ਬਜਾਇ ਵਧਦੀ ਹੀ ਜਾਂਦੀ ਹੈ। ਇਥੋਂ ਤੱਕ ਸੰਸਾਰਿਕ ਗਾਥਾਵਾਂ ਹਾਮੀ ਭਰਦੀਆਂ ਹਨ ਕਿ ਦੂਜੇ ਦੇ ਦਰਬ ਨੂੰ ਹੱਥ ਲਾਉਣਾ ਤਾਂ ਇਕ ਪਾਸੇ ਜਾਂ ਫਿਰ ਜਿਉਂਦੇ ਜੀਆਂ ਕੋਲੋਂ ਖੋਹ ਖੋਹ ਕੇ ਉਨ੍ਹਾਂ ਨੂੰ ਮਾਰਨਾ ਵੀ ਪਿਛੇ ਰਹਿ ਜਾਂਦਾ ਹੈ, ਫਿਰ ਤਾਂ ਮਨੁੱਖ ਇਥੋਂ ਤੱਕ ਵੀ ਗਰਕ ਸਕਦਾ ਹੈ ਕਿ ਮੁਰਦੇ ਪੁੱਟ ਕੇ ਉਨ੍ਹਾਂ ਦੇ ਮੂੰਹ ਵਿਚੋਂ ਪਾਏ ਪੈਸੇ ਵੀ ਕੱਢ ਲੈਂਦਾ ਹੈ। ਕਾਰੂੰ ਆਮ ਬੰਦਾ ਨਹੀਂ ਬਲਕਿ ਬਾਦਸ਼ਾਹ ਸੀ ਪਰ ਮਾਇਕ ਦੁਨੀਆਂ ਦੇ ਪਾਪਾਂ ਦੀ ਅਜਿਹੀ ਡੂੰਘੀ ਖਾਈ ਵਿਚ ਡਿਗਿਆ ਹੋਇਆ ਸੀ ਕਿ ਉਸ ਤੋਂ ਉਤੇ ਮਿਸਾਲ ਮਿਲਣੀ ਔਖੀ ਹੋ ਗਈ।

ਥਾਕੇ ਬਹੁ ਬਿਧਿ ਘਾਲਤੇ ਤ੍ਰਿਪਤਿ ਨ ਤ੍ਰਿਸਨਾ ਲਾਥ ॥
ਸੰਚਿ ਸੰਚਿ ਸਾਕਤ ਮੂਏ ਨਾਨਕ ਮਾਇਆ ਨਾ ਸਾਥ ॥

(ਅੰਗ ੨੫੭)

ਜਿਹੜੀਆਂ ਖ਼ੁਸ਼ੀਆਂ ਵਾਸਤੇ ਇਹ ਇਕੱਤਰਤਾ ਕਰਦਾ ਰਹਿੰਦਾ ਹੈ, ਉਹੋ ਮਾਇਆ ਸੋਗ ਤ੍ਰਿਸ਼ਨਾ ਦੀ ਭੱਠੀ ਬਾਲਕੇ ਇਸ ਦੀਆਂ ਖ਼ੁਸ਼ੀਆਂ ਨੂੰ ਸਾੜਦੀ ਰਹਿੰਦੀ ਹੈ। ਇਥੇ ਹੀ ਬਸ ਨਹੀਂ, ਨਾਲੋ ਨਾਲ ਪਾਪਾਂ ਦੇ ਬੀਜ ਅੱਗੇ ਵਾਸਤੇ ਵੀ ਬੀਜਦੀ ਰਹਿੰਦੀ ਹੈ। ਸਬਰ ਸੰਤੋਖ ਵਾਲਾ ਮਾਲਿਕ ਦਾ ਸ਼ੁਕਰ ਕਰਕੇ ਜਿਥੇ ਆਪਣੇ ਜੀਵਨ ਦੀਆਂ ਖ਼ੁਸ਼ੀਆਂ ਮਾਨਣ ਵਾਲਾ ਹੁੰਦਾ ਹੈ, ਉਥੇ ਦੂਜਿਆਂ ਦੀ ਤਲੀ 'ਤੇ ਰੱਖਕੇ ਅੱਗੇ ਵਾਸਤੇ ਵੀ ਧਰਮ ਦੇ ਬੀਜ ਬੀਜਦਾ ਰਹਿੰਦਾ ਹੈ। ਮਾਇਆ ਦੀ ਲਾਲਸਾ ਅੰਦਰੋਂ ਮਨੁੱਖੀ ਸ਼ਖ਼ਸੀਅਤ ਨੂੰ ਘਟਾਕੇ ਇਕ ਮੰਗਤਾ ਬਣਾ ਦਿੰਦੀ ਹੈ ਜਦਕਿ ਸਬਰ ਮਨੁੱਖੀ ਸ਼ਖ਼ਸੀਅਤ ਦੇ ਕੱਦ ਨੂੰ ਏਡਾ ਵੱਡਾ ਸਮਾਜ ਦੇ ਸਾਹਮਣੇ ਪ੍ਰਗਟ ਕਰ ਦਿੰਦਾ ਹੈ, ਜਿਸ ਦਾ ਮੁੱਲ ਵੱਡੇ ਵੱਡੇ ਰਾਜੇ ਮਹਾਰਾਜਿਆਂ ਕੋਲ ਵੀ ਨਹੀਂ ਹੁੰਦਾ। ਭਗਤ ਫ਼ਰੀਦ ਜੀ ਦੀ ਬਾਣੀ ਤੋਂ ਸੇਧ ਲਈਏ। ਭਗਤ ਜੀ ਆਖਦੇ ਹਨ ਕਿ ਹੇ ਬੰਦੇ! ਸਬਰ ਤੇਰੀ ਜ਼ਿੰਦਗੀ ਦਾ ਮਨੋਰਥ ਹੈ ਪਰ ਜੇਕਰ ਤੂੰ ਇਸ ਨੂੰ ਦ੍ਰਿੜਤਾ ਨਾਲ ਆਪਣੀ

ਜ਼ਿੰਦਗੀ ਵਿਚ ਲਾਗੂ ਕਰ ਲਵੇਂ ਤਾਂ ਤੂੰ ਇਕ ਆਮ ਵਹਿਣ ਨਾਲੋਂ ਵੱਡੇ ਦਰਿਆ ਨਾਲ ਸੰਬੰਧ ਜੋੜਕੇ ਦਰਿਆ ਦਾ ਹੀ ਰੂਪ ਭਾਵ ਪ੍ਰਮੇਸ਼ਰ ਵਰਗਾ ਹੀ ਬਣ ਜਾਵੇਂਗਾ। ਪਰ ਜੇਕਰ ਸਬਰ ਦੀ ਦਾਤ ਗਵਾ ਲਈ ਤਾਂ ਦਰਿਆ ਤੋਂ ਟੁੱਟਕੇ ਸਗੋਂ ਇਕ ਆਮ ਛੋਟਾ ਜਿਹਾ ਵਹਿਣ ਬਣ ਜਾਵੇਂਗਾ, ਜਿਸਦਾ ਪਤਾ ਨਹੀਂ ਕਿਥੇ ਸੁਕ ਮੁਕ ਜਾਵੇ।

ਸਬਰੁ ਏਹੁ ਸੁਆਉ ਜੇ ਤੂੰ ਬੰਦਾ ਦਿੜੁ ਕਰਹਿ ॥

ਵਧਿ ਥੀਵਹਿ ਦਰੀਆਉ, ਟੁਟਿ ਨ ਥੀਵਹਿ ਵਾਹੜਾ ॥ *(ਅੰਗ ੧੩੮੪)*

ਇਨ੍ਹਾਂ ਹੱਥਾਂ ਨਾਲ ਹੀ ਜਦੋਂ ਮਿਹਨਤ ਕਰਕੇ ਫਿਰ ਇਨ੍ਹਾਂ ਹੀ ਹੱਥਾਂ ਨੂੰ ਗੁਰੂ ਅੱਗੇ ਜੋੜਕੇ ਸੱਚੇ ਸਾਂਈਂ ਕੋਲੋਂ ਮੰਗਣਾ ਸਿਖ ਲਵੇਂਗਾ ਤਾਂ ਫਿਰ ਯਾਦ ਰੱਖੀਂ ਗੁਰੂ ਦੀ ਰਹਿਮਤ ਤੇਰੀ ਜ਼ਿੰਦਗੀ ਦੀ ਫੁਲਵਾੜੀ ਸੁਖਾਂ ਅਤੇ ਪੁੰਨਾਂ ਨਾਲ ਭਰ ਦੇਵੇਗੀ ਪਰ ਜੇਕਰ ਇਨ੍ਹਾਂ ਹੱਥਾਂ ਨਾਲ ਹੀ ਕਿਸੇ ਦਾ ਹੱਕ ਖੋਹ ਖੋਹ ਕੇ ਬੁਰੇ ਕਰਮ ਕਮਾਵੇਂਗਾ ਤਾਂ ਤੇਰੀ ਜ਼ਿੰਦਗੀ ਪਾਪਾਂ ਨਾਲ ਭਰ ਜਾਵੇਗੀ। ਹੈਰਾਨੀ ਦੀ ਗੱਲ ਤੇਰਾ ਫਿਰ ਕਿਸੇ ਬੇਲੀ ਵੀ ਨਹੀਂ ਹੋਣਾ। ਇਸ ਲਈ ਜ਼ਿੰਦਗੀ ਧਰਮ ਕਮਾਉਣ ਵਿੱਚ ਲਾ ਨਾ ਕਿ ਤ੍ਰਿਸ਼ਨਾ ਦੀ ਭੱਠੀ ਵਿੱਚ ਆਪਣੀਆਂ ਹੀ ਖ਼ੁਸ਼ੀਆਂ ਸਾੜ ਸਾੜ ਕੇ ਪਾਪਾਂ ਦੇ ਕੋਲਿਆਂ ਨਾਲ ਆਪਣਾ ਹੀ ਮੂੰਹ ਕਾਲਾ ਕਰ। ਇਕ ਗਾਥਾ ਸ਼ਾਇਦ ਅਜਿਹੇ ਜੀਵਨ 'ਤੇ ਥੋੜ੍ਹੇ ਜਿਹੇ ਪਾਣੀ ਪਾ ਕੇ ਤ੍ਰਿਸ਼ਨਾ ਦੀ ਅੱਗ ਬੁਝਾਉਣ ਦਾ ਹੀ ਇਕ ਨਿਮਾਣਾ ਜਿਹਾ ਯਤਨ ਹੈ।

ਦਿਆਲ ਸਿੰਘ ਨੇ ਅੱਜ ਰੋਜ਼ ਦੀ ਤਰ੍ਹਾਂ ਇਸ਼ਨਾਨ ਨਿਤਨੇਮ ਕਰਕੇ ਦਫ਼ਤਰ ਲਈ ਤਿਆਰ ਹੋ ਕੇ ਚੱਲਣ ਲਈ ਬਚੇ ਕੁਝ ਮਿੰਟਾਂ ਵਿਚ ਅਖ਼ਬਾਰ ਦੀਆਂ ਸੁਰਖ਼ੀਆਂ 'ਤੇ ਨਜ਼ਰ ਮਾਰੀ। ਅਚਾਨਕ ਹੀ ਉਸਦੀ ਨਜ਼ਰ ਇਕ ਅਜਿਹੀ ਸੁਰਖ਼ੀ 'ਤੇ ਪਈ, ਜਿਹੜੀ ਕਈ ਦਿਨਾਂ ਤੋਂ ਉਸ ਲਈ ਮੁਸ਼ਕਲ ਬਣੀ ਹੋਈ ਨੂੰ ਹੱਲ ਕਰਦੀ ਨਜ਼ਰ ਆਈ। ਇਹ ਸੁਰਖ਼ੀ (ਖ਼ਬਰ) ਵਿਚ ਕਿਸੇ ਅਮੀਰ ਘਰਾਣੇ ਵਲੋਂ ਆਪਣੇ ਪ੍ਰਵਾਰ ਦੇ ਇਕ ਮੈਂਬਰ ਦੇ ਗੁਆਚ ਜਾਣ ਮਗਰੋਂ ਉਸਨੂੰ ਲੱਭ ਕੇ ਲਿਆਉਣ ਵਾਲੇ ਲਈ ਖ਼ਰਚ ਤੋਂ ਇਲਾਵਾ ਕੁਝ ਇਨਾਮ ਵੀ ਦੇਣ ਦਾ ਐਲਾਨ ਕੀਤਾ ਗਿਆ ਸੀ। ਸਾਫ਼ ਸਾਫ਼ ਲਿਖਕੇ ਨਾਲ ਹੀ ਇਕ ਫ਼ੋਟੋ ਵੀ ਛਾਪੀ ਹੋਈ ਸੀ। ਇਸ ਫ਼ੋਟੋ ਨੇ ਦਿਆਲ ਸਿੰਘ ਦੇ ਅੰਦਰ ਕਾਫ਼ੀ ਖ਼ੁਸ਼ੀ ਜਿਹੀ ਜਗਾ ਦਿੱਤੀ। ਇਸ ਖ਼ੁਸ਼ੀ ਦਾ ਅਸਲ ਕਾਰਨ ਇਹ ਸੀ ਕਿ ਕੁਝ ਦਿਨ ਪਹਿਲਾਂ ਦਿਆਲ ਸਿੰਘ ਨੂੰ ਰੋਜ਼ ਦੀ ਤਰ੍ਹਾਂ ਨਾਲ ਵਗਦੀ ਇਕ ਕੱਚੀ ਨਹਿਰ ਦੇ ਲਾਗੇ ਦੇ ਖੇਤਾਂ ਵਿੱਚ ਜੰਗਲ ਪਾਣੀ ਜਾਂਦੇ ਹੋਏ ਨੂੰ ਨਹਿਰ 'ਤੇ ਹੱਥ ਧੋਣ ਸਮੇਂ ਇਕ ਲਾਸ਼ ਜਿਹੀ ਦਾ ਭੁਲੇਖਾ ਪਿਆ। ਸੁਵੱਖਤੇ ਦਾ ਹਨੇਰਾ ਹੋਣ ਕਰਕੇ ਸਾਫ਼ ਨਾ ਦਿਸਿਆ ਤਾਂ ਉਸ ਨੇ ਕੋਲ ਹੋ ਕੇ ਦੇਖਿਆ ਕਿ ਇਕ ਚੰਗਾ ਕੋਈ ਸੇਠ ਕਿਸੇ ਚੰਗੇ ਪਰੀਵਾਰ ਦਾ ਮੈਂਬਰ ਅਧਮੋਇਆ ਜਿਹਾ ਕਿਸੇ ਕਾਰਨ ਹੱੜ

ਕੇ ਇਥੇ ਕਿਨਾਰੇ ਨਾਲ ਲੱਗਾ ਪਿਆ ਸੀ। ਦਿਆਲ ਸਿੰਘ ਨੇ ਆਪਣੇ ਘਰ ਚੁੱਕ ਲਿਆਂਦਾ। ਉਸ ਦੇ ਕੁਝ ਖ਼ੂਨ ਅਤੇ ਪਾਣੀ ਨਾਲ ਭਿੱਜੇ ਕੱਪੜੇ ਉਤਾਰ ਕੇ ਚੰਗੇ ਆਪਣੇ ਸੁੱਕੇ ਤੇ ਨਿੱਘੇ ਕੱਪੜੇ ਪਾ ਕੇ ਨੇੜੇ ਦੇ ਹੀ ਹਸਪਤਾਲ ਵਿੱਚ ਦਾਖ਼ਲ ਕਰਵਾ ਦਿੱਤਾ। ਉਸ ਦੇ ਕੱਪੜੇ ਅਤੇ ਕੱਪੜਿਆਂ ਵਿਚੋਂ ਨਿਕਲਿਆ ਸਾਮਾਨ ਬਹੁਤ ਧਿਆਨ ਨਾਲ ਇਕੱਠਾ ਕਰਕੇ ਰੱਖ ਲਿਆ ਸੀ।

ਵਧੀ ਹੋਈ ਦਾ ਸੌ ਇਲਾਜ, ਦਿਆਲ ਸਿੰਘ ਦੇ ਸਾਰੇ ਪ੍ਰੀਵਾਰ ਦੀ ਔਹੜ ਪੌਹੜ (ਸੇਵਾ ਸੰਭਾਲ) ਨੇ ਮਾਨੋ ਕਰਤੇ ਪੁਰਖ ਦੇ ਘਰੋਂ ਇਸ ਸੇਠ ਦੀ ਜ਼ਿੰਦਗੀ ਫਿਰ ਵਾਪਸ ਮੰਗਵਾ ਲਈ ਹੋਵੇ। ਜ਼ਖ਼ਮ ਵੀ ਭਾਵੇਂ ਕਾਫ਼ੀ ਸਨ ਜਿਨ੍ਹਾਂ ਦੇ ਠੀਕ ਹੋਣ ਲਈ ਕਈ ਦਿਨਾਂ ਦੀ ਅਰਾਮ ਦੀ ਜ਼ਰੂਰਤ ਸੀ ਪਰ ਹੁਣ ਵੱਡੇ ਖ਼ਤਰੇ ਵਾਲੀ ਕੋਈ ਗੱਲ ਨਹੀਂ ਸੀ। ਦਿਆਲ ਸਿੰਘ ਨੇ ਇਸ ਅਜਨਬੀ ਸੇਠ ਦੀ ਘਰ ਲਿਆ ਕੇ ਵੀ ਕਾਫ਼ੀ ਦਿਨ ਸੇਵਾ ਕੀਤੀ। ਜਦੋਂ ਸੇਠ ਆਪ ਤੁਰਨ ਫਿਰਨ ਤੇ ਆਪਣੀ ਕਿਰਿਆ ਕਰਨ ਜੋਗਾ ਹੋ ਗਿਆ ਤਾਂ ਦਿਆਲ ਸਿੰਘ ਨੇ ਸੇਠ ਕੋਲੋਂ ਪਤਾ ਟਿਕਾਣਾ ਪੁੱਛਿਆ ਤਾਂ ਉਹ ਇਤਨਾ ਰੋਣ ਲੱਗ ਪਿਆ ਕਿ ਦਿਆਲ ਸਿੰਘ ਜਾਂ ਪ੍ਰੀਵਾਰ ਨੂੰ ਇਹ ਪਤਾ ਨਾ ਲੱਗੇ ਕਿ ਅਸੀਂ ਇਸ ਨੂੰ ਕੀ ਕਹਿ ਕੇ ਚੁੱਪ ਕਰਵਾਈਏ। ਸੇਠ ਨੇ ਰੋ ਕੇ ਆਪਣਾ ਕਾਫ਼ੀ ਮਨ ਹਲਕਾ ਕਰ ਲਿਆ ਤੇ ਹੱਥ ਜੋੜਕੇ ਕਹਿਣ ਲੱਗਾ ਕਿ ਤੁਸੀਂ ਜੋ ਕਹੋਗੇ ਮੈਂ ਉਹੋ ਹੀ ਕਰਾਂਗਾ ਪਰ ਹੁਣ ਮੈਨੂੰ ਆਪਣੇ ਕੋਲ ਹੀ ਰੱਖ ਲਵੋ, ਬੱਸ ਹੁਣ ਮੇਰਾ ਇਹੋ ਹੀ ਪ੍ਰੀਵਾਰ ਹੈ। ਜਦੋਂ ਵੀ ਦਿਆਲ ਸਿੰਘ ਜੀ ਹੋਰਾਂ ਨੇ ਪੁੱਛਣਾ ਤਾਂ ਸੇਠ ਨੇ ਤਰਲੇ ਲੈ ਕੇ ਆਪਣੇ ਪਾਸ ਹੀ ਰੱਖ ਲੈਣ ਲਈ ਅਰਜ਼ੋਈਆਂ ਕਰਨ ਲੱਗ ਪੈਣਾ ਜਿਸ ਨਾਲ ਸਾਰੇ ਪ੍ਰੀਵਾਰ ਦਾ ਮਨ ਪਤੀਜ ਜਾਣਾ ਤੇ ਇਕ ਦੋ ਦਿਨ ਹੋਰ ਲੰਘ ਜਾਣੇ। ਪਰ ਅੱਜ ਹੀ ਇਕ ਅਜਿਹੀ ਖ਼ਬਰ ਛਪੀ ਹੋਈ ਸੀ ਜਿਸ ਵਿੱਚ ਸੇਠ ਹੋਰਾਂ ਦੀ ਫੋਟੋ ਤੇ ਨਾਲ ਹੀ ਘਰਦਿਆਂ ਦੀ ਪਰੇਸ਼ਾਨੀ ਦਾ ਵਾਸਤਾ ਅਤੇ ਨਾਲ ਹੀ ਇਨਾਮ ਦਾ ਵੀ ਜ਼ਿਕਰ ਕੀਤਾ ਹੋਇਆ ਸੀ। ਦਿਆਲ ਸਿੰਘ ਜੀ ਨੂੰ ਸਭ ਤੋਂ ਵੱਧ ਇਸ ਗੱਲ ਦੀ ਚਿੰਤਾ ਸੀ ਕਿ ਇਨ੍ਹਾਂ ਦੇ ਪ੍ਰੀਵਾਰ ਨੂੰ ਇਨ੍ਹਾਂ ਦੇ ਭਾਵ ਸੇਠ ਦੇ ਬੱਚ ਜਾਣ ਦੀ ਖ਼ਬਰ ਦਿੱਤੀ ਜਾ ਸਕੇ। ਇਸ ਗੱਲ ਦਾ ਦੂਜਾ ਪੱਖ ਇਹ ਸੀ ਕਿ ਬਹੁਤ ਜ਼ੋਰ ਦੇਣ ਦੇ ਬਾਵਜੂਦ ਵੀ ਸੇਠ ਆਪਣੇ ਜਾਂ ਆਪਣੇ ਪ੍ਰੀਵਾਰ ਬਾਰੇ ਕਿਉਂ ਦੱਸਣ ਲਈ ਤਿਆਰ ਨਹੀਂ ਸੀ।

ਦਿਆਲ ਸਿੰਘ ਨੇ ਅਖ਼ਬਾਰ ਵਿਚਲੇ ਪਤੇ (ਐਡਰੈੱਸ) ਉੱਤੇ ਪਤਾ ਭੇਜ ਦਿੱਤਾ ਕਿ ਸੇਠ ਜੀ ਸਾਡੇ ਕੋਲ, ਇਸ ਪਤੇ ਉਤੇ ਰਹਿੰਦੇ ਹਨ, ਆਪਣਾ ਨਾਂ ਪਤਾ ਚੰਗੀ ਤਰ੍ਹਾਂ ਲਿਖ ਭੇਜ ਦਿੱਤਾ। ਤੀਸਰੇ ਦਿਨ ਤਿੰਨ ਚਾਰ ਜੀਅ ਇਕ ਗੱਡੀ ਰਾਹੀਂ ਰਾਤੀਂ ਦਿਆਲ ਸਿੰਘ ਜੀ ਦੇ ਘਰ ਪਹੁੰਚ ਗਏ। ਸੇਠ ਦੇਖਕੇ ਹੈਰਾਨ ਰਹਿ ਗਿਆ ਕਿ

ਅਜਿਹਾ ਕਿਵੇਂ ਹੋ ਗਿਆ। ਜਦੋਂ ਸੇਠ ਦੀ ਧੀ ਨੇ ਅਖ਼ਬਾਰ ਵਿੱਚ ਛਪਾਈ ਸਾਰੀ ਘਟਨਾ ਦੱਸੀ ਤਾਂ ਸੇਠ ਦੇ ਮਨ ਵਿੱਚ ਸ਼ੰਕਾ ਪੈਦਾ ਹੋ ਗਈ ਕਿ ਭਾਈ ਦਿਆਲ ਸਿੰਘ ਨੇ ਸਭ ਕੁਝ ਸ਼ਾਇਦ ਲਾਲਚ ਵੱਸ ਕੀਤਾ ਹੋਵੇ। ਸੇਠ ਨੇ ਹੋਰ ਕੁਝ ਨਾ ਪੁੱਛਿਆ ਤੇ ਪ੍ਰਿਵਾਰ ਨਾਲ ਜਾਣ ਦੀ ਤਿਆਰੀ ਕਰਨ ਲੱਗ ਪਿਆ। ਭਾਈ ਦਿਆਲ ਸਿੰਘ ਜੀ ਨੇ ਉਹ ਸਾਰਾ ਧਨ ਅਤੇ ਕੀਮਤੀ ਸਾਮਾਨ ਵੀ ਮੋੜ ਦਿੱਤਾ ਜਿਹੜਾ ਸੇਠ ਕੋਲੋਂ ਮਿਲਿਆ ਸੀ। ਬਹੁਤ ਪੁੱਛਣ 'ਤੇ ਸੇਠ ਨੇ ਦਿਆਲ ਸਿੰਘ ਨੂੰ ਦੱਸਿਆ ਕਿ ਮੇਰੇ ਤਿੰਨ ਬੱਚੇ ਹਨ—ਦੋ ਲੜਕੇ ਤੇ ਇਕ ਇਸ ਲੜਕੀ ਦਾ ਪ੍ਰਿਵਾਰ ਹੈ। ਲੜਕੇ ਦੋਵੇਂ ਨਿਕੰਮੇ ਹਨ। ਉਨ੍ਹਾਂ ਤੋਂ ਮੈਨੂੰ ਹਰ ਵਕਤ ਖ਼ਤਰਾ ਰਹਿੰਦਾ ਸੀ। ਇਕ ਦਿਨ ਕੁੱਟ ਮਾਰ ਕੇ ਆਪਣੇ ਭਾਣੇ ਮੈਨੂੰ ਨਹਿਰ ਵਿੱਚ ਸੁੱਟ ਗਏ। ਥੋੜ੍ਹੀ ਦੇਰ ਮੈਂ ਵੀ ਕੋਸ਼ਿਸ਼ ਕੀਤੀ ਪਰ ਫਿਰ ਮੈਨੂੰ ਕੁਝ ਨਹੀਂ ਪਤਾ। ਜਦੋਂ ਹੋਸ਼ ਪਰਤੀ ਤਾਂ ਤੁਸੀਂ ਮੇਰੇ ਕੋਲ ਸੀ ਅਤੇ ਮੈਂ ਹਸਪਤਾਲ ਵਿੱਚ ਸਾਂ। ਤੁਹਾਡਾ ਪਿਆਰ ਵੇਖਕੇ ਮੈਂ ਇਨ੍ਹਾਂ ਸਭ ਨੂੰ ਭੁਲਾ ਕੇ ਇਕੋ ਹੀ ਪ੍ਰਣ ਕਰ ਲਿਆ ਸੀ ਕਿ ਜ਼ਿੰਦਗੀ ਦੇ ਬਾਕੀ ਦਿਨ ਮੈਂ ਤੁਹਾਡੇ ਹੀ ਪ੍ਰਿਵਾਰ ਵਿੱਚ ਗੁਜ਼ਾਰਾਂਗਾ ਤੇ ਕੁਝ ਦਿਨਾਂ ਤੱਕ ਠੀਕ ਹੋਣ 'ਤੇ ਆਪਣਾ ਸਾਰਾ ਕੁਝ ਤੁਹਾਡੇ ਨਾਂ 'ਤੇ ਕਰਵਾ ਦਿਆਂਗਾ ਪਰ ਤੁਸੀਂ ਅਜਿਹਾ ਸਮਾਂ ਹੀ ਨਹੀਂ ਆਉਣ ਦਿੱਤਾ। ਸੇਠ ਦੀ ਧੀ ਦੇ ਕਾਹਲੀ ਕਰਨ ਕਰਕੇ ਸਾਰੇ ਜੀਅ ਤਿਆਰੀ ਕਰਕੇ ਉਸ ਰਾਤ ਹੀ ਸੇਠ ਨੂੰ ਨਾਲ ਲੈ ਗਏ। ਸੇਠ ਦੇ ਬਹੁਤ ਤਰਲੇ ਅਤੇ ਸੇਠ ਦੀ ਧੀ ਜੁਆਈ ਦੇ ਵਾਸਤਿਆਂ ਦੇ ਕਾਰਨ ਦਿਆਲ ਸਿੰਘ ਨੂੰ ਇਨਾਮ ਵਜੋਂ ਜਿਸ ਦੀ ਅਖ਼ਬਾਰ ਵਿੱਚ ਖ਼ਬਰ ਦਿੱਤੀ ਸੀ, ਉਹ ਇਨਾਮ ਦਿੱਤਾ ਗਿਆ।

ਕੁਝ ਦਿਨ ਸੇਠ ਨੇ ਆਪਣੇ ਧੀ ਪ੍ਰਿਵਾਰ ਵਿੱਚ ਕੱਟੇ। ਲੜਕਿਆਂ ਨੇ ਵੀ ਆਪਣੀ ਕੀਤੀ 'ਤੇ ਬਹੁਤ ਪਛਤਾਵਾ ਕਰਕੇ ਖਿਮਾ ਮੰਗੀ। ਸੇਠ ਨੂੰ ਹਰ ਵਾਰੀ ਦਿਆਲ ਸਿੰਘ ਦੀ ਗੱਲ ਚੇਤੇ ਆ ਜਾਂਦੀ ਕਿ ਮੇਰੇ ਗੁਰੂ ਜੀ ਦਾ ਬਚਨ ਹੈ ਕਿ :

ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ ॥
ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥ (ਅੰਗ ੧੩੮੨)

ਅੱਜ ਅਚਾਨਕ ਸੇਠ ਨੂੰ ਚੇਤਾ ਆਇਆ ਕਿ ਜਿਹੜਾ ਮੇਰੇ ਹਸਪਤਾਲ ਦਾ ਖ਼ਰਚ ਸੀ ਉਹ ਤਾਂ ਮੈਂ ਹਸਪਤਾਲ ਦਿੱਤਾ ਹੀ ਨਹੀਂ। ਸੇਠ ਨੇ ਆਪਣੇ ਜੁਆਈ ਨੂੰ ਨਾਲ ਲਿਆ ਤੇ ਗੱਡੀ ਵਿਚ ਬੈਠ ਇਹ ਸੋਚਕੇ ਵਾਪਿਸ ਆ ਰਿਹਾ ਸੀ ਕਿ ਇਕ ਤਾਂ ਦਿਆਲ ਸਿੰਘ ਹੋਰਾਂ ਦੇ ਪ੍ਰਿਵਾਰ ਦਾ ਫਿਰ ਧੰਨਵਾਦ ਕਰਾਂ ਜਿਨ੍ਹਾਂ ਨੇ ਮੇਰੀ ਜਾਨ ਹੀ ਨਹੀਂ ਬਚਾਈ ਬਲਕਿ ਬਹੁਤ ਸੇਵਾ ਵੀ ਕੀਤੀ, ਨਾਲ ਹੀ ਉਸ ਦੀ ਕਿਸੇ ਅਮਾਨਤ ਵਿੱਚ ਖ਼ਿਆਨਤ ਨਹੀਂ ਸੀ ਕੀਤੀ। ਸਿਰਫ਼ ਜ਼ਬਰਦਸਤੀ ਉਹੋ ਪੈਸੇ ਵਾਰ ਵਾਰ ਕਹਿਣ 'ਤੇ ਰੱਖੇ ਸਨ ਜਿਹੜੇ ਇਨਾਮ ਵਜੋਂ ਐਲਾਨੇ ਸਨ। ਜਦੋਂ

ਸੇਠ ਹਸਪਤਾਲ ਪਹੁੰਚਿਆ ਤਾਂ ਡਾਕਟਰ ਦਾ ਸ਼ੁਕਰੀਆ ਕਰਕੇ ਆਪਣਾ ਬਿੱਲ ਪੁੱਛਣ ਲੱਗਾ ਤਾਂ ਪਤਾ ਲੱਗਾ ਕਿ ਦਿਆਲ ਸਿੰਘ ਜੀ ਉਸ ਇਨਾਮ ਦੀ ਰਕਮ ਵਿਚੋਂ ਬਣਦਾ ਬਿਲ ਦੇ ਕੇ ਬਾਕੀ ਦੇ ਪੈਸੇ ਵੀ ਕਿਸੇ ਹੋਰ ਦੀ ਮਦਦ ਲਈ ਛੱਡ ਗਏ ਸਨ। ਸੇਠ ਨੇ ਜਾਣ ਲਿਆ ਕਿ ਉਹ ਅਸਲ ਵਿੱਚ ਕੋਈ ਜਿਊਂਦਾ ਜਾਗਦਾ ਦੇਵਤਾ ਹੈ। ਦਿਆਲ ਸਿੰਘ ਹੋਰਾਂ ਦੇ ਘਰ ਜਦੋਂ ਜਾ ਕੇ ਸ਼ਾਮ ਨੂੰ ਗੱਡੀ ਰੁਕੀ ਤਾਂ ਆਪਸ ਵਿਚ ਮਿਲਕੇ ਬਹੁਤ ਖ਼ੁਸ਼ ਹੋਏ ਤੇ ਪੁੱਛਣ 'ਤੇ ਦਿਆਲ ਸਿੰਘ ਨੇ ਦੱਸਿਆ ਕਿ ਇਨਾਮ ਦੇ ਵੀ ਪੈਸੇ ਅਸਲ ਵਿੱਚ ਮੈਂ ਇਸ ਲਈ ਨਹੀਂ ਰੱਖੇ ਕਿਉਂਕਿ ਮੇਰਾ ਗੁਰੂ ਰੱਬੀ ਦਰਗਾਹ ਵਿੱਚ ਕੇਵਲ ਉਨ੍ਹਾਂ ਦੀ ਹੀ ਹਾਮੀ ਭਰਦਾ ਹੈ ਜਿਹੜੇ ਕਦੇ ਪਰਾਇਆ ਹੱਕ ਨਹੀਂ ਖਾਂਦੇ।

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥ *(ਅੰਗ ੧੪੧)*

ਸੇਠ ਦੇ ਨੇਤਰ ਸ਼ੁਕਰਾਨੇ ਦੇ ਅੱਥਰੂ ਨਾਲ ਭਿੱਜੇ ਹੋਏ ਸਨ ਤੇ ਜ਼ਬਾਨ ਕਹਿ ਰਹੀ ਸੀ ਕਿ ਧੰਨ ਸਿੱਖਾ ਤੇਰੀ ਕਮਾਈ ਤੇ ਧੰਨ ਗੁਰੂ ਦਾ ਉਪਦੇਸ਼ ਹੈ।

"ਹਉ ਤਿਸ ਘੋਲਿ ਘੁਮਾਇਆ ਪਰ ਦਰਬੈ ਨੋ ਹਥੁ ਨ ਲਾਵੈ ॥"

ਧਰਮ ਅਸਲ ਵਿੱਚ ਗੁਰੂ ਜੀ ਦੇ ਬਚਨਾਂ ਦੀ ਰੋਸ਼ਨੀ ਲੈ ਕੇ ਆਪਣੇ ਵਿਚਾਰਾਂ ਨੂੰ ਤਬਦੀਲ ਕਰਨਾ ਹੈ। ਜੇਕਰ ਅਜਿਹਾ ਨਹੀਂ ਕਰਦਾ ਤਾਂ ਉਹ ਧਾਰਮਿਕ ਦੁਨੀਆਂ ਵਿੱਚ ਬਿਆਨੇ ਜਾਂਦੇ ਆਤਮਿਕ ਨਜ਼ਾਰੇ ਨਹੀਂ ਲੈ ਸਕਦਾ। ਮਨੁੱਖ ਬਹੁਤ ਕੁਝ ਆਪਣੇ ਕੋਲੋਂ ਹੀ ਸਿੱਖ ਸਕਦਾ ਹੈ ਪਰ ਜੇਕਰ ਗੁਰੂ ਵੀਚਾਰ ਨੂੰ ਸਦੀਵ ਆਪਣੀ ਜ਼ਿੰਦਗੀ ਦਾ ਸਾਥੀ ਬਣਾ ਕੇ ਚਲੇ। ਆਪਣੇ ਆਪੇ ਵੱਲ ਝਾਤ ਮਾਰਕੇ ਦੇਖੀਏ। ਜਦੋਂ ਆਪ ਨੂੰ ਆਪਣੀ ਕਿਰਤ ਦਾ ਪੂਰਾ ਹੱਕ ਨਹੀਂ ਮਿਲਦਾ ਤਾਂ ਆਪਾਂ ਕਿਤਨੇ ਦੁਖੀ ਹੁੰਦੇ ਹਾਂ ਪਰ ਦੂਜੇ ਪਾਸੇ ਜਦੋਂ ਇਹ ਹੱਕ ਹਾਸਿਲ ਹੋ ਜਾਂਦਾ ਹੈ ਤਾਂ ਕਿਤਨੀ ਖ਼ੁਸ਼ੀ ਮਹਿਸੂਸ ਕਰਦੇ ਹਾਂ। ਬੱਸ, ਇਹੋ ਅਨੁਭਵ ਕਿਧਰੇ ਸਾਰਿਆਂ ਨਾਲ ਵਿਹਾਰ ਕਰਦਿਆਂ ਪੈਦਾ ਹੋ ਜਾਵੇ ਤਾਂ ਉਹ ਫਿਰ ਧਨ ਜਾਂ ਪਰ ਦਰਬ ਦੀ ਬਜਾਇ ਆਪਣੇ ਅੰਦਰ ਦੀ ਗੁਰੂ ਬਖ਼ਸ਼ੀ ਖ਼ੁਸ਼ੀ ਕਦੇ ਵੀ ਬਰਬਾਦ ਨਹੀਂ ਹੋਣ ਦੇਵੇਗਾ। ਇਸ ਦੇ ਨਾਲ ਹੀ ਪ੍ਰਭੂ ਮਿਲਾਪ ਦੀ ਲੋਚਾ ਰੱਖਣ ਵਾਲੇ ਨੂੰ ਇਹ ਖ਼ਿਆਲ ਕਰਨਾ ਚਾਹੀਦਾ ਹੈ ਕਿ ਜਿਸਨੂੰ ਮੈਂ ਮਿਲਣਾ ਚਾਹੁੰਦਾ ਹਾਂ, ਉਹ ਤਾਂ **ਇਕ ਤਿਲ ਨਹੀ ਭੰਨੈ ਘਾਲੇ ॥** ਪਰ ਮੈਂ ਪਰਾਏ ਹੱਕ ਨਾਲ ਹਰ ਰੋਜ਼ ਖ਼ੁਸ਼ੀਆਂ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦਾ ਹਾਂ। ਇਸ ਤਰ੍ਹਾਂ ਮੇਰਾ ਤੇ ਮੇਰੇ ਵਾਹਿਗੁਰੂ ਜੀ ਦਾ ਮਿਲਾਪ ਕਿਵੇਂ ਹੋ ਸਕਦਾ ਹੈ। ਇਸ ਲਈ ਇਸ ਮਿੱਠੀ ਜ਼ਹਿਰ ਤੋਂ ਵੀ ਬਚਕੇ ਰਹਿਣ ਵਾਲਾ ਹੀ ਭਾਈ ਗੁਰਦਾਸ ਜੀ ਹੋਰਾਂ ਨੂੰ ਚੰਗਾ ਲਗਦਾ ਹੈ। ਹਉ ਤਿਸ........

ਪਰ ਨਿੰਦਾ ਸੁਣਿ ਆਪ ਹਟਾਵੈ

ਜ਼ਿੰਦਗੀ ਦੇ ਕੀਮਤੀ ਖ਼ਜ਼ਾਨੇ ਦੇ ਲੁਟੇਰਿਆਂ ਵਿਚੋਂ ਪਰਾਈ ਨਿੰਦਾ ਦਾ ਔਗੁਣ ਵੀ ਇਕ ਵੱਡਾ ਲੁਟੇਰਾ ਹੈ। ਇਸ ਲੁਟੇਰੇ ਦੇ ਲੁੱਟਣ ਦਾ ਢੰਗ ਵੀ ਨਿਰਾਲਾ ਹੈ। ਜਿਥੇ ਅਕਲ ਦਾ ਕੰਮ ਹੈ ਕਿ ਜ਼ਿੰਦਗੀ ਦੇ ਕੀਮਤੀ ਗੁਣਾਂ ਨੂੰ ਨਿਮਰਤਾ ਦੀ ਥੈਲੀ ਵਿੱਚ ਪਾ ਕੇ ਸੰਭਾਲ ਕੇ ਰੱਖਣਾ ਹੈ ਤਾਂਕਿ ਇਨ੍ਹਾਂ ਗੁਣਾਂ ਨਾਲ ਜ਼ਿੰਦਗੀ ਸੁਖਾਂ ਭਰੀ ਗੁਜ਼ਰੇ ਅਤੇ ਅੰਤ ਆਪਣੇ ਮਾਹੀ ਦਾ ਮਿਲਾਪ ਵੀ ਹਾਸਿਲ ਹੋ ਜਾਵੇ, ਪਰ ਨਿੰਦਾ ਅਜਿਹਾ ਔਗੁਣ ਹੈ, ਜੀਵ ਹਰ ਰੋਜ਼ ਵੇਖਦਾ ਹੈ ਲੱਖਾਂ ਝਗੜੇ ਕਲੇਸ਼ ਨਿੰਦਾ ਕਾਰਨ ਹੀ ਹੁੰਦੇ ਹਨ ਪਰ ਫਿਰ ਵੀ ਇਸ ਦਾ ਤਿਆਗੀ ਕੋਈ ਲੱਖਾਂ ਵਿਚੋਂ ਇਕ ਅੱਧ ਹੀ ਹੁੰਦਾ ਹੈ। ਇਸ ਔਗੁਣ ਦੀ ਸ਼ੁਰੂਆਤ ਬਹੁਤ ਹੀ ਮਿੱਠੀ ਹੈ। ਹਰ ਇਕ ਦੀ ਅਕਲ ਨੂੰ ਆਪਣੇ ਮਗਰ ਤੋਰ ਲੈਂਦੀ ਹੈ ਪਰ ਇਸਦਾ ਅੰਤ ਹਮੇਸ਼ਾ ਹੀ ਮਾੜਾ ਤੇ ਪਛਤਾਵੇ ਦੇ ਦੁੱਖਾਂ ਨਾਲ ਭਰਿਆ ਹੁੰਦਾ ਹੈ। ਸਤਿਗੁਰੂ ਜੀ ਦਾ ਬਚਨ ਹੈ ਕਿ ਪਹਿਲੀ ਗੱਲ ਤਾਂ ਨਿੰਦਾ ਕਰਨ ਵਾਲਾ ਹੁੰਦਾ ਹੀ ਮਨਮੁਖ, ਮੁਗਧ ਹੈ, ਦੂਜਾ ਜਦੋਂ ਅਸਲੀਅਤ ਦਾ ਪਤਾ ਲੱਗਦਾ ਹੈ ਤਾਂ ਨਿੰਦਕ ਦਾ ਮੂਹ ਕਾਲਾ ਕੀਤਾ ਜਾਂਦਾ ਹੈ ਭਾਵ ਸਮਾਜਿਕ ਬਦਨਾਮੀ ਦੀ ਕਾਲਖ ਮਿਲਦੀ ਹੈ। ਤੀਜਾ ਅਤਿਅੰਤ ਨਰਕ ਘੋਰ ਸਮਾਨ ਪਛਤਾਵੇ ਦਾ ਦੁੱਖ ਭੋਗਦਾ ਹੈ।

ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ ॥
ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥ (ਅੰਗ ੭੫੫)

ਨਿੰਦਾ ਦਾ ਔਗੁਣ ਅਸਲ ਵਿੱਚ ਈਰਖਾ ਦੀ ਕੁੱਖ ਤੋਂ ਜਨਮ ਲੈਂਦਾ ਹੈ। ਈਰਖਾ ਅਤੇ ਪਰਾਈ ਤਾਤ ਵਿੱਚ ਸੜਨ ਵਾਲਾ ਪੁਰਖ, ਕਿਸੇ ਦੇ ਗੁਣ ਵੇਖਦਾ ਹੈ ਤਾਂ ਆਪਣੇ ਵਿੱਚ ਅਜਿਹੇ ਗੁਣ ਪੈਦਾ ਕਰਨ ਦੀ ਬਜਾਇ ਸਗੋਂ ਦੂਸਰੇ ਦੇ ਸ਼ੁਭ ਗੁਣਾਂ ਰੂਪ ਫੁੱਲਾਂ ਨੂੰ ਕੰਡੇ ਬਣਾ ਕੇ ਭਾਵ ਉਸਦੇ ਗੁਣਾਂ 'ਤੇ ਪਰਦਾ ਪਾ ਕੇ ਪੇਸ਼ ਕਰਦਾ ਹੈ। ਇਹ ਪਰਦਾ ਕੂੜ ਦਾ ਹੋਣ ਕਰਕੇ ਸੱਚ ਨੂੰ ਬਹੁਤਾ ਸਮਾਂ ਆਪਣੀ ਬੁੱਕਲ ਵਿਚ ਛੁਪਾਈ ਨਹੀਂ ਰੱਖ ਸਕਦਾ। ਇਕ ਦਿਨ ਕੂੜ ਨਿਖੁੱਟ ਕੇ ਸੱਚ ਪ੍ਰਗਟ ਹੋ ਜਾਂਦਾ ਹੈ, ਜਿਸ ਨਾਲ ਨਿੰਦਕ ਦਾ ਮੂੰਹ ਹਰ ਥਾਂ ਫਿਟਕਾਰਿਆ ਅਤੇ ਜਿਸ ਦੀ ਨਿੰਦਾ ਹੁੰਦੀ ਹੈ, ਉਸਦਾ ਮੂੰਹ ਹਰ ਥਾਂ 'ਤੇ ਸਤਿਕਾਰਿਆ ਜਾਣ ਲੱਗ ਪੈਂਦਾ ਹੈ।

ਨਾਨਕ ਪ੍ਰਭ ਸਰਣਾਈ ॥ ਮੁਖਿ ਨਿੰਦਕ ਕੈ ਛਾਈ ॥

(ਅੰਗ ੬੨੯)

ਪ੍ਰਮੇਸ਼ਰ ਗੁਣਾਂ ਦਾ ਖ਼ਜ਼ਾਨਾ ਹੋਣ ਕਰਕੇ ਉਸਦੇ ਨੇੜੇ ਹੋਣ ਵਾਲੇ ਦਾ ਹਿਰਦਾ

ਵੀ ਗੁਣਾਂ ਨਾਲ ਭਰਦਾ ਜਾਂਦਾ ਹੈ। ਜਿਵੇਂ ਦੀਵੇ ਕੋਲ ਹੋਇਆਂ ਹਨੇਰਾ ਮਿਟ ਜਾਂਦਾ ਹੈ, ਫੁੱਲਾਂ ਕੋਲ ਜਾਂ ਖ਼ੁਸ਼ਬੋ ਦੇ ਨੇੜੇ ਹੋਇਆਂ ਦੁਰਗੰਧ ਆਪਣੇ ਆਪ ਹੀ ਹੱਟ ਜਾਂਦੀ ਹੈ, ਇਸੇ ਤਰ੍ਹਾਂ ਪ੍ਰਮੇਸ਼ਰ ਦੇ ਨੇੜੇ ਰਹਿਣ ਵਾਲਾ ਗੁਣਾਂ ਦਾ ਸੱਚਾ ਧਾਰਨੀ ਤੇ ਔਗੁਣਾਂ ਦਾ ਤਿਆਗੀ ਹੁੰਦਾ ਜਾਂਦਾ ਹੈ। ਔਗੁਣਾਂ ਦੀ ਦੁਨੀਆਂ ਵੱਲ ਵੀ ਝਾਤ ਮਾਰੀਏ ਤਾਂ ਇੱਕ ਗੱਲ ਹੋਰ ਪ੍ਰਗਟ ਹੋ ਜਾਂਦੀ ਹੈ ਕਿ ਕੁਝ ਗੱਲਾਂ ਅਜਿਹੀਆਂ ਹਨ ਜਿਹੜੀਆਂ ਔਗੁਣ ਨਹੀਂ ਸਨ ਪਰ ਮਨੁੱਖ ਨੇ ਬਣਾ ਦਿੱਤੀਆਂ। ਇਨ੍ਹਾਂ ਦਾ ਪਿਛੋਕੜ ਕੋਈ ਸਾਕਾਰ ਰੂਪ ਹੈ ਜਿਵੇਂ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਪਰ ਇਨ੍ਹਾਂ ਦੀ ਯੋਗ ਵਰਤੋਂ ਨਾ ਕਰਨ ਕਰਕੇ ਮਨਮੁੱਖ ਨੇ ਇਨ੍ਹਾਂ ਨੂੰ ਗੁਣ ਹੁੰਦਿਆਂ ਹੋਇਆਂ ਵੀ ਔਗੁਣ ਬਣਾ ਦਿੱਤਾ, ਕਿਉਂਕਿ ਕਾਮ ਨਹੀਂ ਤਾਂ ਉਤਪਤੀ ਨਹੀਂ ਇਸ ਲਈ ਕਾਮ ਹੈ ਤਾਂ ਸਾਕਾਰ ਪਰ ਮਨੁੱਖ ਨੇ ਵਿਕਾਰ ਬਣਾ ਲਿਆ। ਖ਼ਿਆਲ ਕਰਨ ਯੋਗ ਹੈ ਕਿ ਇਸ ਤਰ੍ਹਾਂ ਨਿੰਦਾ ਦਾ ਕੋਈ ਅਜਿਹਾ ਸਾਕਾਰ ਰੂਪ ਨਹੀਂ। ਇਹ ਤਾਂ ਈਰਖਾ ਵਿਚੋਂ ਪੈਦਾ ਹੋ ਕੇ ਈਰਖਾ ਪੈਦਾ ਕਰਕੇ ਅਕਸਰ ਮਨੁੱਖ ਜਾਤੀ ਦੀ ਤਬਾਹੀ ਦਾ ਹੀ ਕਾਰਨ ਬਣਦੀ ਹੈ। ਨਿੰਦਾ ਦਾ ਪਿਛੋਕੜ ਫੋਲਿਆਂ ਵੀ ਪ੍ਰਤੀਤ ਹੁੰਦਾ ਹੈ ਕਿ ਇਹ ਵੀ ਮਨੁੱਖਾ ਜਾਤੀ ਜਿਤਨੀ ਹੀ ਪੁਰਾਣੀ ਬਿਮਾਰੀ ਹੈ। ਉਦਾਹਰਣ ਦੀ ਵੀਚਾਰ ਇਸ ਪਾਸੇ ਹੀ ਇਸ਼ਾਰਾ ਕਰਦੀ ਨਜ਼ਰ ਆਉਂਦੀ ਹੈ। ਉਦਾਹਰਣ ਹੈ ਕਿ ਇਕ ਵਾਰੀ ਅੱਲਾਹ ਨੇ ਜਬਰਾਇਲ, ਮੈਕਾਇਲ ਅਤੇ ਅਸਰਾਫੀਲ ਇਨ੍ਹਾਂ ਤਿੰਨ ਫ਼ਰਿਸ਼ਤਿਆਂ ਨੂੰ ਧਰਤੀ ਤੋਂ ਮਿੱਟੀ ਲਿਆਉਣ ਲਈ ਕਿਹਾ ਪਰ ਧਰਤੀ ਦੇ ਜਵਾਬ ਦੇਣ 'ਤੇ ਅਜ਼ਰਾਇਲ ਜਬਰੀ ਕੁਝ ਮਿੱਟੀ ਲੈ ਗਿਆ। ਇਸ ਸੁੱਕੀ ਮਿੱਟੀ ਨੂੰ ਗਿੱਲੀ ਕਰਨ ਵਾਸਤੇ ਰੱਬ ਨੇ ਮੀਂਹ ਪਾ ਕੇ ਪਾਣੀ ਦੀ ਲੋੜ ਪੈਦਾ ਕੀਤੀ। ਫਿਰ ਇਸ ਮਿੱਟੀ ਨੂੰ ਫ਼ਰਿਸ਼ਤਿਆਂ ਕੋਲੋਂ ਹੀ ਗੁਨ੍ਹਵਾ ਕੇ ਪ੍ਰਮੇਸ਼ਰ ਨੇ ਆਪ ਇਕ ਬੁੱਤ ਬਣਾਇਆ ਜਿਸ ਨੂੰ ਸੁੱਕਣ ਲਈ 160 ਵਰ੍ਹਾ ਲੱਗ ਗਿਆ। ਇਸ ਦਾ ਕੱਦ ਵੀ 9 ਗਜ਼ ਲੰਮਾ ਰਹਿ ਗਿਆ। ਇਸ ਬੁੱਤ ਵਿੱਚ ਜਾਨ ਵੀ ਨੱਕ ਰਾਹੀਂ ਪਾਈ ਦੱਸੀ ਜਾਂਦੀ ਹੈ। ਹੁਣ ਇਸ ਆਦਮ ਅੱਗੇ ਸਾਰੇ ਫ਼ਰਿਸ਼ਤਿਆਂ ਨੂੰ ਨਮਸਕਾਰ ਕਰਨ ਲਈ ਕਿਹਾ ਗਿਆ। ਸਾਰਿਆਂ ਨੇ ਨਮਸਕਾਰ ਕੀਤੀ ਪਰ ਇਕ ਇਬਲੀਸ ਨਾਂ ਦਾ ਫ਼ਰਿਸ਼ਤਾ ਨਮਸਕਾਰ ਕਰਨ ਤੋਂ ਬਾਗ਼ੀ ਹੋ ਗਿਆ। ਇਸ ਕਾਰਨ ਹੀ ਇਸ ਇਬਲੀਸ ਫ਼ਰਿਸ਼ਤੇ ਨੂੰ ਬਾਕੀ ਫ਼ਰਿਸ਼ਤਿਆਂ ਤੋਂ ਵੱਖਰਾ ਕਰ ਦਿੱਤਾ ਤੇ ਇਸਦਾ ਨਾਂ ਵੀ ਸ਼ੈਤਾਨ ਰੱਖ ਦਿੱਤਾ। ਉਦੋਂ ਤੋਂ ਹੀ ਇਹ ਮਾਨਵ ਨੂੰ ਕੁਰਾਹੇ ਪਾਉਣ ਦਾ ਕਰਮ ਕਰਦਾ ਆ ਰਿਹਾ ਹੈ। ਸੋ ਇਉਂ ਪ੍ਰਤੀਤ ਹੁੰਦਾ ਹੈ ਕਿ ਇਹ ਸ਼ੈਤਾਨ ਹੀ ਨਿੰਦਕ ਦਾ ਰੂਪ ਹੈ ਜਿਹੜਾ ਲੋਕਾਂ ਦੀਆਂ ਜ਼ਿੰਦਗੀਆਂ ਤਬਾਹ ਕਰਨ ਲਈ ਆਪਣੀ ਜ਼ੁਬਾਨ ਨਾਲ ਅੱਗ ਲਾਉਂਦਾ ਹੈ। ਇਸੇ ਹੀ ਸ਼ੈਤਾਨ ਦੀ ਪ੍ਰੇਰਨਾ ਨੇ ਇਸ ਆਦਮ ਤੇ ਇਸੇ ਦੀ

ਹੀ ਪੱਸਲੀ ਤੋਂ ਪੈਦਾ ਕੀਤੀ ਹੱਵਾ ਨੂੰ ਭਰਮਾ ਕੇ ਵਰਜਿਤ ਫਲ (ਕਣਕ) ਖੁਆ ਕੇ ਅਦਨ ਨਾਂ ਦੇ ਬਾਗ਼ ਵਿਚੋਂ ਕੱਢਵਾ ਦਿੱਤਾ ਸੀ। ਮਾਨਵ ਜਾਤੀ ਲਈ ਇਹ ਪਹਿਲੀ ਚੁਗ਼ਲੀ ਸੀ ਜਿਸ ਕਰਕੇ ਆਦਮ ਖ਼ੁਦਾ ਤੋਂ ਦੂਰ ਹੋਇਆ। ਆਦਮ ਅਦਨ ਨਾਂ ਦੇ ਸੁੱਖਾਂ ਭਰੇ ਬਾਗ਼ ਵਿਚੋਂ ਕੱਢਿਆ ਗਿਆ ਅਤੇ ਜਨਮ ਮਰਨ ਦੇ ਗੇੜ ਵਿੱਚ ਪਾ ਦਿੱਤਾ ਗਿਆ। ਅੱਜ ਵੀ ਇਸੇ ਤਰ੍ਹਾਂ ਹੀ ਪ੍ਰਤੀਤ ਹੁੰਦਾ ਹੈ ਕਿ ਰੱਬ ਦੇ ਨੇੜੇ ਰਹਿਣ ਵਾਲਾ ਨਿੰਦਕ ਨਹੀਂ ਹੁੰਦਾ ਤੇ ਨਿੰਦਾ ਕਰਨ ਵਾਲਾ ਰੱਬ ਦੇ ਨੇੜੇ ਨਹੀਂ ਹੁੰਦਾ। ਅਜਿਹੇ ਅਹੰਕਾਰੀਆਂ ਨਿੰਦਕਾਂ ਨੂੰ ਰੱਬ ਪਿੱਠ ਦੇ ਕੇ ਛੱਡ ਦਿੰਦਾ ਹੈ ਤੇ ਗੁਰਮੁਖਾਂ ਨੂੰ ਗਲਵਕੜੀ ਵਿਚ ਲੈ ਲੈਂਦਾ ਹੈ।

ਅਹੰਕਾਰੀਆ ਨਿੰਦਕਾ ਪਿਠਿ ਦੇਇ ਨਾਮਦੇਉ ਮੁਖਿ ਲਾਇਆ ॥

(ਅੰਗ ੪੫੧)

ਹਿੰਦੂ ਧਰਮ ਅੰਦਰ ਵੀ ਇਕ ਅਜਿਹਾ ਹੀ ਪਾਤਰ ਪ੍ਰਵਾਨਿਆ ਗਿਆ ਹੈ। ਪਰਵਰਤੀ ਪੁਰਾਣ ਸਾਹਿਤ ਵਿੱਚ ਇਸ ਦਾ ਕਰਮ ਇਕ ਦੂਜੇ ਨੂੰ ਝੂਠੀਆਂ ਸੱਚੀਆਂ ਲੂਤੀਆਂ ਲਾ ਕੇ ਆਪਸ ਵਿੱਚ ਲੜਾਈ ਰੱਖਣ ਦਾ ਮੰਨਿਆ ਗਿਆ ਹੈ। ਨਾਰਦ ਦੇ ਇਸ ਪ੍ਰਸਿੱਧ ਪਾਤਰ ਨੇ ਆਪਣੇ ਕਰਮ ਵਿੱਚ ਇਤਨੀ ਮਹਾਨਤਾ ਖੱਟੀ ਕਿ ਅੱਜ ਵੀ ਨਿੰਦਕ ਜਾਂ ਅਜਿਹੇ ਚੁੱਗ਼ਲ ਨੂੰ ਲੋਕੀਂ ਟਾਂਚ ਕਰਕੇ ਬੁਲਾਉਂਦਿਆਂ ਨਾਰਦ ਮੁਨੀ ਕਹਿਣ ਲੱਗ ਪੈਂਦੇ ਹਨ। ਸਾਰੀ ਵੀਚਾਰ ਦਾ ਅਸਲ ਵਿੱਚ ਸਿੱਟਾ ਇਹ ਹੈ ਕਿ ਭਾਵੇਂ ਇਸਲਾਮ ਦੀ ਦੁਨੀਆਂ ਨੇ ਇਸ ਨੂੰ ਸ਼ੈਤਾਨ ਅਤੇ ਹਿੰਦੂ ਧਰਮ ਨੇ ਇਸਨੂੰ ਨਾਰਦ ਮੁਨੀ ਅਤੇ ਆਮ ਸਮਾਜ ਨੇ ਨਿੰਦਕ ਕਹਿਕੇ ਇਸਨੂੰ ਪ੍ਰਗਟ ਕੀਤਾ ਹੋਵੇ ਪਰ ਇਹ ਸੱਚ ਹੈ ਕਿ ਨਿੰਦਕ ਇਕ ਅਜਿਹਾ ਮਾਨਵਤਾ ਦਾ ਦੋਖੀ ਪਾਤਰ ਹੈ ਜਿਹੜਾ ਕਮਜ਼ੋਰੀਆਂ ਦਾ ਪ੍ਰਚਾਰ ਕਰਦਾ ਹੈ। ਭਲੇ ਕੰਮਾਂ ਨਾਲ ਦੁਖੀ ਹੁੰਦਾ ਹੈ। ਇਥੋਂ ਤੱਕ ਕਿ ਉਸ ਦੇ ਇਸ ਨਿੰਦਾ ਕਰਨ ਦੀ ਮਾੜੀ ਵਾਦੀ ਕਾਰਨ ਚੰਗੇ ਕੰਮ ਵੀ ਬੇਕਾਰ ਬਣ ਜਾਂਦੇ ਹਨ। ਅੰਮ੍ਰਿਤਬਾਣੀ ਦਾ ਬਚਨ ਹੈ ਕਿ ਜੇਕਰ ਨਿੰਦਕ ਅਠਾਹਠ ਤੀਰਥਾਂ ਦੇ ਇਸ਼ਨਾਨ ਵੀ ਕਰ ਲਵੇ, ਇਸ ਦੇ ਨਾਲ ਹੀ ਮਿਥੇ ਬਾਕੀ ਕਰਮਾਂ ਵਿਚੋਂ ਬਾਰਾਂ ਸ਼ਿਵਲਿੰਗਾਂ ਦੀ ਪੂਜਾ ਵੀ ਕਰੇ। ਜੇਕਰ ਲੋਕਾਂ ਦੀ ਮਦਦ ਲਈ ਖੂਹ ਅਤੇ ਤਲਾਬ ਆਦਿਕ ਬਣਾ ਕੇ ਕਿਸੇ ਨੂੰ ਦਾਨ ਕਰ ਦੇਵੇ ਤਾਂ ਇਹ ਸਭ ਕੁਝ ਉਸਨੂੰ ਕਿਸੇ ਪ੍ਰਾਪਤੀ ਦੀ ਥਾਂ ਨਹੀਂ ਪੁਚਾ ਸਕਦਾ, ਸਗੋਂ ਵਿਅਰਥ ਹੀ ਚਲਾ ਜਾਂਦਾ ਹੈ ਜਦੋਂ ਉਹ ਆਪਣੀ ਨਿੰਦਾ ਕਰਨ ਦੀ ਆਦਤ ਪੂਰੀ ਕਰਦਾ ਹੈ। ਨਿੰਦਾ ਉਸ ਦਾ ਇਹ ਸਭ ਕੁਝ ਬਰਬਾਦ ਕਰ ਦਿੰਦੀ ਹੈ। ਸਾਹਿਬ ਜੀ ਸਪਸ਼ਟ ਕਰਦੇ ਹਨ ਕਿ ਹੇ ਭਾਈ! ਧਰਮੀ ਲੋਕਾਂ ਦੀ ਨਿੰਦਾ ਕਰਨ ਵਾਲਾ ਪਾਰ ਕਿਵੇਂ ਹੋ ਸਕਦਾ ਹੈ। ਉਹ ਤਾਂ ਸੱਚ ਜਾਣੋ ਨਰਕਾਂ ਦੇ ਹੀ ਦੁਖ ਭੋਗਦਾ ਭਾਵ ਜੰਮਦਾ ਮਰਦਾ ਰਹਿੰਦਾ

ਹੈ। ਐਸਾ ਨਿੰਦਕ ਮਿਥੇ ਧਰਮਾਂ ਦੇ ਕਰਮਾਂ ਨੂੰ ਹੋਰ ਵਧਾ ਕੇ ਭਾਵ ਸੂਰਜ ਗ੍ਰਹਿਣ ਸਮੇਂ ਕੁਰਕਸ਼ੇਤਰ ਆਦਿਕ ਥਾਵਾਂ 'ਤੇ ਇਸ਼ਨਾਨ ਕਰੇ, ਇਸਤ੍ਰੀ ਦਾਨ ਵਜੋਂ ਦੇ ਦੇਵੇ, ਫਿਰ ਧਾਰਮਿਕ ਗ੍ਰੰਥਾਂ ਭਾਵ ਸਿਮਰਤੀਆਂ ਦਾ ਪਾਠ ਆਦਿਕ ਵੀ ਸੁਣ ਲਵੇ ਪਰ ਫਿਰ ਮੁੜ ਨਿੰਦਾ ਕਰਨ ਲੱਗ ਪਵੇ ਤਾਂ ਇਹ ਸਾਰੀ ਕਿਰਿਆ ਦਾ ਕੌਡੀ ਮੁੱਲ ਨਹੀਂ ਪੈਂਦਾ, ਵਿਅਰਥ ਸਭ ਕੁਝ ਜਾਂਦਾ ਹੈ। ਜੇਕਰ ਨਿੰਦਕ ਆਪਣੀ ਜੀਵਨ ਮੁਕਤੀ ਦੀ ਭਾਵਨਾ ਨਾਲ ਭੁੱਖਿਆਂ ਨੂੰ ਭੋਜਨ ਛਕਾ ਕੇ, ਭੂਮੀ ਦਾਨ ਵੀ ਕਰੇ, ਧਾਰਮਿਕ ਅਸਥਾਨਾਂ ਦੀਆਂ ਇਮਾਰਤਾਂ ਬਣਾ ਕੇ ਸੰਸਾਰ ਦੀ ਸ਼ੋਭਾ ਦਾ ਪਾਤਰ ਵੀ ਬਣ ਜਾਵੇ ਅਤੇ ਆਪਣਾ ਵਿਗਾੜ ਕੇ ਲੋਕਾਂ ਦੇ ਕਾਰਜਾਂ ਵਿੱਚ ਮਦਦਗਾਰ ਬਣਦਾ ਹੋਵੇ ਲੇਕਿਨ ਨਿੰਦਾ ਦੀ ਹਨੇਰੀ ਉਸਦਾ ਸਭ ਕੁਝ ਖ਼ਤਮ ਕਰ ਦਿੰਦੀ ਹੈ। ਉਹ ਜੂਨੀਆਂ ਦੀ ਭਟਕਣਾਂ ਤੋਂ ਮੁਕਤ ਨਹੀਂ ਹੋ ਸਕਦਾ। ਗੁਰੂ ਕੀ ਬਾਣੀ ਨੇ ਅੰਤ ਨਿਰਣਾ ਦੇ ਦਿੱਤਾ ਕਿ ਹੇ ਸੰਸਾਰ ਦੇ ਲੋਕੋ! ਇਕ ਗੱਲ ਦਾ ਨਿਰਣਾ ਅਸੀਂ ਸੁਣ ਸੁਣਾ ਕੇ ਜਾਂ ਲੋਕਾਚਾਰੀ ਨਹੀਂ ਬਲਕਿ ਸੋਧ ਵੀਚਾਰ ਕੇ ਅਤੇ ਨਿੰਦਕ ਦਾ ਪ੍ਰਤੱਖ ਹਸ਼ਰ ਵੇਖਕੇ ਕੀਤਾ ਹੈ ਕਿ ਅੰਤ ਨੂੰ ਨਿੰਦਾ ਨੇ ਨਿੰਦਕ ਨੂੰ ਪਾਪੀ ਬਣਾਕੇ ਨਰਕਾਂ ਦੇ ਖੂਹ ਵਿੱਚ ਸੁੱਟ ਦਿੱਤਾ। ਪਾਵਨ ਬਚਨ ਹਨ :

ਜੇ ਓਹੁ ਅਠਸਠਿ ਤੀਰਥ ਨ੍ਾਵੈ ॥ ਜੇ ਓਹੁ ਦੁਆਦਸ ਸਿਲਾ ਪੂਜਾਵੈ ॥
ਜੇ ਓਹੁ ਕੂਪ ਤਟਾ ਦੇਵਾਵੈ ॥ ਕਰੈ ਨਿੰਦ ਸਭ ਬਿਰਥਾ ਜਾਵੈ ॥੧॥
ਸਾਧ ਕਾ ਨਿੰਦਕੁ ਕੈਸੇ ਤਰੈ ॥ ਸਰਪਰ ਜਾਨਹੁ ਨਰਕ ਹੀ ਪਰੈ ॥੧॥ ਰਹਾਉ ॥
ਜੇ ਓਹੁ ਗ੍ਰਹਨ ਕਰੈ ਕੁਲਖੇਤਿ ॥ ਅਰਪੈ ਨਾਰਿ ਸੀਗਾਰ ਸਮੇਤਿ ॥
ਸਗਲੀ ਸਿੰਮ੍ਰਿਤਿ ਸ੍ਰਵਨੀ ਸੁਨੈ ॥ ਕਰੈ ਨਿੰਦ ਕਵਨੈ ਨਹੀ ਗੁਨੈ ॥੨॥
ਜੇ ਓਹੁ ਅਨਿਕ ਪ੍ਰਸਾਦ ਕਰਾਵੈ ॥ ਭੂਮਿ ਦਾਨ ਸੋਭਾ ਮੰਡਪਿ ਪਾਵੈ ॥
ਅਪਨਾ ਬਿਗਾਰਿ ਬਿਰਾਂਨਾ ਸਾਂਢੈ ॥ ਕਰੈ ਨਿੰਦ ਬਹੁ ਜੋਨੀ ਹਾਂਢੈ ॥੩॥
ਨਿੰਦਾ ਕਹਾ ਕਰਹੁ ਸੰਸਾਰਾ ॥ ਨਿੰਦਕ ਕਾ ਪਰਗਟਿ ਪਾਹਾਰਾ ॥
ਨਿੰਦਕੁ ਸੋਧਿ ਸਾਧਿ ਬੀਚਾਰਿਆ ॥ ਕਹੁ ਰਵਿਦਾਸ ਪਾਪੀ ਨਰਕਿ ਸਿਧਾਰਿਆ ॥੪॥

(ਅੰਗ ੮੭੫)

ਇਕ ਨਗਰ ਵਿੱਚ ਇਕ ਦਰਵੇਸ਼ ਰੱਬੀ ਪ੍ਰੇਮ ਵਿੱਚ ਮਸਤ ਜ਼ਿੰਦਗੀ ਬਤੀਤ ਕਰ ਰਿਹਾ ਸੀ। ਦਰਵੇਸ਼ੀ ਚੋਲੇ ਦੀ ਬੁੱਕਲ ਵਿਚੋਂ ਸੱਚ ਦੀਆਂ ਅਸੀਸਾਂ ਨੇ ਅਨੇਕਾਂ ਦੁਖੀਆਂ ਦਰ੍ਦਾਂ ਤੇ ਲੋੜਵੰਦਾਂ ਦੀ ਸਹਾਇਤਾ ਕਰ ਸੰਸਾਰੀ ਜੀਵਾਂ ਨੂੰ ਪ੍ਰਮਾਰਥੀ ਦੁਨੀਆਂ ਨਾਲ ਜੋੜਿਆ। ਸੰਸਾਰੀ ਰੀਤ ਮੁਤਾਬਿਕ ਇਹ ਅਸਥਾਨ ਸਮਾਂ ਪਾ ਕੇ ਇਕ ਡੇਰੇ ਦਾ ਰੂਪ ਧਾਰਨ ਕਰ ਗਿਆ। ਇਥੇ ਹੁਣ ਅਨੇਕਾਂ ਸੰਗਤਾਂ ਦੀ ਆਵਾਜਾਈ ਕਾਰਨ ਲੰਗਰ ਤੇ ਪ੍ਰਸ਼ਾਦਿ ਪਾਣੀ ਦੀ ਸੇਵਾ ਵੀ ਹੋਣ ਲੱਗ ਪਈ, ਜਿਸ ਲਈ

ਸੇਵਾਦਾਰਾਂ ਦੀ ਗਿਣਤੀ ਵੀ ਵੱਧ ਗਈ। ਸਮਾਂ ਪਾ ਕੇ ਇਹ ਮਹਾਤਮਾ ਜੀ ਚੜ੍ਹਾਈ ਕਰ ਗਏ। ਹੁਣ ਤੱਕ ਤਾਂ ਇਥੇ ਧਰਮ ਰਹਿਣ ਕਾਰਨ ਮਾਇਆ ਦਾਸੀ ਭਗਤਾਂ ਕੀ ਹੋ ਕੇ ਕਾਰ ਕਮਾਉਂਦੀ ਰਹੀ ਪਰ ਮਗਰੋਂ ਧਰਮ ਦੀ ਥਾਂ ਭਰਮ ਦਾ ਰਾਜ ਹੋ ਜਾਣ ਕਰਕੇ ਮਾਇਆ ਨੇ ਵੀ ਆਪਣਾ ਰੂਪ ਬਦਲਾ ਲਿਆ। ਉਹ ਮਾਇਆ ਦਾਸੀ ਬਣਕੇ ਕਾਰ ਕਮਾਉਣ ਦੀ ਥਾਂ ਮਾਇਆ ਦਾਸ ਬਣਾ ਕੇ ਕਰਮ ਕਮਾਉਣ ਲੱਗੀ। ਮਾਇਆ ਦੇ ਪ੍ਰਭਾਵ ਵਧ ਜਾਣ ਕਰਕੇ ਕਲੇਸ਼ ਦਾ ਜਨਮ ਵੀ ਹੋ ਗਿਆ। ਹੁਣ ਸੇਵਾਦਾਰਾਂ ਵਿੱਚ ਪਿਆਰ ਦੀ ਥਾਂ ਹੰਕਾਰ ਦੀ ਪ੍ਰਧਾਨਤਾ ਆ ਗਈ। ਆਖ਼ਿਰ ਡੇਰਾ ਦੋ ਧਿਰਾਂ ਵਿੱਚ ਵੰਡਿਆ ਗਿਆ। ਇਕ ਪਾਸੇ ਸ਼ਰਧਾਲੂ ਰੱਬੀ ਪਿਆਰ ਵਾਲੇ ਪਰ ਦੂਜੇ ਪਾਸੇ ਈਰਖਾਲੂ ਹੰਕਾਰ ਵਾਲੇ।

ਜੀਵ ਦਾ ਸੁਭਾਅ ਹੈ ਕਿ ਇਹ ਮਾਇਆ ਦੇ ਕੌਤਕਾਂ 'ਤੇ ਜਲਦੀ ਰੀਝਦਾ ਹੈ ਪਰ ਰੱਬੀ ਬਰਕਤਾਂ 'ਤੇ ਭਰੋਸਾ ਕਿਸੇ ਵਿਰਲੇ ਦਾ ਹੁੰਦਾ ਹੈ। ਡੇਰੇ ਦੇ ਦੋ ਪ੍ਰਮੁੱਖ ਸੇਵਕ ਹਰਦੇਵ ਜੀ ਅਤੇ ਜਗਮੀਤ ਜੀ ਸਨ। ਹਰਦੇਵ ਜੀ ਨੇ ਸਾਰੀ ਕਲਾ ਕਲੇਸ਼ ਨੂੰ ਛੱਡ ਆਪ ਕਿਨਾਰਾ ਕਰ ਲਿਆ। ਜਗਮੀਤ ਜੀ ਮਾਇਆ ਦੇ ਪ੍ਰਭਾਵ ਥੱਲੇ ਹੋਣ ਕਰਕੇ ਉਨ੍ਹਾਂ ਦੇ ਪਿਛੇ ਲੋਕਾਂ ਦੀ ਭੀੜ ਵੀ ਜ਼ਿਆਦਾ ਹੋਣ ਕਰਕੇ ਅਸਲੀ ਡੇਰੇਦਾਰ ਉਹ ਬਣ ਗਿਆ। ਹਰਦੇਵ ਜੀ ਦੀ ਬ੍ਰਿਤੀ ਬਹੁਤੀ ਧਰਮੀ ਹੋਣ ਕਰਕੇ ਇਥੇ ਸਾਦਗੀ ਪ੍ਰਧਾਨ ਸੀ। ਸਮਾਂ ਪਾ ਕੇ ਈਰਖਾ ਵੱਧਦੀ ਗਈ। ਜਗਮੀਤ ਹਰ ਰੋਜ਼ ਕਿਸੇ ਨਾ ਕਿਸੇ ਬਹਾਨੇ ਹਰਦੇਵ ਜੀ ਦੀ ਗੱਲ ਆਪਣੇ ਸ਼ਰਧਾਲੂਆਂ ਕੋਲ ਜ਼ਰੂਰ ਕਰਦਾ। ਇਹ ਗੱਲਾਂ ਘੁੰਮ ਫਿਰਕੇ ਹਰਦੇਵ ਜੀ ਕੋਲ ਵੀ ਜਾਣ ਲੱਗ ਪਈਆਂ। ਉਨ੍ਹਾਂ ਨੇ ਅੱਗੋਂ ਨਿੰਦਾ ਕਰਨ ਦੀ ਬਜਾਇ ਗੁਰੂ ਉਪਦੇਸ਼ ਯਾਦ ਕਰਕੇ ਆਪੇ ਦਾ ਸੁਧਾਰ ਕਰਨਾ ਸ਼ੁਰੂ ਕਰ ਦਿੱਤਾ ਕਿਉਂਕਿ ਰੱਬੀ ਸੁਭਾਅ ਵਾਲਾ ਨਿੰਦਾ ਨਹੀਂ ਕਰਦਾ।

ਹਰਿ ਜਨੁ ਰਾਮ ਨਾਮ ਗੁਨ ਗਾਵੈ ॥

ਜੇ ਕੋਈ ਨਿੰਦ ਕਰੈ ਹਰਿ ਜਨ ਕੀ ਅਪੁਨਾ ਗੁਨੁ ਨ ਗਵਾਵੈ ॥

(ਅੰਗ ੭੧੯)

ਜਿਹੜੀ ਵੀ ਹਰਦੇਵ ਦੀ ਨਿੰਦਾ ਦੀ ਗੱਲ ਚੱਲਦੀ, ਹਰਦੇਵ ਉਸਦਾ ਆਪਣੀ ਜ਼ਿੰਦਗੀ ਵਿਚੋਂ ਸੁਧਾਰ ਕਰ ਲੈਂਦਾ। ਇਸ ਤਰ੍ਹਾਂ ਜਿਥੇ ਉਸਦੇ ਜੀਵਨ ਵਿਚ ਧਰਮ ਦਾ ਵਾਧਾ ਹੁੰਦਾ ਜਾਂਦਾ ਉਥੇ ਉਸਨੂੰ ਗੁਰੂ ਬਚਨਾਂ ਦਾ ਹੋਰ ਵੀ ਅਨੰਦ ਆਉਂਦਾ, ਕਿਉਂਕਿ ਗੁਰੂਵਾਕ ਹੈ:

ਜਨ ਨਿਰਵੈਰ ਨਿੰਦਕ ਅਹੰਕਾਰੀ ॥ ਜਨ ਭਲ ਮਾਨਹਿ ਨਿੰਦਕ ਵੇਕਾਰੀ॥

(ਅੰਗ ੮੬੯)

ਸਮਾਂ ਆਪਣੀ ਚਾਲ ਚਲਦਾ ਰਿਹਾ। ਇਕ ਪਾਸੇ ਸੁਧਾਰ ਤੇ ਦੂਜੇ ਪਾਸੇ ਨਿੰਦਾ

ਦਾ ਭਾਰ ਹੁੰਦਾ ਗਿਆ। ਆਪਣੀਆਂ ਗ਼ਲਤੀਆਂ ਵੇਖ ਵੇਖ ਕੇ ਹਰਦੇਵ ਜੀ ਨੇ ਆਪਣਾ ਜੀਵਨ ਸੁਧਾਰ ਲਿਆ ਤੇ ਰੱਬੀ ਪ੍ਰੇਮ ਵਿੱਚ ਤੇ ਸਿਦਕ ਵਿੱਚ ਹੋਰ ਵਾਧਾ ਹੋ ਗਿਆ। ਜਗਮੀਤ ਕੋਲ ਬੈਠ ਕੇ ਉਸ ਦੀਆਂ ਸੁਣਨ ਵਾਲੇ ਖ਼ੁਸ਼ਾਮਦੀ ਬਿਰਤੀ ਦੇ ਲੋਕ ਜਿਥੇ ਨਿੰਦਾ ਸੁਣਦੇ ਰਹਿਣ ਉਥੇ ਜਗਮੀਤ ਦੀ ਝੂਠੀ ਖ਼ੁਸ਼ਾਮਦ ਵੀ ਕਰਦੇ ਰਹਿਣ ਪਰ ਕੁਝ ਸਮੇਂ ਤੋਂ ਇਕ ਸੇਵਕ ਬੜੀ ਬੁਝਾਰਤ ਬਣਿਆ ਹੋਇਆ ਸੀ। ਇਹ ਰਾਤ ਨੂੰ ਆਵੇ, ਸਾਰੇ ਡੇਰੇ ਵਿੱਚ ਝਾੜੂ ਲਾਵੇ, ਚਾਦਰਾਂ ਧੋ ਦੇਵੇ, ਜੋੜੇ ਪਾਲਿਸ਼ ਕਰ ਦੇਵੇ, ਫਿਰ ਅੰਮ੍ਰਿਤ ਵੇਲੇ ਚੁੱਪ ਚਾਪ ਚਲਾ ਜਾਵੇ। ਇਹ ਸੇਵਕ ਨਾ ਹੀ ਕਿਸੇ ਨਾਲ ਈਰਖਾ, ਨਾ ਹੀ ਕਿਸੇ ਨਾਲ ਵੀਚਾਰ ਚਰਚਾ ਅਤੇ ਨਾ ਹੀ ਕਿਸੇ ਨਾਲ ਕੋਈ ਚੰਗੀ ਮੰਦੀ। ਬੱਸ ਸਾਦੀ ਜਿਹੀ ਰਹਿਣੀ ਦਾ ਮਾਲਕ, ਪੱਗ ਦੇ ਲੜ ਨਾਲ ਆਪਣਾ ਮੂੰਹ ਲੁਕਾ ਕੇ ਸੇਵਾ ਕਰਕੇ ਚਲਾ ਜਾਵੇ।

ਇਕ ਦਿਨ ਅਚਾਨਕ ਹੀ ਗੱਲ ਚੱਲ ਪਈ ਕਿ ਅਜਿਹੇ ਸੇਵਾਦਾਰ ਨੂੰ ਤਾਂ ਸਿਰੋਪਾ ਦੇਣਾ ਚਾਹੀਦਾ ਹੈ ਜਿਹੜੀ ਇਤਨੀ ਸ਼ਰਧਾ ਭਾਵਨਾ ਨਾਲ ਸੇਵਾ ਕਰਕੇ ਬਿਨਾ ਕਿਸੇ ਦਿਖਾਵੇ ਦੇ ਲਾਹਾ ਖੱਟ ਕੇ ਚਲਾ ਜਾਂਦਾ ਹੈ। ਜਗਮੀਤ ਨੇ ਤੇ ਡੇਰੇਦਾਰਾਂ ਨੇ ਚੁੱਪ ਚੁਪੀਤੇ ਫ਼ੈਸਲਾ ਕਰ ਲਿਆ ਕਿ ਇਸ ਸਾਲਾਨਾ ਸਮਾਗਮ 'ਤੇ ਇਨ੍ਹਾਂ ਨੂੰ ਸਿਰੋਪਾ ਭੇਟ ਕੀਤਾ ਜਾਵੇਗਾ। ਅੱਜ ਜਦੋਂ ਇਹ ਸੇਵਾਦਾਰ ਸੇਵਾ ਕਰਕੇ ਵਾਪਸ ਚੱਲਿਆ ਤਾਂ ਕੁਝ ਬੰਦਿਆਂ ਨੇ ਬੇਨਤੀ ਕੀਤੀ ਕਿ ਆਪ ਜੀ ਲਈ, ਅੰਦਰ ਕੁਝ ਸੇਵਾ ਹੋਰ ਹੈ, ਉਹ ਕਰਕੇ ਚਲੇ ਜਾਣਾ। 'ਸੇਵਕ ਕੋ ਸੇਵਾ ਬਨ ਆਈ' ਸਮਝਕੇ ਇਹ ਸੇਵਾਦਾਰ ਉਸ ਤਰ੍ਹਾਂ ਹੀ ਮੂੰਹ ਢੱਕੇ ਹੋਏ ਹੀ ਪੰਡਾਲ ਵਿੱਚ ਸੇਵਾ ਲਈ ਹਾਜ਼ਿਰ ਹੋ ਗਿਆ। ਹੁਣ ਜਗਮੀਤ ਬਾਬਾ ਸਪੀਕਰ 'ਤੇ ਬੋਲਣ ਲੱਗਾ ਕਿ ਵੇਖੋ ਇਕ ਪਾਸੇ ਹਰਦੇਵ ਵਰਗੇ ਦੋਖੀ ਲੋਕ ਹਨ ਪਰ ਦੂਜੇ ਪਾਸੇ ਡੇਰੇ ਦੇ ਅਜਿਹੇ ਸ਼ਰਧਾਲੂ ਲੋਕ ਹਨ ਜਿਨ੍ਹਾਂ ਦੇ ਅੰਦਰ ਆਪਣੇ ਨਾਂ ਦੀ ਵੀ ਭੁੱਖ ਨਹੀਂ। ਇਹ ਸ਼ਰਧਾਲੂ ਕੁਝ ਸਮਾਂ ਸੁਣਦਾ ਰਿਹਾ ਪਰ ਫਿਰ ਜਦੋਂ ਚੁਪ ਚੁਪੀਤੇ ਉਥੋਂ ਜਾਣ ਲੱਗਾ ਤਾਂ ਸਿਰੋਪਾ ਦੇਣ ਦੀ ਗੱਲ ਚੱਲੀ। ਸੇਵਾਦਾਰ ਮਨ੍ਹਾਂ ਕਰ ਰਿਹਾ ਸੀ ਪਰ ਪ੍ਰਬੰਧਕ ਜ਼ੋਰ ਲਾ ਰਹੇ ਸਨ ਅਤੇ ਅਚਾਨਕ ਇਸੇ ਖਿੱਚਾ ਧੂਹੀ ਵਿੱਚ ਉਸ ਦੇ ਮੁਖ ਤੋਂ ਪੱਗ ਦਾ ਲੜ ਲਹਿ ਗਿਆ। ਸਾਰੇ ਦੇਖਕੇ ਹੈਰਾਨ ਹੋ ਗਏ ਕਿ ਇਹ ਸੇਵਾਦਾਰ ਤਾਂ ਸਗੋਂ ਦੂਜੇ ਡੇਰੇ ਦਾ ਮਾਲਿਕ ਬਾਬਾ ਹਰਦੇਵ ਜੀ ਹੀ ਹਨ। ਉਨ੍ਹਾਂ ਦੀ ਇਸ ਅਵਸਥਾ ਨੇ ਸਾਰਿਆਂ ਦੇ ਮੁਖ ਵਿੱਚ ਉਂਗਲਾਂ ਪਵਾ ਦਿੱਤੀਆਂ ਤੇ ਜ਼ੁਬਾਨਾਂ ਨੂੰ ਤਾਲੇ ਲੱਗ ਗਏ। ਸੋਚ ਕੇ ਹੈਰਾਨ ਹੋਣ ਕਿ ਨਿਮਰਤਾ ਇਸ ਹੱਦ ਤੱਕ ਵੀ ਹੋ ਸਕਦੀ ਹੈ ਕਿ ਜਿਥੇ ਉਸ ਦੀ ਰੋਜ਼ ਨਿੰਦਾ ਹੁੰਦੀ ਹੋਵੇ ਉਥੇ ਹੀ ਉਹ ਰੋਜ਼ ਝਾੜੂ ਦੇ ਕੇ, ਭਾਂਡੇ ਮਾਂਜਕੇ, ਜੋੜੇ ਪਾਲਿਸ਼ ਕਰਕੇ ਜਾਂਦਾ ਹੋਵੇ। ਜਗਮੀਤ ਮਾਈਕ ਅੱਗੇ ਭਾਵੇਂ ਖਲੋਤਾ ਸੀ ਪਰ ਉਸ

ਕੋਲ ਅੱਜ ਸ਼ਬਦ ਮੁੱਕ ਗਏ ਸਨ।

ਹਰਦੇਵ ਜੀ ਨੇ ਅੱਜ ਆਪ ਹੀ ਮਾਈਕ ਦੇ ਸਾਹਮਣੇ ਖਲੋ ਕੇ ਚੁਪ ਤੋੜੀ ਤੇ ਨਿਮਰਤਾ ਨਾਲ ਬੇਨਤੀ ਕੀਤੀ ਕਿ ਸਾਧ ਸੰਗਤ ਜੀ ! ਅਸਲ ਵਿੱਚ ਮੈਂ ਤਾਂ ਇਥੇ ਕਰਜ਼ ਉਤਾਰਨ ਆਉਂਦਾ ਹਾਂ ਕਿਉਂਕਿ ਜਿਹੜੀਆਂ ਗ਼ਲਤੀਆਂ ਮੇਰੀਆਂ ਮੇਰੀ ਹੀ ਜ਼ਿੰਦਗੀ ਵਿੱਚ, ਮੇਰੀ ਹੀ ਨਜ਼ਰ ਤੋਂ ਪਰੇ ਸਨ, ਉਨ੍ਹਾਂ ਗ਼ਲਤੀਆਂ ਦਾ ਅਹਿਸਾਸ ਮੈਨੂੰ ਤੁਸਾਂ ਕਰਵਾਇਆ ਜਿਸ ਨਾਲ ਮੇਰੇ ਜੀਵਨ ਦਾ ਸੁਧਾਰ ਹੋਇਆ ਹੈ। ਮੈਂ ਤਾਂ ਕੇਵਲ ਤੁਹਾਡਾ ਡੇਰਾ ਹੀ, ਬਰਤਨ ਹੀ ਜਾਂ ਜੋੜੇ ਹੀ ਸਾਫ਼ ਕਰਦਾ ਰਿਹਾ ਹਾਂ ਪਰ ਤੁਸੀਂ ਤਾਂ ਮੇਰੇ ਔਗੁਣ ਧੋ ਕੇ ਜੀਵਨ ਸੁਧਾਰ ਦਿੱਤਾ ਹੈ। ਮੈਂ ਆਪ ਜੀ ਦਾ ਰੋਮ ਰੋਮ ਸ਼ੁਕਰ ਗੁਜ਼ਾਰ ਹਾਂ। ਇਨ੍ਹਾਂ ਬੋਲਾਂ ਨੇ ਹਰ ਇਕ ਦੀ ਅੱਖ ਅੱਥਰੂ ਨਾਲ ਭਰ ਦਿੱਤੀ। ਆਖ਼ਿਰ ਹਰਦੇਵ ਜੀ ਨੇ ਹੱਥ ਜੋੜ ਬੇਨਤੀ ਕੀਤੀ ਕਿ ਮੈਂ ਤੁਹਾਨੂੰ ਵੀ ਅਰਜ਼ੋਈ ਕਰਦਾ ਹਾਂ ਕਿ ਆਉ ਸਾਰੇ ਰਲ ਮਿਲਕੇ ਗੁਰੂ ਸਾਹਿਬ ਜੀ ਦੇ ਬਚਨ ਪੜ੍ਹੀਏ :

ਪਰ ਦਾਰਾ ਨਿੰਦਿਆ ਰਸ ਰਚਿਓ ਰਾਮ ਭਗਤਿ ਨਹਿ ਕੀਨੀ ॥

(ਅੰਗ ੬੩੧)

ਨਿੰਦਾ ਕਰਨੀ ਛੱਡਕੇ ਪ੍ਰਭੂ ਦੀ ਉਸਤਤਿ ਕਰੀਏ ਜਿਸ ਨਾਲ ਜੀਵ-ਆਤਮਾ ਪ੍ਰਮਾਤਮਾ ਦਾ ਰੂਪ ਬਣ ਸਕਦੀ ਹੈ ਤੇ ਜਨਮ ਮਰਨ ਤੋਂ ਛੁਟਕਾਰਾ ਪ੍ਰਾਪਤ ਹੋ ਸਕਦਾ ਹੈ। ਭਾਈ ਗੁਰਦਾਸ ਜੀ ਦੇ ਬੋਲ ਫਿਰ ਯਾਦ ਕਰੀਏ ਕਿ "ਹਉਂ ਤਿਸ ਘੋਲਿ ਘੁਮਾਇਆ ਪਰ ਨਿੰਦਾ ਸੁਣਿ ਆਪ ਹਟਾਵੈ।"

ਇਹ ਮਨੁੱਖੀ ਫਿਤਰਤ ਹੈ ਕਿ ਇਸ ਨੂੰ ਆਪਣੀ ਵਡਿਆਈ ਤੇ ਕਿਸੇ ਦੀ ਨਿੰਦਾ ਚੰਗੀ ਲੱਗਦੀ ਹੈ ਪਰ ਭਗਤਾਂ ਕੀ ਚਾਲ ਨਿਰਾਲੀ ਹੋਣ ਕਰਕੇ ਇਥੇ ਵੀ ਗੱਲ ਸੰਸਾਰੀ ਲੋਕਾਂ ਤੋਂ ਉਲਟ ਹੀ ਹੈ। ਧਰਮੀ ਬੰਦੇ ਨੂੰ ਰੱਬ ਦੀ ਵਡਿਆਈ ਅਤੇ ਆਪਣੀ ਨਿੰਦਾ ਚੰਗੀ ਲੱਗਦੀ ਹੈ। ਜਿਵੇਂ ਸਿਆਣਾ ਬੰਦਾ ਮਹਿਕ ਖਿਲਾਰਦਾ ਹੈ ਪਰ ਗੰਦਗੀ ਇਕੱਠੀ ਕਰਦਾ ਹੈ। ਗੰਦਗੀ ਖਿਲਰਨ ਤੋਂ ਹਰ ਸਿਆਣਾ ਬੰਦਾ ਸੰਕੋਚ ਕਰਦਾ ਹੈ। ਨਿੰਦਾ ਇਕ ਅਜਿਹੀ ਗੰਦਗੀ ਹੈ ਜਿਹੜਾ ਪਹਿਲਾਂ ਰੱਬ ਦਾ ਘਰ ਭਾਵ ਹਿਰਦਾ ਘਰ ਗੰਦਾ ਕਰਦੀ ਹੈ ਫਿਰ ਸੰਸਾਰਕ ਘਰ ਗੰਦਾ ਕਰਦੀ ਹੈ, ਫਿਰ ਸਮਾਜ ਗੰਦਾ ਕਰਦੀ ਹੈ। ਆਖ਼ਰ ਹਰ ਥਾਂ ਗੰਦ ਖਿਲਾਰਦੀ ਹੈ। ਅਜਿਹਾ ਪੁਰਖ ਤਾਂ ਸੰਸਾਰ ਵਿੱਚ ਵੀ ਪ੍ਰਵਾਨ ਨਹੀਂ ਤੇ ਨਿਰੰਕਾਰ ਦੇ ਦਰ ਤੋਂ ਕਿਵੇਂ ਪ੍ਰਵਾਨ ਹੋ ਸਕਦਾ ਹੈ। ਸੋ ਗੁਰਮੁਖ ਉਹੋ ਹੀ ਸਹਜ ਸਮਾਉਂਦਾ ਹੈ ਜਿਹੜਾ ਪਰਾਈ ਨਿੰਦਾ ਸੁਣਿ ਕੇ ਰਸ ਲੈਣ ਦੀ ਬਜਾਇ ਸਗੋਂ ਨਿੰਦਾ ਕਰਨ ਤੋਂ ਹਟਾਵੇ, ਜਿਸ ਨਾਲ ਮਨੁੱਖਾ ਜ਼ਿੰਦਗੀ, ਸੰਸਾਰ ਤੇ ਸਮਾਜ ਸਭ ਦਾ ਸੁਧਾਰ ਹੋ ਸਕਦਾ ਹੈ।

ਸਤਿਗੁਰ ਕਾ ਉਪਦੇਸ ਕਮਾਵੈ

ਜ਼ਿੰਦਗੀ ਇਕ ਅਜਿਹੇ ਵਹਿਣ ਦਾ ਨਾਮ ਹੈ ਜਿਸ ਦਾ ਇਕ ਕਿਨਾਰਾ ਸੁੱਖਾਂ ਦਾ ਬਣਿਆ ਹੋਇਆ ਹੈ ਅਤੇ ਦੂਜਾ ਕਿਨਾਰਾ ਦੁੱਖਾਂ ਦਾ ਬਣਿਆ ਹੋਇਆ ਹੈ। ਇਕ ਪਾਸੇ ਗ਼ਮ ਹਨ ਤਾਂ ਦੂਜੇ ਪਾਸੇ ਖ਼ੁਸ਼ੀਆਂ ਹਨ। ਇਕ ਪਾਸੇ ਹੰਝੂ ਹਉਕੇ ਹਨ ਤਾਂ ਦੂਜੇ ਪਾਸੇ ਹਾਸੇ ਹਨ। ਜੀਵ ਦੀ ਇਹ ਆਦਤ ਹੈ ਕਿ ਜਿਹੜਾ ਇਸ ਸੁੱਖਾਂ ਦੀ ਪ੍ਰਾਪਤੀ ਵਿੱਚ ਸਾਥ ਦੇਵੇ, ਇਸ ਦੀਆਂ ਖ਼ੁਸ਼ੀਆਂ ਵਿੱਚ ਸ਼ਰੀਕ ਹੋਵੇ ਜਾਂ ਫਿਰ ਇਸ ਦੇ ਹਉਕਿਆਂ ਭਰੇ ਹੰਝੂ ਪੂੰਝ ਕੇ ਇਸ ਦੇ ਨਾਲ ਹਾਸਿਆਂ ਦੀ ਸਾਂਝ ਪਾਵੇ, ਇਹ ਉਸਨੂੰ ਆਪਣਾ ਤੇ ਦੁੱਖਾਂ ਜਾਂ ਗ਼ਮਾਂ ਵਿੱਚ ਵਾਧਾ ਕਰਨ ਵਾਲੇ ਨੂੰ ਬਿਗਾਨਾ ਆਖਦਾ ਹੈ। ਆਪਣੇ ਹੀ ਜੀਵਨ ਵਿੱਚ ਖਿੱਚੀ ਅਜਿਹੀ ਲਕੀਰ ਸੰਸਾਰ ਨੂੰ ਮਿੱਤਰਾਂ ਤੇ ਦੁਸ਼ਮਣਾਂ, ਆਪਣਿਆਂ ਅਤੇ ਬਿਗਾਨਿਆਂ ਦੀ, ਚੰਗਿਆਂ ਅਤੇ ਮੰਦਿਆਂ ਦੀ ਵੰਡ ਵਿਚ ਵੰਡ ਦਿੰਦੀ ਹੈ। ਪਰ ਜੇਕਰ ਕੋਈ ਇਸ ਨੂੰ ਇਹ ਕਹੇ ਕਿ ਤੈਨੂੰ ਦੁੱਖ ਦੇਣ ਵਾਲਾ, ਹਉਕੇ ਤੇ ਹੰਝੂ ਦੇਣ ਵਾਲਾ ਵੀ ਤੇਰਾ ਆਪਣਾ ਹੀ ਮਿੱਤਰ ਹੈ, ਬਿਗਾਨਾ ਨਹੀਂ ਤਾਂ ਆਮ ਮਨੁੱਖ ਅਜਿਹੇ ਸੱਚ ਨੂੰ ਪ੍ਰਵਾਨ ਕਰਨ ਦੀ ਬਜਾਇ ਕੁਰਲਾ ਉਠਦਾ ਹੈ ਕਿ ਅਜਿਹਾ ਕਿਵੇਂ ਹੋ ਸਕਦਾ ਹੈ ? ਜਿਹੜਾ ਮੇਰੇ ਸੁੱਖਾਂ ਦਾ ਵੈਰੀ, ਉਹ ਅਸਲ ਵਿੱਚ ਮੇਰਾ ਵੈਰੀ। ਜਿਹੜਾ ਮੇਰੇ ਦੁੱਖਾਂ ਦਾ ਸਾਥੀ, ਉਹ ਮੇਰਾ ਸਾਥੀ। ਇਥੋਂ ਤੱਕ ਮਨੁੱਖ ਨੇ ਮੁਸੀਬਤਾਂ ਵੇਲੇ ਕੰਮ ਆਉਣ ਜਾਂ ਨਾ ਆਉਣ ਵਾਲਿਆਂ ਨੂੰ ਮਿੱਤਰ ਅਤੇ ਦੁਸ਼ਮਣ ਸਮਝਿਆ ਹੈ, ਬਾਕੀਆਂ ਨਾਲ ਜੀਵਨ ਦੀ ਸਾਂਝ ਹੀ ਨਹੀਂ ਬਣਾਈ। ਪਰ ਕੋਈ ਕਹੇ ਕਿ ਬੁਰਾ ਕਰਨ ਵਾਲਿਆਂ ਦਾ ਵੀ ਭਲਾ ਮੰਗ, ਵੈਰੀਆਂ ਨੂੰ ਮਿੱਤਰ ਕਹਿ ਅਤੇ ਦੁੱਖ ਦੇਣ ਵਾਲਿਆਂ ਨੂੰ ਵੀ ਆਪਣਾ ਕਹਿ ਤਾਂ ਅਜਿਹਾ ਕਰਨਾ ਇਸ ਦੇ ਵੱਸ ਤੋਂ ਬਾਹਰਾ ਜਾਪਦਾ ਹੈ ਪਰ ਇਥੋਂ ਹੀ ਗੁਰੂ ਉਪਦੇਸ਼ ਦੀ ਕਮਾਈ ਦਾ ਜਨਮ ਹੁੰਦਾ ਹੈ ਜਦੋਂ ਖ਼ੁਸ਼ੀ ਨਾਲ ਕਹੇ ਕਿ :

ਸਭੁ ਕੋ ਮੀਤੁ ਹਮ ਆਪਨ ਕੀਨਾ, ਹਮ ਸਭਨਾ ਕੇ ਸਾਜਨ ॥
ਦੂਰਿ ਪਰਾਇਓ ਮਨ ਕਾ ਬਿਰਹਾ ਤਾ ਮੇਲੁ ਕੀਓ ਮੇਰੈ ਰਾਜਨ ॥

(ਅੰਗ ੬੭੧)

ਇਹੋ ਕਾਰਨ ਹੈ ਕਿ ਸਭ ਤਰ੍ਹਾਂ ਦੀ ਕਮਾਈ ਕਰਨੀ ਬਹੁਤ ਸੌਖੀ ਹੈ ਪਰ ਗੁਰੂ ਉਪਦੇਸ਼ ਦੀ ਕਮਾਈ ਕਰਨੀ ਔਖੀ ਹੈ, ਕਿਉਂਕਿ ਜੋ ਕੁਝ ਮੇਰੀ ਮਤਿ ਕਹਿੰਦੀ ਹੈ, ਉਹ ਬਿਲਕੁਲ ਤਿਆਗ ਕੇ ਜੋ ਗੁਰੂ ਦੀ ਮਤਿ ਕਹਿੰਦੀ ਹੈ, ਉਸ ਉੱਤੇ ਤੁਰਨਾ

ਪੈਂਦਾ ਹੈ ਅਤੇ ਜੀਵ ਨੂੰ ਇਹੋ ਗੱਲ ਬਹੁਤ ਬਿਖਮ ਲੱਗਦੀ ਹੈ :

ਮਨ ਕੀ ਮਤਿ ਤਿਆਗਹੁ ਹਰਿ ਜਨ ਇਹਾ ਬਾਤ ਕਠੈਨੀ ॥

(ਅੰਗ ੮੦੦)

ਮਨ ਕੀ ਮਤਿ ਤਿਆਗੀਐ ਸੁਣੀਐ ਉਪਦੇਸੁ ॥

(ਅੰਗ ੮੧੪)

ਜਗਤ ਅੰਦਰ ਦੋ ਤਰ੍ਹਾਂ ਦੀ ਲੜਾਈ ਹੈ—ਇਕ ਵੀਚਾਰ ਦੀ ਅਤੇ ਦੂਜੀ ਹਥਿਆਰ ਦੀ। ਤਨਾਂ 'ਤੇ ਜਾਂ ਸਰੀਰਾਂ 'ਤੇ ਰਾਜ ਕਰਨਾ ਹੈ ਤਾਂ ਹਥਿਆਰ ਦੀ ਲੜਾਈ ਲੜਨੀ ਪੈਂਦੀ ਹੈ ਪਰ ਜੇਕਰ ਮਨਾਂ 'ਤੇ ਰਾਜ ਕਰਨਾ ਹੈ ਤਾਂ ਵੀਚਾਰਾਂ ਦੀ ਲੜਾਈ ਲੜਨੀ ਪੈਂਦੀ ਹੈ। ਫਿਰ ਮਨ ਦੀ ਲੜਾਈ ਵੀ ਉਹ, ਜਿਸ ਵਿੱਚ ਗੁਰੂ ਦੀ ਵੀਚਾਰ ਨਾਲ ਆਪਣੇ ਹੀ ਮਨ ਨੂੰ ਜਿੱਤਣਾ ਹੈ। ਇਸ ਲਈ ਹੀ ਤਾਂ ਸਾਹਿਬ ਜੀ ਨੇ ਮਨ ਦੇ ਜੇਤੂ ਨੂੰ ਜਗਤ ਦੇ ਜੇਤੂ ਨਾਲ ਤਰਜੀਹ ਦਿੱਤੀ ਹੈ। ਗੁਰੂ ਭਾਣੇ ਵਿੱਚ ਤੁਰਨਾ ਹੀ ਗੁਰੂ ਉਪਦੇਸ਼ ਦੀ ਕਮਾਈ ਹੈ :

ਸੇਖਾ, ਅੰਦਰਹੁ ਜੋਰੁ ਛਡਿ ਤੂ ਭਉ ਕਰਿ ਝਲੁ ਗਵਾਇ ॥
ਗੁਰ ਕੈ ਭੈ ਕੇਤੇ ਨਿਸਤਰੇ ਭੈ ਵਿਚਿ ਨਿਰਭਉ ਪਾਇ ॥

(ਅੰਗ ੫੫੧)

ਸੰਸਾਰ ਦੀ ਕਿਸੇ ਵੀ ਚੋਟੀ 'ਤੇ ਪਹੁੰਚੇ ਮਨੁੱਖ ਦੀ ਜ਼ਿੰਦਗੀ ਦੇ ਸਫ਼ਰ ਵਲ ਝਾਤ ਮਾਰੀਏ ਤਾਂ ਇਕ ਦਿਨ ਇਹ ਵੀ ਇਕ ਆਮ ਮਨੁੱਖ ਸੀ। ਇਸ ਆਮ ਮਨੁੱਖ ਨੂੰ ਇਥੋਂ ਚੁੱਕ ਕੇ ਕਿਸੇ ਖ਼ਾਸ ਮੁਕਾਮ ਜਾਂ ਚੋਟੀ 'ਤੇ ਬਿਠਾ ਦੇਣ ਵਾਲੀ ਚੀਜ਼ ਕਮਾਈ ਹੀ ਕਹਾਉਂਦੀ ਹੈ। ਸੰਸਾਰ ਦੀ ਕਮਾਈ ਸੰਸਾਰ ਵਿੱਚ ਹੀ ਥੋੜ੍ਹਾ ਸਮਾਂ ਨਾਮ ਰੱਖਦੀ ਹੈ ਪਰ ਗੁਰੂ ਉਪਦੇਸ਼ ਦੀ ਕਮਾਈ ਦਾ ਤਾਂ ਲੋਕ ਧਿਆਨ ਧਰਕੇ ਸਗੋਂ ਪਰਮੇਸ਼ਰ ਦੀ ਯਾਦ ਵਿੱਚ ਜੁੜਦੇ ਹਨ :

ਮਾਨਿਕ ਨਗੀਨੇ ਲਾਲ ਹੀਰਨ ਕੇ ਧੌਲਹਰ
ਦੇਵਨ ਕੇ ਕਾਰੀਗਰ ਆਨ ਕੈ ਸਜਾ ਗਏ।
ਪੇਖਤੇ ਪ੍ਰਚੰਡ ਨਵੌਂ ਖੰਡ ਮੈਂ ਅਡੰਬਓਜ,
ਦੇਖਤੇ ਪ੍ਰਤਾਪੈ ਮਾਰਤੰਡ ਸੇ ਲਜਾ ਗਏ।
ਕੋਟਿ ਕੋਟਿ ਬੀਰ ਏਕੋ ਤੀਰ ਸੇ ਚਲਾਇ ਵਯੋਮ,
ਚਾਪ ਕੇ ਚੜ੍ਹਾਏ ਝੁੰਡ ਬਾਹਨੀ ਭਜਾ ਗਏ।
ਕੇਸਰੀ ਨਿਹਾਲ ਕਹਾਂ ਝੂਲਤੇ ਨਿਸ਼ਾਨ ਵਾਲੇ ਕੇ,
ਚਾਰ ਯੁਗ ਆਪਨੀ ਸੁ ਨੌਬਤ ਬਜਾ ਗਏ।
ਪਾਇ ਪ੍ਰਭੁਤਈ ਕਿਛ ਕੀਜੀਏ ਭਲੀ, ਭਾਈ,

ਛੋਡਿ ਜਵਤਾਈ ਬੈਨ ਮਾਨੀਯੇ ਕਵਿਨ ਕੇ।
ਜਸ ਅਪਜਸ ਰਹਿਜਾਤ ਪ੍ਰਮੀ ਕੇ ਬੀਚ,
ਮੁਲਕ ਖਜ਼ਾਨਾ ਔਰ ਸਾਥ ਗਯੋ ਕਿਨਕੇ।
ਬ੍ਰਦ੍ਰ ਪ੍ਰਿਤਿਪਾਲਨ ਕੀ ਗਿਨਤੀ ਕਹਾਵੈ ਕੌਨ ?
ਰਾਵਨ ਸੇ ਹ੍ਵੈ ਗਏ ਤ੍ਰਿਲੋਕ ਬਸਿ ਜਿਨਕੇ।
ਚੋਬਦਾਰ ਚਾਕਰ ਚਮੂਪਤਿ ਚਮਰ ਕਰੈ,
ਮੰਦਿਰ ਮਤੰਗ ਨੇ ਤਮਾਸ਼ੇ ਚਾਰ ਦਿਨ ਕੇ।

ਕਿਸੇ ਵਿਦਵਤਾ ਦੇ ਮੰਦਿਰ ਵਿੱਚ ਬੈਠ ਕਿਸੇ ਵਿਦਿਆ ਦੇ ਪੁਜਾਰੀ ਦੀ ਕਲਮ ਨੇ ਮਨੁੱਖ ਨੂੰ ਗੁਰੁ ਉਪਦੇਸ਼ ਭਾਵ ਭਲੇ ਕਰਮ ਦੀ ਪ੍ਰੇਰਨਾ ਦੇ ਕਿੰਨੇ ਸੋਹਣੇ ਸ਼ਬਦ ਪੁਸ਼ਪ ਭੇਟ ਕੀਤੇ ਹਨ।

ਜਪੁਜੀ ਸਾਹਿਬ ਦੀਆਂ ਇਨ੍ਹਾਂ ਪੰਕਤੀਆਂ ਪਿਛੇ ਛਿਪੇ ਗੁਰੂ ਖ਼ਜ਼ਾਨੇ ਦੇ ਦਰਸ਼ਨ ਕਰਕੇ ਹਰ ਕੋਈ ਅਨੰਦ ਮਾਣਦਾ ਹੈ ਕਿ ਨਦਰਿ ਦੋ ਤਰ੍ਹਾਂ ਦੀ ਹੈ। ਜਦੋਂ ਪਹਿਲੀ ਨਦਰਿ ਹੁੰਦੀ ਹੈ ਉਦੋਂ ਸੇਵਕ ਗੁਰੂ ਉਪਦੇਸ਼ ਦੀ ਕਮਾਈ ਸ਼ੁਰੂ ਕਰਦਾ ਹੈ। ਜਿਸਦਾ ਮਨ ਬਾਣੀ ਪੜ੍ਹਨ ਲਈ, ਸੇਵਾ ਕਰਨ ਲਈ, ਸਿਮਰਨ ਕਰਨ ਲਈ ਜਾਂ ਕਿਸੇ ਹੋਰ ਪਰਉਪਕਾਰ ਲਈ ਰਾਜ਼ੀ ਹੋ ਕੇ ਖ਼ੁਸ਼ੀ ਨਾਲ ਤੁਰ ਪਏ ਤਾਂ ਸਮਝ ਲੈਣਾ ਚਾਹੀਦਾ ਹੈ ਅਤੇ ਸ਼ੁਕਰਾਨਾ ਕਰਨਾ ਚਾਹੀਦਾ ਹੈ, ਕਿਉਂਕਿ ਗੁਰੂ ਜੀ ਦੀ ਪਹਿਲੀ ਨਦਰਿ ਹੋਈ ਹੈ। ਇਹ ਕਾਰ ਹੀ ਅਸਲ ਵਿੱਚ ਉਨ੍ਹਾਂ ਦੀ ਹੈ, ਜਿਨ੍ਹਾਂ ਉੱਤੇ ਸਤਿਗੁਰੂ ਮਹਾਰਾਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕ੍ਰਿਪਾ ਹੁੰਦੀ ਹੈ। ਪਾਵਨ ਗੁਰਵਾਕ ਹੈ:

ਜਿਨ ਕਉ ਨਦਰਿ ਕਰਮੁ ਤਿਨ ਕਾਰ ॥

ਫਿਰ ਜਿਨ੍ਹਾਂ ਨੇ ਗੁਰ ਨਦਰਿ ਸਦਕਾ ਗੁਰੂ ਉਪਦੇਸ਼ ਦੀ ਕਮਾਈ ਕਰਨੀ ਅਰੰਭ ਕਰ ਦਿੱਤੀ ਉਨ੍ਹਾਂ ਉੱਤੇ ਫਿਰ ਦੂਜੀ ਨਦਰਿ ਹੁੰਦੀ ਹੈ। ਇਹ ਨਦਰਿ ਕਮਾਈ ਨੂੰ ਕਬੂਲ ਕਰਕੇ ਨਿਹਾਲ ਕਰ ਦਿੰਦੀ ਹੈ। ਅੰਮ੍ਰਿਤ ਰੂਪ ਪਾਵਨ ਬਚਨ ਹਨ :

ਨਾਨਕ ਨਦਰੀ ਨਦਰਿ ਨਿਹਾਲ ॥

ਪਹਿਲੀ ਨਦਰਿ ਨਾਲ ਕਰਮ ਤਿਨ ਕਾਰ ਹੁੰਦਾ ਹੈ। ਦੂਜੀ ਨਦਰਿ ਨਾਲ ਨਿਹਾਲ ਹੋ ਜਾਂਦਾ ਹੈ। ਅਜਿਹਾ ਸੇਵਕ ਜ਼ੁਬਾਨ ਨਾਲ ਸੰਸਾਰ ਨੂੰ ਉਪਦੇਸ਼ ਨਹੀਂ ਦਿੰਦਾ, ਅਜਿਹੇ ਪੁਰਖ ਦਾ ਤਾਂ ਜੀਵਨ ਹੀ ਉਪਦੇਸ਼ ਬਣ ਜਾਂਦਾ ਹੈ। ਫੁੱਲ ਕਦੇ ਬੋਲ ਕੇ ਨਹੀਂ ਬਲਕਿ ਆਪਣੀ ਖ਼ੁਸ਼ਬੋ ਨਾਲ ਹੀ ਪ੍ਰਚਾਰ ਕਰਦੇ ਹਨ।

ਇਕ ਗੱਲ ਇਥੇ ਬਹੁਤ ਧਿਆਨ ਦੇ ਕੇ ਸਮਝਣੀ ਪਵੇਗੀ। ਅਸਲ ਵਿੱਚ ਸ਼ਬਦ ਅਤੇ ਦਰਦ ਦਾ ਰਿਸ਼ਤਾ ਹੀ ਕਮਾਈ ਨੂੰ ਜਨਮ ਦਿੰਦਾ ਹੈ। ਹੁਣ ਵਿਛੋੜਾ ਸ਼ਬਦ ਤਾਂ ਹੈ ਪਰ ਵਿਛੋੜੇ ਦਾ ਦਰਦ ਨਹੀਂ, ਭੁੱਖ ਸ਼ਬਦ ਤਾਂ ਹੈ ਪਰ ਅੰਦਰ ਭੁੱਖ

ਨਹੀਂ, ਪਿਆਸ ਸ਼ਬਦ ਤਾਂ ਹੈ ਪਰ ਅੰਦਰ ਪਿਆਸ ਨਹੀਂ, ਮਿਲਾਪ ਲਈ ਸ਼ਬਦ ਤਾਂ ਹੈ ਪਰ ਅੰਦਰ ਮਿਲਾਪ ਲਈ ਤਾਂਘ ਜਾਂ ਲੋਚਾ ਨਹੀਂ। ਜ਼ਿੰਦਗੀ ਵਿੱਚ ਕਦੇ ਦੋਨਾਂ ਦਾ ਮਿਲਾਪ ਵੇਖਣਾ, ਭੁੱਖ ਸ਼ਬਦ ਵੀ ਹੋਵੇ ਅਤੇ ਅੰਦਰੋਂ ਭੁੱਖ ਵੀ ਹੋਵੇ, ਸ਼ਬਦ ਪਿਆਸ ਵੀ ਹੋਵੇ ਅਤੇ ਅੰਦਰੋਂ ਹੋਵੇ ਵੀ ਪਿਆਸਾ ਫਿਰ ਇਹ ਰਿਸ਼ਤਾ ਕੈਸਾ ਰੰਗ ਲਾਉਂਦਾ ਹੈ, ਇਸ ਅਵਸਥਾ ਦਾ ਬਿਆਨ ਨਹੀਂ ਹੋ ਸਕਦਾ। ਇਕ ਉਦਾਹਰਣ ਸਮਝੀਏ। ਮੰਨ ਲਵੋ ਇਕ ਥਾਵੇਂ ਦਸ ਜ਼ਨਾਨੀਆਂ ਬੈਠੀਆਂ ਗੱਲਾਂ ਬਾਤਾਂ ਕਰ ਰਹੀਆਂ ਹੋਵਣ, ਹਾਸਾ ਠੱਠਾ ਕਰਨ ਵਿੱਚ ਮਸਤ ਹੋਵਣ ਪਰ ਇਕ ਬੀਬੀ ਬਾਹਰੋਂ ਆ ਕੇ ਧਾਹਾਂ ਮਾਰ ਕੇ ਰੋਂਦੀ ਹੋਈ ਇਹ ਗੱਲ ਕਹੇ ਕਿ ਭੈਣੇ ਤੇਰਾ ਪਤੀ ਚੜ੍ਹਾਈ (ਭਾਵ ਮਰ ਗਿਆ) ਕਰ ਗਿਆ ਹੈ ਤਾਂ ਦੱਸ ਦੀਆਂ ਦੱਸ ਹੀ ਧਾਹ ਕੇ ਪੁੱਛਣਗੀਆਂ ਕਿਸਦਾ ? ਫਿਰ ਉਹ ਕਿਸੇ ਨੂੰ ਹੱਥ ਲਾ ਕੇ ਜਾਂ ਨਾਮ ਬੋਲਕੇ ਦੱਸਦੀ ਹੈ। ਹੁਣ ਵੇਖੋ ਪਹਿਲਾ ਦਰਦ ਦਸਾਂ ਦੇ ਅੰਦਰ ਉਠਿਆ ਸੀ ਪਰ ਹੁਣ ਨੌਵਾਂ ਦੇ ਕੋਲ ਉਹ ਦਰਦ ਨਹੀਂ ਜੋ ਅਸਲ ਪਤਨੀ ਕੋਲ ਦਰਦ ਹੈ। ਹੁਣ ਤਾਂ ਸਗੋਂ ਨੌਂ ਹੀ ਉਸ ਦਸਵੀਂ ਨੂੰ ਸੰਭਾਲਣ ਲਈ ਲੱਗੀਆਂ ਹੋਈਆਂ ਹਨ। ਪਤੀ ਦਾ ਵਿਛੋੜਾ ਇਹ ਸ਼ਬਦ ਸਭ ਨੇ ਸੁਣਿਆ ਹੈ, ਸਭ ਕੋਲ ਹੈ ਪਰ ਹਾਲੋਂ ਬੇਹਾਲ ਉਹ ਹੋ ਗਈ ਜਿਸ ਬੀਬੀ ਨਾਲ ਇਸ ਪਤੀ ਦਾ ਰਿਸ਼ਤਾ ਸੀ। ਅੱਜ ਸਾਡੇ ਕੋਲ ਕੇਵਲ ਗੁਰੂ ਉਪਦੇਸ਼ ਦੇ ਅੱਖਰ ਹਨ ਪਰ ਉਹੋ ਜਿਹਾ ਅੰਦਰ ਅਹਿਸਾਸ ਨਹੀਂ। ਇਸ ਅਹਿਸਾਸ ਦਾ ਪੈਦਾ ਹੋਣਾ ਹੀ ਅਸਲ ਵਿੱਚ ਉਪਦੇਸ਼ ਦੀ ਕਮਾਈ ਹੈ।

ਹਰ ਘਰ ਵਿੱਚ ਮੰਜਾ ਅਰਾਮ ਕਰਨ ਲਈ ਹੁੰਦਾ ਹੈ। ਫਿਰ ਉਸ ਵਿੱਚ ਵਾਣ ਭਾਵ ਜਿਹੜੀਆਂ ਰੱਸੀਆਂ ਨਾਲ ਉਹ ਬੁਣਿਆ ਹੁੰਦਾ ਹੈ, ਉਹ ਵੀ ਬਹੁਤ ਸੋਚ ਸਮਝਕੇ ਬੁਣਿਆ ਹੁੰਦਾ ਹੈ। ਕਿਧਰੇ ਰੱਸੀਆਂ ਹੀ ਅਜਿਹੀਆ ਥਾਂ ਥਾਂ 'ਤੇ ਗੰਢਾਂ ਵਾਲੀਆਂ ਨਾ ਹੋਣ ਜਿਹੜੀਆਂ ਸੁੱਖ ਦੀ ਬਜਾਇ ਦੁੱਖ ਦੇਣ ਕਿਉਂਕਿ ਗੰਢਾਂ ਵਾਲਾ ਵਾਣ ਚੁੱਭਦਾ ਹੈ, ਅਰਾਮ ਵਿੱਚ ਖ਼ਲਲ ਪਾਉਂਦਾ ਹੈ। ਸਭ ਤੋਂ ਉਤੇ ਫਿਰ ਵਾਰੀ ਬਿਸਤਰ ਦੀ ਆਉਂਦੀ ਹੈ। ਉਸ ਵਿੱਚ ਸਭ ਤੋਂ ਜ਼ਰੂਰੀ ਵੇਖਿਆਂ ਹੀ ਅਰਾਮ ਮਿਲ ਜਾਂਦਾ ਹੈ। ਮੰਜਾ ਵੀ ਚੰਗਾ ਹੋਵੇ, ਵਾਣ ਵੀ ਚੰਗਾ ਹੋਵੇ ਤੇ ਫਿਰ ਬਿਸਤਰਾ ਵੀ ਚੰਗਾ ਹੀ ਲਾਇਆ ਜਾਂਦਾ ਹੈ ਤਾਂਕਿ ਪੂਰਾ ਅਰਾਮ ਮਿਲ ਸਕੇ ਪਰ ਹੁਣ ਅਹਿਸਾਸ ਕਰਕੇ ਵੇਖੋ ਜਿਨ੍ਹਾਂ ਦਾ ਮੰਜਾ ਹੀ ਚਿੰਤਾ ਦਾ ਹੋਵੇ (ਆਮ ਲੋਕ ਬਿਸਤਰ ਕੋਲ ਜਾਣ ਲੱਗਿਆਂ ਚਿੰਤਾ ਮਿਟਾਕੇ ਜਾਂਦੇ ਹਨ ਭਾਵੇਂ ਨਸ਼ਾ ਵੀ ਕਿਉਂ ਨਾ ਕਰਨਾ ਪਵੇ) ਅਤੇ ਫਿਰ ਵਾਣ ਵੀ ਸੁੱਖ ਦਾ ਨਹੀਂ ਬਲਕਿ ਦੁੱਖਾਂ ਦੇ ਵਾਣ ਨਾਲ ਬੁਣਿਆ ਹੋਵੇ ਤੇ ਤੀਜਾ ਬਿਰਹਾ ਦਾ ਬਿਸਤਰ ਹੋਵੇ ਤਾਂ ਇਸ ਉੱਤੇ ਕਿਵੇਂ ਨੀਂਦ ਆ ਸਕਦੀ ਹੈ ? ਅਜਿਹੇ ਬਿਸਤਰ 'ਤੇ ਪੈ ਕੇ ਤਾਂ ਅਰਦਾਸਾਂ ਕੀਤੀਆਂ ਜਾਂਦੀਆਂ ਹਨ ਕਿ:

ਫਰੀਦਾ ਚਿੰਤ ਖਟੋਲਾ ਵਾਣੁ ਦੁਖੁ ਬਿਰਹਿ ਵਿਛਾਵਣ ਲੇਫੁ ॥
ਏਹੁ ਹਮਾਰਾ ਜੀਵਣਾ ਤੂ ਸਾਹਿਬ ਸਚੇ ਵੇਖੁ ॥੩੫॥ *(ਅੰਗ ੧੩੭੯)*

ਚਿੰਤਾ ਇਹ ਕਿ :

ਫਰੀਦਾ ਸਿਰੁ ਪਲਿਆ ਦਾੜੀ ਪਲੀ ਮੁਛਾਂ ਭੀ ਪਲੀਆਂ ॥
ਰੇ ਮਨ ਗਹਿਲੇ ਬਾਵਲੇ ਮਾਣਹਿ ਕਿਆ ਰਲੀਆਂ ॥੫੫॥

(ਅੰਗ ੧੩੮੦)

ਦੁੱਖ ਦਾ ਵਾਣ ਇਵੇਂ ਹੈ ਕਿ :

ਫਰੀਦਾ ਤਨੁ ਸੁਕਾ ਪਿੰਜਰੁ ਥੀਆ ਤਲੀਆਂ ਖੂੰਡਹਿ ਕਾਗ ॥
ਅਜੈ ਸੁ ਰਬੁ ਨ ਬਾਹੁੜਿਓ ਦੇਖੁ ਬੰਦੇ ਕੇ ਭਾਗ ॥੯੦॥

(ਅੰਗ ੧੩੮੨)

ਬਿਰਹਾ ਦਾ ਲੇਫ ਹੈ :

ਕਾਲੀ ਕੋਇਲ ਤੂ ਕਿਤ ਗੁਨ ਕਾਲੀ ॥
ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ ॥ *(ਅੰਗ ੭੯੪)*

ਜਦੋਂ ਮੰਜਾ ਚਿੰਤਾ ਦਾ, ਵਾਣ ਦੁੱਖ ਦਾ, ਬਿਰਹਾ ਦੇ ਬਿਸਤਰੇ 'ਤੇ ਪਏ ਕਿਸੇ ਰੱਬੀ ਪਿਆਰ ਵਾਲੇ ਨੂੰ ਰੱਬ, ਤੜਪਦਿਆਂ ਦੇਖਦਾ ਹੈ ਤਾਂ ਫਿਰ ਇਹ ਅਵਸਥਾ ਬਣਦੀ ਹੈ ਕਿ-'ਆਜ ਮਿਲਾਵਾ ਸ਼ੇਖ ਫਰੀਦ ॥' ਅੱਜ ਸਾਡੇ ਕੋਲ ਵਿਛੋੜਾ ਸ਼ਬਦ ਜ਼ਰੂਰ ਹੈ ਪਰ ਉਹ ਤੜਪ ਨਹੀਂ ਹੈ ਜਿਹੜੀ ਵਿਛੋੜੇ ਨੂੰ ਹੁੰਦੀ ਹੈ। ਜਿਸ ਦਿਨ ਉਹ ਤੜਪ ਪੈਦਾ ਹੋ ਗਈ, ਫਿਰ ਮਿਲਾਪ ਲਈ ਕੀਤੀ ਕਮਾਈ ਗੁਰੂ ਉਪਦੇਸ਼ ਦੀ ਕਮਾਈ ਹੋਵੇਗੀ। ਅਜਿਹੀ ਕਮਾਈ ਕਰਨ ਵਾਲਿਆਂ ਨੂੰ ਭਾਈ ਗੁਰਦਾਸ ਜੀ ਆਖਦੇ ਹਨ ਕਿ ਹਉ ਤਿਸ......

ਜਿਨ੍ਹਾਂ ਦੇ ਅੰਦਰ ਗੁਰ ਉਪਦੇਸ਼ ਦੀ ਕਮਾਈ ਦੀ ਲਗਨ ਲੱਗ ਜਾਵੇ, ਅਜਿਹੇ ਸੁਭਾਗੇ ਨੂੰ ਸਭ ਤੋਂ ਪਿਆਰਾ ਫਿਰ ਗੁਰ ਉਪਦੇਸ਼ ਹੀ ਲੱਗਦਾ ਹੈ। ਵੈਸੇ ਤਾਂ ਹਰ ਕੋਈ ਇਥੇ ਕਮਾਈ ਕਰਦਾ ਹੀ ਨਜ਼ਰ ਆਉਂਦਾ ਹੈ। ਕੋਈ ਸਾਰੀ ਜ਼ਿੰਦਗੀ ਨੱਕ ਲਈ ਕਮਾਉਂਦਾ ਹੈ ਕਿ ਮੈਂ ਦੁਨੀਆਂ ਵਿੱਚ ਕਿਸੇ ਅੱਗੇ ਆਪਣਾ ਨੱਕ ਨੀਵਾਂ ਨਾ ਹੋਣ ਦੇਵਾਂ, ਹੰਕਾਰ ਨੀਵਾਂ ਨਾ ਹੋਣ ਦੇਵਾਂ। ਕੋਈ ਏਥੇ ਹੱਕ ਲਈ ਕਮਾਉਂਦਾ ਹੈ ਕਿ ਮੇਰਾ ਹੱਕ ਬਣਦਾ ਹੈ। ਮੈਂ ਬੱਚਿਆਂ ਲਈ ਕਮਾਈ ਕਰਾਂ, ਇਸਤਰੀ, ਮਾਤਾ ਪਿਤਾ ਜਾਂ ਨਿਰੀਆਂ ਸੰਸਾਰਿਕ ਲੋੜਾਂ ਦੀ ਪੂਰਤੀ ਲਈ ਕਮਾਈ ਕਰਾਂ ਪਰ ਕੋਈ ਕੋਈ ਵਿਰਲਾ ਹੈ ਜਿਹੜਾ ਸੱਚ ਲਈ ਕਮਾਉਂਦਾ ਹੈ, ਜਿਸ ਦੀ ਸੋਚ ਵਿੱਚ ਇਹ ਵੀਚਾਰ ਬਣ ਗਈ ਕਿ ਮੇਰਾ ਅਸਲ ਵਿੱਚ ਕਰਮ ਗੁਰ ਉਪਦੇਸ਼ ਦੀ ਕਮਾਈ ਕਰਨਾ ਹੈ।

ਬਾਕੀ ਕਾਰਜ ਰੱਬੀ ਭਰੋਸੇ ਨਾਲ ਕਰੀ ਜਾਵਾਂ, ਸਾਈਂ ਬਰਕਤਾਂ ਪਾਵੇਗਾ। ਕੋਈ ਨੱਕ ਲਈ ਕਮਾਉਂਦਾ ਹੈ, ਕੋਈ ਹੱਕ ਲਈ ਕਮਾਉਂਦਾ ਹੈ, ਕੋਈ ਸੱਚ ਲਈ ਕਮਾਉਂਦਾ ਹੈ। ਫ਼ਰਕ ਸਿਰਫ਼ ਇਤਨਾ ਹੈ ਕਿ ਸੱਚ ਦੀ ਕਮਾਈ ਹੀ ਅਸਲ ਵਿੱਚ ਲੇਖੇ ਪੈਂਦੀ ਹੈ, ਬਾਕੀ ਤਾਂ ਸਭ ਕੁਝ - **ਕੂੜਾ ਸਉਦਾ ਕਰ ਗਏ ਗੋਟੀ ਆਇ ਪਏ ॥** ਸਿੱਖ ਇਤਿਹਾਸ ਦੇ ਪੰਨਿਆਂ 'ਤੇ ਉੱਕਰੇ ਅਜਿਹੇ ਗੁਰਉਪਦੇਸ਼ ਦੀ ਕਮਾਈ ਕਰਨ ਵਾਲਿਆਂ ਦੇ ਅਮੋਲਕ ਖ਼ਜ਼ਾਨੇ ਵਿਚੋਂ ਇਕ ਉਦਾਹਰਣ ਬੜੀ ਪਿਆਰੀ ਹੈ ਜਿਹੜੀ ਸਾਡੇ ਵੀ ਮਨ ਨੂੰ ਪ੍ਰੇਰਿਤ ਕਰੇਗੀ।

ਭਾਈ ਤਾਰਾ ਸਿੰਘ ਵਾਂ ਇੱਕ ਅਜਿਹੀ ਆਤਮਾ ਹੈ ਜਿਸ ਨੇ ਗੁਰ ਉਪਦੇਸ਼ ਦੀ ਕਮਾਈ ਆਪਣੇ ਅੰਦਰਲੇ ਇਸ਼ਕ ਨਾਲ ਕੀਤੀ ਹੈ। ਕਈ ਵਾਰੀ ਅਜਿਹਾ ਵੀ ਵੇਖਣ ਵਿੱਚ ਅਉਂਦਾ ਹੈ ਕਿ ਗੱਲਾਂ ਤੋਂ ਪ੍ਰਭਾਵਿਤ ਹੋ ਕੇ ਆਮ ਮਨੁੱਖ ਪ੍ਰੇਰਿਤ ਹੋਇਆ ਫ਼ੈਸਲਾ ਤਾਂ ਕਰ ਲੈਂਦਾ ਹੈ ਪਰ ਕੁਝ ਸਮੇਂ ਬਾਅਦ ਇਹ ਅਸਰ ਜਦੋਂ ਫਿੱਕਾ ਪੈਂਦਾ ਹੈ ਤਾਂ ਆਪਣੇ ਆਪ ਹੀ ਲਿਆ ਅਟੱਲ ਫ਼ੈਸਲਾ ਵੀ ਥਿੜਕਣ ਲੱਗ ਪੈਂਦਾ ਹੈ। ਭਾਈ ਤਾਰਾ ਸਿੰਘ ਜੀ ਨੂੰ ਚਾਰ ਵਾਰੀ ਵਕਤ ਮਿਲਿਆ ਕਿ ਭੱਜ ਕੇ ਆਪਣੀ ਜਾਨ ਬਚਾ ਸਕਦਾ ਹੈ ਪਰ

ਰਤੇ ਸੇਈ ਜਿ ਮੁਖੁ ਨ ਮੋੜੰਨਿ੍ ਜਿਨੀ ਸਿਞਾਤਾ ਸਾਈ.....

(ਅੰਗ ੧੪੨੫)

1702 ਈ: ਨੂੰ ਭਾਈ ਮਾਹੀ, ਭਾਈ ਜੈਤਾ ਅਤੇ ਗੁਰਦਾਸ ਇਨ੍ਹਾਂ ਤਿੰਨ ਭਰਾਵਾਂ ਵਿਚੋਂ ਗੁਰਦਾਸ ਜੀ ਦੇ ਘਰ ਪੰਜ ਪੁੱਤਰਾਂ ਵਿਚੋਂ ਤਾਰਾ ਸਿੰਘ ਸਭ ਤੋਂ ਵੱਡਾ ਸੀ। ਭਾਈ ਸਾਹਿਬ ਭਾਈ ਮਨੀ ਸਿੰਘ ਜੀ ਨੂੰ ਪੰਜਾਂ ਵਿੱਚ ਸ਼ਾਮਿਲ ਹੋ ਕੇ ਅੰਮ੍ਰਿਤ ਸੰਚਾਰ ਵੇਲੇ ਅੰਮ੍ਰਿਤ ਛਕਣ ਦਾ ਸੁਭਾਗ ਪ੍ਰਾਪਤ ਹੋਇਆ। ਗੁਰਸਿੱਖਾਂ ਅੰਦਰਿ ਸਤਿਗੁਰੂ ਵਰਤੇ ਦੀ ਭਾਵਨਾ ਨੇ ਗੁਰਸਿਖਾਂ ਦੀ ਸੇਵਾ ਕਰਨ ਵਿੱਚ ਮਨ ਜੋੜ ਦਿੱਤਾ। ਆਪਣੇ ਹੀ ਪਿੰਡ ਵਾਂ ਵਿਖੇ ਇਕ ਅਜਿਹਾ ਵਾੜਾ ਬਣਾ ਦਿੱਤਾ ਜਿਥੇ ਆਉਂਦੇ ਜਾਂਦੇ ਸਿੰਘ ਕੁਝ ਸਮਾਂ ਰੁਕ ਅਰਾਮ ਵੀ ਕਰਦੇ ਤੇ ਪ੍ਰਸ਼ਾਦਾ ਪਾਣੀ ਵੀ ਛਕਦੇ ਰਹਿੰਦੇ ਸਨ।

ਇਹ ਕੁਦਰਤ ਦਾ ਅਟੱਲ ਨੇਮ ਹੈ ਕਿ ਜਿਥੇ ਕੀਮਤੀ ਤੇ ਨਾਜ਼ਕ ਫੁੱਲ ਪੈਦਾ ਕਰਦੀ ਹੈ ਉਥੇ ਹੀ ਕੰਡੇ ਵੀ ਪੈਦਾ ਕਰ ਦਿੰਦੀ ਹੈ। ਜਿਥੇ ਫੁੱਲ ਸੁੱਖ ਵੰਡਦੇ ਹਨ ਉਥੇ ਕੰਡੇ ਦੁੱਖ ਵੰਡਦੇ ਹਨ। ਇਧਰ ਨੌਸ਼ਹਿਰੇ ਦਾ/ਚੌਧਰੀ ਮਾਨੋ ਇਕ ਅਜਿਹਾ ਹੀ ਕੰਡਾ ਸੀ ਜਿਹੜਾ ਸਿੰਘਾਂ ਨੂੰ ਤੰਗ ਕਰਨ ਲਈ ਆਪਣੀਆਂ ਘੋੜੀਆਂ ਸਿੱਖਾਂ ਦੀਆਂ ਫ਼ਸਲਾਂ ਵਿੱਚ ਛੱਡ ਦਿੰਦਾ ਸੀ। ਇਕ ਵਾਰੀ ਭੜਾਣੇ ਨਗਰ ਦੇ ਮਾਲੀ ਸਿੰਘ ਅਤੇ ਗੁਰਬਖਸ਼ ਸਿੰਘ ਦੇ ਖੇਤਾਂ ਵਿੱਚ ਘੋੜੀਆਂ ਛੱਡਕੇ ਫ਼ਸਲਾਂ ਉਜਾੜ ਰਿਹਾ ਸੀ ਤਾਂ ਇਨ੍ਹਾਂ ਨੇ ਅਦਬ ਨਾਲ ਘੋੜੀਆਂ ਬਾਹਰ ਕੱਢਣ ਲਈ ਕਿਹਾ ਤਾਂ ਅੱਗਿਓਂ

ਚੌਧਰੀ ਸਾਹਿਬ ਰਾਇ ਨੇ ਕਿਹਾ ਕਿ ਇਨ੍ਹਾਂ ਦੇ ਬੰਨ੍ਹਣ ਲਈ ਰੱਸੇ ਨਹੀਂ, ਇਹ ਰੱਸੇ ਮੈਂ ਸਿੱਖਾਂ ਦੇ ਕੇਸਾਂ ਦੇ ਵੱਟ ਕੇ ਪਾਉਣੇ ਹਨ। ਸਿੱਖਾਂ ਨੇ ਉਹ ਘੋੜੀਆਂ ਪਕੜ ਕੇ ਭੂਸੇ ਨਗਰ ਦੇ ਵਸਨੀਕ ਭਾਈ ਬਘੇਲ ਸਿੰਘ ਤੇ ਅਮਰ ਸਿੰਘ ਦੀ ਸਹਾਇਤਾ ਨਾਲ ਘਰਿਆਲ ਪਿੰਡ ਦੇ ਲਖਮੀਰ ਸਿੰਘ ਨਾਲ ਰਲ ਪਟਿਆਲੇ ਦੇ ਸ. ਆਲਾ ਸਿੰਘ ਕੋਲ ਵੇਚ ਕੇ ਪੈਸੇ ਵੀ ਸਗੋਂ ਸਿੰਘਾਂ ਦੀ ਸੇਵਾ ਲਈ ਰਸਦ ਪਾਣੀ ਵਿੱਚ ਖ਼ਰਚ ਲਏ। ਚੌਧਰੀ ਨੇ ਪੱਟੀ ਦੇ ਫ਼ੌਜਦਾਰ ਨਾਲ ਮਿਲਕੇ ਹੱਲਾ ਕਰ ਦਿੱਤਾ ਪਰ ਸਿੰਘਾਂ ਦੀ ਬਹਾਦਰੀ ਸਾਹਮਣੇ ਫੌਜਦਾਰ ਤੇ ਉਸਦੀ ਫ਼ੌਜ ਟਿਕ ਨਾ ਪਾਈ, ਮੂੰਹ ਦੀ ਖਾ ਕੇ ਮੁੜਨਾ ਪਿਆ। ਫੌਜਦਾਰ ਅਤੇ ਚੌਧਰੀ ਨੇ ਨਵੇਂ ਹਾਕਮ ਬਣੇ ਜ਼ਕਰੀਆ ਖ਼ਾਨ ਨਾਲ ਰਲਕੇ ਫਿਰ ਦੁਬਾਰਾ 2200 ਸਵਾਰ, ਕੁਝ ਹਾਥੀ ਘੋੜੇ ਆਦਿਕ ਦੀ ਫ਼ੌਜ ਲੈ ਕੇ ਹੱਲਾ ਕਰਨ ਦੀ ਤਿਆਰੀ ਕਰ ਲਈ। ਅਜਿਹਾ ਮੌਕਾ ਦੇਖ ਕੇ ਸਭ ਤੋਂ ਪਹਿਲਾਂ ਸਾਰੇ ਸਿੱਖਾਂ ਨੇ ਹੀ ਸਲਾਹ ਕੀਤੀ ਕਿ ਵਾੜਾ ਖ਼ਾਲੀ ਕਰ ਦੇਈਏ, ਆਪੇ ਫ਼ੌਜ ਕੁਝ ਦਿਨ ਭਟਕ ਕੇ ਮੁੜ ਜਾਏਗੀ ਪਰ ਭਾਈ ਤਾਰਾ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ ਕੋਲ ਨਾ ਹੋਣ ਕਰਕੇ ਦਸਮ ਗ੍ਰੰਥੀ ਵਿਚੋਂ ਹੁਕਮ ਲਿਆ ਤਾਂ ਹੁਕਮ ਆ ਗਿਆ ਕਿ—

ਜੋ ਕਹੂੰ ਕਾਲ ਤੇ ਭਾਜ ਕੈ ਬਾਚੀਅਤ,
ਤੌ ਕਿਹ ਕੁੰਟ ਕਹੋ ਭਜ ਜਈਯੈ ॥
ਆਗੈ ਹੂੰ ਕਾਲ ਧਰੇ ਅਸਿ ਗਾਜਤ, ਛਾਜਤ ਹੈ,
ਜਿਹ ਤੇ ਨਸਿ ਅਈਯੈ ॥
ਐਸੇ ਨ ਕੈ ਗਯੋ ਕੋਈ ਸੁ ਦਾਵ ਰੇ,
ਕਾਹਿ ਉਪਾਵ ਸੋ ਘਾਵ ਬਚਈਯੈ ॥
ਜਾਂ ਤੇ ਨਾ ਛੁਟੀਐ ਮੂੜ੍ਹ ਕਹੁ,
ਹਸਿ ਤਾਂਕੀ ਨ ਕਿਉ ਸ਼ਰਨਾਗਤਿ ਜਈਯੈ ॥

ਭਾਈ ਤਾਰਾ ਸਿੰਘ ਜੀ ਨੇ ਨਿਮਰਤਾ ਨਾਲ ਬੇਨਤੀ ਕੀਤੀ ਕਿ ਮੈਂ ਤਾਂ ਇਥੇ ਹੀ ਡਟਣਾ ਹੈ। ਜ਼ਕਰੀਆ ਖ਼ਾਨ ਨੇ ਮੋਮਨ ਖ਼ਾਨ ਦੀ ਅਗਵਾਈ ਵਿੱਚ ਫ਼ੌਜ ਭੇਜੀ ਸੀ। ਇਥੇ ਹੀ ਇਕ ਸ਼ਰਧਾਲੂ ਨੌਕਰ ਭਾ: ਹਜ਼ਾਰਾ ਸਿੰਘ ਨੌਕਰੀ ਕਰਦਾ ਸੀ। ਉਸ ਨੇ ਵੀ ਕਿਸੇ ਨਾ ਕਿਸੇ ਤਰ੍ਹਾਂ ਭਾਈ ਤਾਰਾ ਸਿੰਘ ਜੀ ਕੋਲ ਖ਼ਬਰ ਪਹੁੰਚਾ ਦਿੱਤੀ ਕਿ ਕੁਝ ਦਿਨ ਅੱਗੇ ਪਿਛੇ ਹੋ ਕੇ ਜਾਨ ਬਚਾਈ ਜਾ ਸਕਦੀ ਹੈ, ਪਰ ਗੁਰ ਉਪਦੇਸ਼ ਦੀ ਕਮਾਈ ਕਰਨ ਵਾਲਿਆਂ ਨੂੰ ਜਾਨ ਨਹੀਂ ਬਲਕਿ ਗੁਰ ਉਪਦੇਸ਼ ਪਿਆਰਾ ਹੁੰਦਾ ਹੈ। ਫਿਰ ਤੀਜੀ ਵਾਰੀ ਜਦੋਂ ਫ਼ੌਜ ਆ ਰਹੀ ਸੀ ਤਾਂ ਮੋਮਨ ਖ਼ਾਨ ਨੇ ਕਿਸੇ ਇਲਾਕੇ ਦੇ ਭੇਤੀ ਨੂੰ ਨਾਲ ਲੈਣਾ ਚੰਗਾ ਸਮਝਕੇ ਘਵਿੰਡ ਨਗਰ ਦੇ ਨੰਬਰਦਾਰ

ਸੂਜੇ ਨੂੰ ਨਾਲ ਚੱਲਣ ਲਈ ਕਿਹਾ। ਉਸਨੇ ਵੀ ਹੋਰ ਕੋਈ ਚਾਰਾ ਨਾ ਚੱਲਦਾ ਵੇਖ ਕੇ ਆਪਣੇ ਹੀ ਛੋਟੇ ਭਰਾ ਨੂੰ ਸੁਨੇਹਾ ਦੇ ਕੇ ਭੇਜ ਦਿੱਤਾ ਕਿ ਤਾਰਾ ਸਿੰਘ ਜੀ ਨੂੰ ਇਧਰ ਉਧਰ ਹੋ ਜਾਣ ਲਈ ਕਹਿ ਦੇਣ, ਮੈਂ ਫ਼ੌਜ ਨੂੰ ਕੁਝ ਦੇਰ ਪਾ ਕੇ ਲੈ ਜਾਵਾਂਗਾ। ਇਹ ਸੁਨੇਹਾ ਮਿਲਣ 'ਤੇ ਵੀ ਸਿੱਖੀ ਦੇ ਆਸ਼ਿਕ ਨੇ ਆਪਣਾ ਫ਼ੈਸਲਾ ਨਾ ਬਦਲਿਆ।

ਇਧਰ ਫ਼ੌਜ ਨੇ ਨੇੜੇ ਜਾ ਕੇ ਸਾਰਾ ਨਗਰ ਆਪਣੇ ਘੇਰੇ ਵਿੱਚ ਲੈ ਲਿਆ ਤੇ ਨਗਰ ਦੇ ਹੀ ਇਕ ਬਿਰਧ ਤੁਰਕ ਨੇ ਸਭ ਕੁਝ ਦੇਖ ਕੇ ਤਾਰਾ ਸਿੰਘ ਨੂੰ ਖ਼ਬਰ ਜਾ ਦੱਸੀ ਤੇ ਇਥੋਂ ਚਲੇ ਜਾਣ ਦਾ ਵਾਸਤਾ ਪਾਇਆ, ਪਰ ਭਾਈ ਸਾਹਿਬ ਨੂੰ ਸਿਰਫ਼ ਇਕ ਹੀ ਚੀਜ਼ ਬੰਨ੍ਹ ਕੇ ਬੈਠੀ ਸੀ ਕਿ ਮੈਂ ਹੋਰ ਸਭ ਕੁਝ ਕਰ ਸਕਦਾ ਹਾਂ ਪਰ ਗੁਰ ਉਪਦੇਸ਼ ਨੂੰ ਕੰਡ ਨਹੀਂ ਕਰ ਸਕਦਾ। ਇਹ ਚੌਥੀ ਸਲਾਹ ਮਿਲਣ 'ਤੇ ਵੀ ਉਨ੍ਹਾਂ ਜ਼ਾਲਮ ਵਿਰੁੱਧ ਡਟਣਾ ਹੀ ਪਸੰਦ ਕੀਤਾ। ਮੋਮਨ ਖ਼ਾਨ ਦੀ ਫ਼ੌਜ ਨੇ ਹਮਲਾ ਕਰ ਦਿੱਤਾ। ਜਿੰਨੇ ਵੀ ਸਿੰਘ ਭਾਈ ਤਾਰਾ ਸਿੰਘ ਜੀ ਨਾਲ ਸਨ ਹਰ ਇਕ ਨੇ ਬਹੁਤ ਹੀ ਬਹਾਦਰੀ ਦੇ ਜੌਹਰ ਦਿਖਾਉਂਦਿਆਂ ਹੋਇਆਂ ਸ਼ਹਾਦਤੇ-ਜਾਮ ਪੀਤੇ। ਤਦ ਹੀ ਤਾਂ ਇਤਿਹਾਸ ਅਜਿਹੇ ਮਰਜੀਵੜਿਆਂ 'ਤੇ ਮਾਣ ਕਰਦਾ ਹੈ ਜਿਹੜੇ ਕਿਸੇ ਵੀ ਮੋਹ ਮਮਤਾ ਦੇ ਜਾਲ ਵਿੱਚ ਫਸ ਕੇ ਜਾਂ ਜਾਨ ਪਿਆਰੀ ਕਰਕੇ ਗੁਰ ਉਪਦੇਸ਼ ਤੋਂ ਮੂੰਹ ਮੋੜਨ ਦੀ ਥਾਂ ਗੁਰ ਉਪਦੇਸ਼ ਨੂੰ ਕਮਾਉਣਾ ਹੀ ਜੀਵਨ ਦਾ ਲਕਸ਼ ਸਮਝਦੇ ਹਨ। ਤਦ ਹੀ ਭਾਈ ਗੁਰਦਾਸ ਜੀ ਦੇ ਬੋਲ ਹਨ ਕਿ **ਬਲਿਹਾਰੀ ਤਿਨਾ ਗੁਰਸਿਖਾਂ.....**

ਇਕ ਸ਼ਹਿਰ ਵਿੱਚ ਇਕ ਵਪਾਰੀ ਰਹਿੰਦਾ ਸੀ। ਇਸ ਵਪਾਰੀ ਨੇ ਇਕ ਆਪਣੇ ਨਾਲ ਇਕ ਨੌਕਰ ਰੱਖਿਆ ਹੋਇਆ ਸੀ। ਰੱਬ ਦਾ ਸਬੱਬ, ਜਿੰਨਾ ਇਸ ਵਪਾਰੀ ਦਾ ਮਨ ਕਲਪਦਾ ਰਹਿੰਦਾ ਸੀ ਉਤਨਾ ਹੀ ਇਸ ਨੌਕਰ ਦਾ ਮਨ ਸ਼ਾਂਤ ਰਹਿੰਦਾ ਸੀ। ਇਸੇ ਕਾਰਨ ਕਰਕੇ ਵਪਾਰੀ ਕਦੇ ਇਸ ਨੌਕਰ ਨੂੰ ਛੱਡਣ ਦੀ ਵੀ ਗੱਲ ਨਹੀਂ ਸੀ ਕਰਦਾ। ਨੌਕਰ ਨੇ ਹਰ ਰੋਜ਼ ਜਦੋਂ ਇਸ ਵਪਾਰੀ ਨੂੰ ਕਿਧਰੇ ਲੈ ਕੇ ਜਾਣਾ ਤਾਂ ਗੱਡੀ ਘਰੋਂ ਕੱਢਦਿਆਂ ਹੀ ਪਹਿਲਾਂ ਗੁਰੂ ਘਰ ਜਾ ਕੇ ਸ਼ਾਂਤੀ ਨਾਲ ਗੁਰੂ ਦਰਸ਼ਨ ਕਰਕੇ ਕਿਧਰੇ ਜਾਣਾ। ਵਪਾਰੀ ਭਾਵੇਂ ਨਾਲ ਹੀ ਹੁੰਦਾ ਸੀ ਪਰ ਉਸ ਨੇ ਉਤਨਾ ਚਿਰ ਗੱਡੀ ਵਿੱਚ ਹੀ ਬੈਠ ਆਪਣੇ ਕਾਰੋਬਾਰੀ ਫ਼ਾਈਲਾਂ ਫੋਲਦੇ ਰਹਿਣਾ ਪਰ ਗੁਰੂ ਦਰ 'ਤੇ ਜਾ ਕੇ ਵੀ ਮੱਥਾ ਟੇਕਣਾ ਨਸੀਬ ਨਹੀਂ ਸੀ ਹੁੰਦਾ। ਕਿਉਂਕਿ-**ਬਿਨੁ ਭਾਗਾ ਸਤਸੰਗੁ ਨ ਲਭੈ ਬਿਨੁ ਸੰਗਤਿ ਮੈਲੁ ਭਰੀਜੈ ਜੀਉ ॥** (ਅੰਗ ੯੫) ਰੋਜ਼ਾਨਾ ਦੀ ਤਰ੍ਹਾਂ ਅੱਜ ਵੀ ਵਪਾਰੀ ਆਪਣੇ ਕਾਰੋਬਾਰ ਲਈ ਗਿਆ ਤਾਂ ਉਸ ਨੂੰ ਪਤਾ ਲੱਗਾ ਕਿ ਕੱਲ ਇਕ ਬਹੁਤ ਜ਼ਰੂਰੀ ਵਪਾਰੀਆਂ ਦੀ ਮੀਟਿੰਗ ਹੋ ਰਹੀ ਹੈ। ਉਸ

ਵਿੱਚ ਇਕ ਵਪਾਰ ਦਾ ਆਰਡਰ ਮਿਲਣਾ ਸੀ ਜਿਸ ਵਿੱਚ ਬਹੁਤ ਸਾਰਾ ਧਨ ਬਚਣ ਦੀ ਆਸ ਸੀ। ਵਪਾਰੀ ਨੇ ਆਪਣੇ ਨੌਕਰ ਨੂੰ ਕੱਲ ਜਲਦੀ ਆਉਣ ਲਈ ਕਿਹਾ। ਵਪਾਰੀ ਨੌਕਰ ਨੂੰ ਗੁਰੂ ਘਰ ਜਾਣ ਤੋਂ ਵੀ ਰੋਕਣਾ ਨਹੀਂ ਚਾਹੁੰਦਾ ਸੀ, ਕਿਉਂਕਿ ਜਦੋਂ ਦਾ ਇਹ ਨੌਕਰ ਗੱਡੀ ਚਲਾਉਣ ਲੱਗਾ ਸੀ ਉਦੋਂ ਦਾ ਇਸ ਦੇ ਕਾਰੋਬਾਰ ਵਿੱਚ ਬਹੁਤ ਵਾਧਾ ਹੋਇਆ ਸੀ। ਨੌਕਰ ਗੁਰਮੁਖ ਹੋਣ ਕਰਕੇ ਹਰ ਵਕਤ ਗੁਰਬਾਣੀ ਜਾਂ ਕੋਈ ਗੁਰਮਤਿ ਦੀ ਹੀ ਵੀਚਾਰ ਕਰਦਾ ਰਹਿੰਦਾ ਸੀ। ਵਪਾਰੀ ਦੀ ਹਦਾਇਤ ਮੁਤਾਬਿਕ ਨੌਕਰ ਆ ਗਿਆ ਪਰ ਵਪਾਰੀ ਸਾਰੀ ਰਾਤ ਦੀਆਂ ਚਿਤਵਨੀਆਂ ਕਾਰਨ ਅਰਾਮ ਨਾਲ ਸੌਂ ਨਹੀਂ ਸਕਿਆ ਸੀ। ਸਵੇਰੇ ਉਠਣ ਵੇਲੇ ਸਗੋਂ ਉਸਦੀ ਅੱਖ ਲੱਗ ਗਈ ਜਿਸ ਕਾਰਨ ਘਰੋਂ ਹੀ ਲੇਟ ਹੋ ਗਿਆ। ਜਲਦੀ ਜਲਦੀ ਸਭ ਕੁਝ ਸੰਭਾਲ ਗੱਡੀ ਵਿਚ ਬੈਠ ਗਿਆ। ਬੈਠਦਿਆਂ ਹੀ ਨੌਕਰ ਨੂੰ ਕਹਿਣ ਲੱਗਾ ਕਿ ਅੱਜ ਗੁਰੂ ਘਰ ਨਾ ਜਾਵੇ ਪਰ ਨੌਕਰ ਦੇ ਸਮਝਾਉਣ ਨਾਲ ਕਿ ਅੱਜ ਤਾਂ ਸਗੋਂ ਬੇਨਤੀ ਕਰਨੀ ਚਾਹੀਦੀ ਹੈ ਭਾਵ ਮੱਥਾ ਟੇਕਕੇ ਜਾਣਾ ਚਾਹੀਦਾ ਹੈ। ਅੱਜ ਤਾਂ ਸਗੋਂ ਤੁਸੀਂ ਵੀ ਮੇਰੇ ਨਾਲ ਚੱਲੋ। ਵਪਾਰੀ ਨਾਲ ਚੱਲਣ ਲਈ ਤਾਂ ਤਿਆਰ ਨਾ ਹੋਇਆ ਪਰ ਨੌਕਰ ਨੂੰ ਜਲਦੀ ਆਉਣ ਲਈ ਵਾਰ-ਵਾਰ ਕਹੀ ਜਾਵੇ। ਭਾਵੇਂ ਨੌਕਰ ਨੇ ਕਈ ਵਾਰੀ ਧੀਰਜ ਦਿੱਤਾ ਕਿ ਗੁਰੂ 'ਤੇ ਭਰੋਸਾ ਰੱਖਣਾ ਚਾਹੀਦਾ ਹੈ। ਤੁਸੀਂ ਫ਼ਿਕਰ ਨਾ ਕਰੋ, ਮੀਟਿੰਗ ਵਿੱਚ ਪਹੁੰਚਣ ਲਈ ਹਾਲੇ ਆਪਣੇ ਕੋਲ ਬਹੁਤ ਵਕਤ ਪਿਆ ਹੈ। ਨੌਕਰ ਅੰਦਰ ਮੱਥਾ ਟੇਕਣ ਗਿਆ ਤਾਂ ਅੰਦਰ ਰਾਗੀ ਸਿੰਘ ਗੁਰੂ ਪਿਆਰ ਵਿਚ ਡੁੱਬੇ ਬਹੁਤ ਹੀ ਅਨੰਦ ਨਾਲ ਗੁਰਬਾਣੀ ਦਾ ਕੀਰਤਨ ਕਰ ਰਹੇ ਸਨ। ਪਾਵਨ ਪਵਿੱਤਰ ਗੁਰ ਸ਼ਬਦ ਗਾਇਆ ਜਾ ਰਿਹਾ ਸੀ ਕਿ :

ਆਇਓ ਸੁਨਨ ਪੜਨ ਕਉ ਬਾਣੀ ॥
ਨਾਮੁ ਵਿਸਾਰਿ ਲਗਹਿ ਅਨ ਲਾਲਚਿ
ਬਿਰਥਾ ਜਨਮੁ ਪਰਾਣੀ ॥੧॥ ਰਹਾਉ ॥

(ਅੰਗ ੧੨੧੯)

ਸ਼ਬਦ ਸੁਣਦਿਆਂ ਸਾਰ ਹੀ ਨੌਕਰ ਨੂੰ ਅਨੰਦ ਆ ਗਿਆ ਤੇ ਉਹ ਰੱਬੀ ਮਸਤੀ ਵਿੱਚ ਕੁਝ ਸਮਾਂ ਬੈਠ ਗਿਆ। ਪਤਾ ਨਹੀਂ ਅੱਜ ਸਾਈਂ ਦੀ ਖਿੱਚ ਨੇ ਸੁਰਤਿ ਨੂੰ ਮਨੁੱਖੀ ਚੋਲੇ ਦੀ ਕੈਦ ਵਿਚੋਂ ਕੱਢਕੇ ਪਲਾਂ ਵਿੱਚ ਹੀ ਪਰਮ ਅਨੰਦ ਦੀ ਬੁੱਕਲ ਵਿੱਚ ਬਿਠਾ ਦਿੱਤਾ। ਬਾਹਰ ਵਪਾਰੀ ਕਲਪ ਰਿਹਾ ਸੀ। ਜਦੋਂ ਉਸਦੇ ਸਬਰ ਦਾ ਬੰਨ੍ਹ ਟੁੱਟ ਗਿਆ ਤਾਂ ਕਿਸੇ ਹੋਰ ਪ੍ਰੇਮੀ ਜਿਹੜਾ ਨਮਸਕਾਰ ਕਰਨ ਜਾ ਰਿਹਾ ਸੀ ਹੱਥ ਸੁਨੇਹਾ ਭੇਜਿਆ ਕਿ ਚਿਟੇ ਸਫ਼ੈਦ ਜਿਹੇ ਗੁਰਮੁਖੀ ਬਾਣੇ ਵਿੱਚ ਮੇਰਾ ਨੌਕਰ ਬੈਠਾ ਹੋਵੇਗਾ, ਉਸਨੂੰ ਭੇਜ ਦੇਣਾ। ਪ੍ਰੇਮੀ ਨੇ ਨਮਸਕਾਰ ਕਰਕੇ ਉਸਨੂੰ ਪਹਿਚਾਣ

ਕੇ ਹੱਥ ਨਾਲ ਹਿਲਾ ਕੇ ਵਪਾਰੀ ਦਾ ਸੁਨੇਹਾ ਦੇ ਦਿੱਤਾ। ਪ੍ਰੇਮੀ ਤਾਂ ਬੈਠ ਗਿਆ ਪਰ ਅੱਜ ਇਸ ਗੁਰਮੁਖ ਨੌਕਰ ਨੂੰ ਪ੍ਰਤੀਤ ਹੋਇਆ ਕਿ ਜਿਵੇਂ ਮੈਨੂੰ ਕਿਸੇ ਅਗੰਮੀ ਮਹਿਮਾ ਤੇ ਰੱਬੀ ਨਜ਼ਾਰੇ ਲੈਂਦੇ ਹੋਏ ਨੂੰ ਕਿਸੇ ਨੇ ਆ ਕੇ ਫ਼ਰਸ਼ਾਂ 'ਤੇ ਪਟਕਾ ਕੇ ਮਾਰਿਆ ਹੋਵੇ। ਅਖ਼ੀਰ ਨੌਕਰ ਬਾਹਰ ਆਇਆ ਜਿਸਦੇ ਦੋਵੇਂ ਨੇਤਰਾਂ ਵਿਚੋਂ ਵੈਰਾਗ ਦਾ ਜਲ ਭਰਿਆ ਹੋਇਆ ਸੀ। ਵਪਾਰੀ ਆਪਣੇ ਸੁਭਾਅ ਮੁਤਾਬਿਕ ਟੁੱਟ ਕੇ ਪੈ ਗਿਆ ਕਿ ਤੈਨੂੰ ਪਤਾ ਹੈ ਕਿ ਅੱਜ ਮੈਨੂੰ ਕਿੰਨਾ ਘਾਟਾ ਪੈ ਸਕਦਾ ਹੈ। ਤੈਨੂੰ ਇਸ ਤਰ੍ਹਾਂ ਦੀ ਬੇਪ੍ਰਵਾਹੀ ਜਾਂ ਨੌਕਰੀ ਦੋਨਾਂ ਵਿਚੋਂ ਇਕ ਨੂੰ ਛੱਡ ਦੇਣਾ ਚਾਹੀਦਾ ਹੈ। ਨੌਕਰ ਨੇ ਬੜੇ ਅਦਬ ਨਾਲ ਚਾਬੀਆਂ ਅੱਗੇ ਕਰ ਦਿੱਤੀਆਂ ਕਿ ਚੰਗਾ ਵਿਰ ਮੈਂ ਅੱਜ ਤੋਂ ਅਜਿਹੀ ਨੌਕਰੀ ਛੱਡੀ, ਕਿਉਂਕਿ ਸੇਠ ਜੀ ਤੁਹਾਡਾ ਘਾਟਾ ਤਾਂ ਕਦੇ ਨਾ ਕਦੇ ਪੂਰਾ ਹੋ ਸਕਦਾ ਹੈ ਪਰ ਜਿਹੜਾ ਘਾਟਾ ਅੱਜ ਮੈਨੂੰ ਪੈ ਗਿਆ ਹੈ ਉਹ ਕਦੇ ਵੀ ਪੂਰਾ ਨਹੀਂ ਹੋ ਸਕਦਾ। ਜੇਕਰ ਕੁਝ ਪਲ ਅੱਜ ਤੁਸੀਂ ਹੋਰ ਉਡੀਕ ਲੈਂਦੇ ਤਾਂ ਪਤਾ ਨਹੀਂ ਗੁਰੂ ਪਾਤਿਸ਼ਾਹ ਜੀ ਜਨਮਾਂ ਜਨਮਾਂ ਦੇ ਵਿਛੁੜੇ ਨੂੰ ਮੇਲ ਲੈਂਦੇ ਤੇ ਸਾਰਾ ਆਵਾਗਵਨ ਹੀ ਮਿਟ ਜਾਂਦਾ। ਸੇਠ ਜੀ ਸੰਸਾਰ ਦੀ ਕਮਾਈ ਕਰਨੀ ਬਹੁਤ ਸੌਖੀ ਹੈ ਕਿਉਂਕਿ ਇਹ ਤਾਂ ਤਨ ਨਾਲ ਹੀ ਕਰਨੀ ਹੈ। ਨਾਲੇ ਦੋ ਪੈਸੇ ਘੱਟ ਜਾਂ ਵੱਧ, ਰੋਟੀ ਤਾਂ ਉਸ ਮਾਲਿਕ ਨੇ ਬਖ਼ਸ਼ ਹੀ ਦੇਣੀ ਹੈ, ਪਰ ਧਰਮ ਦੀ ਕਮਾਈ ਮਨ ਨਾਲ ਕਰਨੀ ਪੈਂਦੀ ਹੈ ਤੇ ਇਹ ਮਨ ਪਾਪੀ ਕਦੇ ਕਦਾਈਂ ਹੀ ਟਿਕਦਾ ਹੈ। ਨੌਕਰ ਪ੍ਰੇਮ ਵਿੱਚ ਭਿੱਜਿਆ ਰੋ ਰੋ ਕੇ ਆਪਣੀ ਵੀਚਾਰ ਦੱਸ ਰਿਹਾ ਸੀ ਕਿ ਤੁਹਾਡੇ ਕਾਰਨ ਮੈਨੂੰ ਉਹ ਘਾਟਾ ਪਿਆ ਹੈ ਜਿਹੜਾ ਮੈਂ ਬਿਆਨ ਵੀ ਨਹੀਂ ਕਰ ਸਕਦਾ। ਅੱਜ ਪਹਿਲਾ ਦਿਨ ਹੀ ਸੀ ਕਿ ਨੌਕਰ ਦਾ ਇਕ ਇਕ ਬੋਲ ਵਪਾਰੀ ਦੇ ਹਿਰਦੇ ਨੂੰ ਵਿੰਨ੍ਹਦਾ ਜਾ ਰਿਹਾ ਸੀ। ਵਪਾਰੀ ਸੋਚਣ ਲਈ ਮਜਬੂਰ ਹੋ ਗਿਆ ਕਿ ਮੇਰਾ ਕਰੋੜਾਂ ਰੁਪਏ ਦਾ ਵਪਾਰ ਹੈ ਪਰ ਫਿਰ ਵੀ ਮੈਂ ਕਿਤਨਾ ਕਲਪਦਾ ਰਹਿੰਦਾ ਹਾਂ। ਇਹ ਕੁਝ ਸੀਮਿਤ ਤਨਖ਼ਾਹ ਵਿੱਚ ਵੀ ਗੁਜ਼ਾਰਾ ਕਰਕੇ ਸ਼ਾਂਤੀ ਨਾਲ ਜੀਅ ਰਿਹਾ ਹੈ। ਮੇਰੇ ਨਾਲੋਂ ਕਿਤੇ ਵੱਧ ਖ਼ੁਸ਼ ਰਹਿੰਦਾ ਹੈ, ਮੇਰੇ ਨਾਲੋਂ ਸੁੱਖ ਦੀ ਨੀਂਦ ਸੌਂਦਾ ਹੈ। ਮੇਰੇ ਨਾਲੋਂ ਕਿਤੇ ਵੱਧ ਇਸ ਦਾ ਪ੍ਰੀਵਾਰ ਖ਼ੁਸ਼ ਹੈ। ਸਭ ਤੋਂ ਅਜੀਬ ਗੱਲ ਕਿ ਅੱਜ ਇਹ ਉਸ ਨੌਕਰੀ ਦੀ ਵੀ ਪ੍ਰਵਾਹ ਨਾ ਕਰਕੇ ਮੈਨੂੰ ਸਗੋਂ ਚਾਬੀਆਂ ਵਾਪਿਸ ਕਰ ਰਿਹਾ ਹੈ। ਵਪਾਰੀ ਗੱਡੀ ਵਿਚੋਂ ਉੱਤਰ ਕੇ ਨੌਕਰ ਕੋਲੋਂ ਦੋਵੇਂ ਹੱਥ ਜੋੜਕੇ ਮਾਫ਼ੀ ਮੰਗਣ ਲੱਗ ਪਿਆ ਤੇ ਜੱਫੀ ਵਿੱਚ ਲੈ ਕੇ ਕਹਿਣ ਲੱਗਾ ਕਿ ਚੱਲ ਅੱਜ ਮੈਨੂੰ ਵੀ ਦਰਸ਼ਨ ਕਰਵਾ ਜਿਸ ਗੁਰੂ ਨੇ ਤੈਨੂੰ ਅਜਿਹਾ ਭਰੋਸਾ ਅਤੇ ਸਬਰ ਬਖ਼ਸ਼ਿਆ ਹੈ। ਦੋਵੇਂ ਜਣੇ ਅੰਦਰ ਗਏ, ਮੱਥਾ ਟੇਕਿਆ ਤੇ ਹੋ ਰਹੀ ਅਰਦਾਸ ਵਿੱਚ ਸ਼ਾਮਿਲ ਹੋ ਗਏ। ਅਰਦਾਸ ਦੇ ਸ਼ਬਦ ਸਨ ਕਿ ਹੇ ਸਤਿਗੁਰੂ ਜੀ ! ਸਭ ਦੇ ਕਾਰਜ

ਰਾਸ ਕਰਨਾ। ਸਭਨਾਂ ਦੇ ਪ੍ਰੀਵਾਰਾਂ ਨੂੰ ਸੁੱਖ ਸ਼ਾਂਤੀ ਪ੍ਰਦਾਨ ਕਰੋ। ਆਖ਼ਿਰ ਅਰਦਾਸ ਹੋਈ, ਹੁਕਮ ਲਿਆ, ਹੁਕਮ ਰੂਪ ਵਿੱਚ ਅੰਮ੍ਰਿਤ ਬਚਨ ਨਸੀਬ ਹੋਇਆ ਕਿ :

ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ ॥
ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ ॥੧॥
ਸੇਵਕ ਕਉ ਨਿਕਟੀ ਹੋਇ ਦਿਖਾਵੈ ॥
ਜੋ ਜੋ ਕਹੈ ਠਾਕੁਰ ਪਹਿ ਸੇਵਕੁ ਤਤਕਾਲ ਹੋਇ ਆਵੈ ॥੧॥ ਰਹਾਉ ॥
ਤਿਸੁ ਸੇਵਕ ਕੈ ਹਉ ਬਲਿਹਾਰੀ ਜੋ ਅਪਨੇ ਪ੍ਰਭ ਭਾਵੈ ॥
ਤਿਸ ਕੀ ਸੋਇ ਸੁਣੀ ਮਨੁ ਹਰਿਆ ਤਿਸੁ ਨਾਨਕ ਪਰਸਣਿ ਆਵੈ ॥੨॥

(ਅੰਗ ੪੦੩)

ਸਾਰੀ ਸੰਗਤ ਨੂੰ ਪ੍ਰਸ਼ਾਦ ਵਰਤਾਇਆ ਗਿਆ, ਫਿਰ ਲੰਗਰ ਵਰਤਿਆ। ਵਪਾਰੀ ਨੇ ਅੱਜ ਪਹਿਲੀ ਵਾਰੀ ਕਲਪਨਾ ਰਹਿਤ ਅਨੰਦ ਮਾਣਿਆ ਸੀ। ਵਕਤ ਬਹੁਤ ਹੋ ਜਾਣ ਕਰਕੇ ਵਪਾਰੀ ਅੱਜ ਘਰ ਹੀ ਮੁੜ ਆਇਆ ਤਾਂ ਘਰ ਆਉਂਦਿਆਂ ਹੀ ਦੇਖਕੇ ਦੰਗ ਰਹਿ ਗਿਆ ਕਿਉਂਕਿ ਅੱਜ ਉਸਦਾ ਲੜਕਾ ਵੀ ਕੰਮ 'ਤੇ ਨਹੀਂ ਗਿਆ ਸੀ। ਵਪਾਰੀ ਨੇ ਕਾਰਨ ਪੁੱਛਿਆ ਤਾਂ ਲੜਕੇ ਨੇ ਦੱਸਿਆ ਕਿ ਪਿਤਾ ਜੀ, ਕਾਹਲੀ ਕਾਹਲੀ ਨਾਲ ਤੁਸੀਂ ਉਹ ਪੇਪਰ ਤਾਂ ਇਥੇ ਹੀ ਸੁੱਟ ਗਏ। ਜਦੋਂ ਮੈਂ ਦੇਖਿਆ ਤਾਂ ਮੈਂ ਮਗਰ ਭੱਜਿਆ ਪਰ ਤੁਸੀਂ ਪਤਾ ਨਹੀਂ ਕਿੱਧਰ ਚਲੇ ਗਏ। ਫਿਰ ਮੈਂ ਹੀ ਮੀਟਿੰਗ ਵਾਲੀ ਥਾਂ ਗਿਆ ਤਾਂ ਤੁਸੀਂ ਉਥੇ ਵੀ ਨਹੀਂ ਸੀ। ਮੈਂ ਉਡੀਕ ਕੇ ਆਪ ਹੀ ਕਾਗਜ਼ ਪੇਸ਼ ਕਰ ਦਿੱਤੇ ਤੇ ਖ਼ੁਸ਼ੀ ਦੀ ਗੱਲ ਹੈ ਕਿ ਇਹ ਵਪਾਰ ਦਾ ਆਰਡਰ ਆਪਾਂ ਨੂੰ ਮਿਲ ਗਿਆ। ਵਪਾਰੀ ਨਾਲੇ ਸੁਣ ਰਿਹਾ ਸੀ ਤੇ ਨਾਲੇ ਅੱਜ ਸੱਚੇ ਦਿਲੋਂ ਰੋ ਰਿਹਾ ਸੀ ਕਿ ਹੇ ਸਤਿਗੁਰੂ ਜੀ ! ਜਿਹੜਾ ਕਾਰਜ ਮੈਂ ਆਪਣੀ ਚਲਾਕੀ ਜਾਂ ਮਤਿ ਬੁਧਿ ਨਾਲ ਨਹੀਂ ਕਰ ਸਕਦਾ ਸੀ, ਉਹ ਤੁਸਾਂ ਆਪ ਹੀ ਕਰ ਦਿੱਤਾ ਹੈ। ਉਹ ਲੋਕ ਧਨ ਹਨ ਜਿਹੜੇ ਤੇਰੇ ਉਪਦੇਸ਼ਾਂ ਨੂੰ ਰੋਜ਼ ਕਮਾਉਂਦੇ ਹਨ। ਮੈਂ ਤਾਂ ਕੇਵਲ ਤੇਰੇ ਇਕ ਗੁਰਮੁਖ ਵੱਲ ਵੇਖਕੇ ਕੁਝ ਪਲ ਹੀ ਤੇਰੇ ਉਪਦੇਸ਼ ਦੀ ਕਮਾਈ ਕੀਤੀ ਹੈ। ਤੁਸੀਂ ਇਕ ਦਿਨ ਵਿੱਚ ਹੀ ਮੈਨੂੰ ਉਹ ਸੁਖ ਸ਼ਾਂਤੀ ਪ੍ਰਦਾਨ ਕਰ ਦਿੱਤੀ ਜਿਹੜੀ ਮੈਂ ਰੋਜ਼ ਸੰਸਾਰੀ ਮਾਇਆ ਦੀ ਕਰੋੜਾਂ ਰੁਪੈ ਦੀ ਕਮਾਈ ਕਰਕੇ ਵੀ ਪ੍ਰਾਪਤ ਨਹੀਂ ਕਰ ਸਕਿਆ।

ਸੋ ਭਾਈ ਗੁਰਦਾਸ ਜੀ ਆਖਦੇ ਹਨ ਕਿ ਉਹ ਹੀ ਗੁਰਮੁਖ ਸਹਜ ਦੀ ਅਵਸਥਾ ਵਿਚ ਸਮਾ ਸਕਦਾ ਹੈ ਜਿਹੜਾ ਸਿਦਕ ਤੇ ਭਰੋਸੇ ਨਾਲ ਗੁਰ ਉਪਦੇਸ਼ ਨੂੰ ਕਮਾਉਂਦਾ ਹੈ :

ਹਉਂ ਤਿਸ ਘੋਲਿ ਘੁਮਾਇਆ ਸਤਿਗੁਰ ਕਾ ਉਪਦੇਸ਼ ਕਮਾਵੈ ॥

ਸਤਿਗੁਰੂ ਜੀ ਦਾ ਤਾਂ ਹਰ ਕਰਮ ਭਾਵ ਹਰ ਇਸ਼ਾਰਾ ਵੀ ਉਪਦੇਸ਼ ਹੁੰਦਾ ਹੈ ਪਰ ਕੋਈ ਭਾਗਾਂ ਵਾਲਾ ਇਸਨੂੰ ਸਮਝਕੇ ਕਮਾ ਲਵੇ ਤਾਂ ਹਰ ਲੋਕ ਪ੍ਰਲੋਕ ਦਾ ਸੁੱਖ ਉਸ ਦੀ ਚਾਕਰੀ ਕਰਨ ਲਈ ਤਿਆਰ ਹੁੰਦਾ ਹੈ। ਇਤਿਹਾਸਿਕ ਪੰਨਿਆਂ ਵਿਚੋਂ ਇਕ ਪ੍ਰੇਮ ਭਿੱਜੀ ਰੂਹ ਦੇ ਦੀਦਾਰ ਕਰੀਏ, ਹੋ ਸਕਦਾ ਹੈ ਸਾਡੀ ਵੀ ਸ਼ਰਧਾ ਤੋਂ ਸੱਖਣੀ ਰੂਹ ਕਿਧਰੇ ਗੁਰੂ ਕ੍ਰਿਪਾ ਦੀ ਪਾਤਰ ਬਣ ਜਾਵੇ।

ਧੰਨ ਸਤਿਗੁਰੂ ਗੁਰੂ ਨਾਨਕ ਸਾਹਿਬ ਪਿਤਾ ਜੀ ਦੇ ਵੇਲੇ ਇਕੋ ਹੀ ਨਾਮ ਦੀਆਂ ਦੋ ਬ੍ਰਿਤੀਆਂ ਹਨ। ਇਕ ਸੰਸਾਰੀ ਅੱਖ ਅਤਿ ਦੀ ਗ਼ਰੀਬੀ ਹਾਲਤ ਵਿੱਚ ਵੇਖ ਰਹੀ ਹੈ ਪਰ ਉਹ ਅੰਦਰੋਂ ਇਤਨੀ ਰੱਜ ਗਈ ਕਿ ਸ਼ਾਇਦ ਕਰੋੜਾਂ ਵਿਚੋਂ ਅਜਿਹੀ ਰੂਹ ਪੈਦਾ ਹੁੰਦੀ ਹੋਵੇ। ਸੰਸਾਰ ਦੀ ਦੌਲਤ ਭਾਵੇਂ ਕੋਲ ਨਾ ਵੀ ਹੋਵੇ ਪਰ ਅਧਿਆਤਮਿਕ ਦੌਲਤ ਨਾਲ ਮਾਲਾ ਮਾਲ ਹੈ। ਇਸ ਸੁਭਾਗੀ ਰੂਹ ਦਾ ਨਾਮ ਵੀ ਦੌਲਤਾਂ ਦਾਈ ਹੈ। ਮਹਿਤਾ ਕਲਿਆਣ ਦਾਸ ਜੀ ਨੇ ਦੌਲਤ ਭਰਿਆ ਥਾਲ ਦੌਲਤਾਂ ਦਾਈ ਅੱਗੇ ਬਹੁਤ ਖ਼ੁਸ਼ੀਆਂ ਨਾਲ ਪੇਸ਼ ਕੀਤਾ ਪਰ ਇਸ ਰੂਹ ਨੇ ਅੱਜ ਜੋ ਧਨ ਗੁਰੂ ਨਾਨਕ ਨਿਰੰਕਾਰੀ ਪਿਤਾ ਦੇ ਦਰਸ਼ਨ ਕਰਕੇ ਪ੍ਰਾਪਤ ਕਰ ਲਿਆ ਸੀ, ਉਸਨੇ ਹੱਥ ਜੋੜਕੇ ਬੇਨਤੀ ਕੀਤੀ ਕਿ ਮਹਿਤਾ ਜੀ, ਮੈਨੂੰ ਇਹ ਦੌਲਤ ਦੀ ਬਜਾਇ ਰੱਬ ਅੱਗੇ ਅਰਜ਼ੋਈ ਕਰ ਕਿ ਜਿਹੜੀ ਦੌਲਤ ਤੇਰੇ ਪੁੱਤਰ ਕੋਲੋਂ ਨਸੀਬ ਹੋਈ ਹੈ ਉਹ ਮੇਰੇ ਕੋਲੋਂ ਕਦੇ ਨਾ ਗਵਾਚੇ। ਮਹਿਤਾ ਜੀ'ਅੱਜ ਮੈਂ ਰੱਜੀ ਵੀ ਗਈ ਅਤੇ ਅੱਜ ਮੈਂ ਕੱਜੀ ਵੀ ਗਈ।

ਦੂਜੇ ਪਾਸੇ ਇਥੇ ਹੀ ਦੌਲਤ ਖ਼ਾਂ ਨਵਾਬ ਹੈ ਜਿਸ ਕੋਲ ਸੰਸਾਰੀ ਅੱਖ ਕਹਿ ਰਹੀ ਹੈ ਕਿ ਕਿਸੇ ਕਿਸਮ ਦਾ ਕੋਈ ਘਾਟਾ ਨਹੀਂ। ਘਰ ਬਾਰ ਸਭ ਦੌਲਤ ਨਾਲ ਭਰਿਆ ਪਿਆ ਹੈ ਪਰ ਜਦੋਂ ਇਤਿਹਾਸ ਨੂੰ ਥੋੜ੍ਹਾ ਧਿਆਨ ਨਾਲ ਪੜ੍ਹੀਏ ਤਾਂ ਪ੍ਰਤੀਤ ਹੁੰਦਾ ਹੈ ਕਿ ਅਜਿਹਾ ਕੋਈ ਅੰਦਰੋਂ ਭੁੱਖਾ ਨਹੀਂ ਹੋਵੇਗਾ, ਜਿਹੜਾ ਲੋਕ ਪ੍ਰਲੋਕ ਦੀ ਦੌਲਤ ਦੇ ਮਾਲਿਕ ਨੂੰ ਬੁਲਾ ਕੇ ਕਹਿ ਰਿਹਾ ਹੈ ਕਿ ਮੇਰੇ ਨਾਲ ਮੋਦੀ ਖ਼ਾਨੇ ਦਾ ਹਿਸਾਬ ਕਿਤਾਬ ਕਰੋ ਕਿਉਂਕਿ ਮੈਨੂੰ ਲੱਗਦਾ ਹੈ ਕਿ ਤੇਰੇ ਕਾਰਨ ਮੈਨੂੰ ਘਾਟਾ ਹੀ ਨਹੀਂ ਬਲਕਿ ਮੇਰਾ ਮੋਦੀ ਖ਼ਾਨਾ ਹੀ ਉਜੜ ਜਾਵੇਗਾ।

ਇਕ ਰੂਹ ਨੇ ਪ੍ਰਕਾਸ਼ ਵੇਲੇ ਹੀ ਅਜਿਹਾ ਪ੍ਰਕਾਸ਼ ਪ੍ਰਾਪਤ ਕਰ ਲਿਆ ਕਿ ਜੰਮਣ ਮਰਣਾ ਹੀ ਕੱਟਿਆ ਗਿਆ, ਜੂਨੀਆਂ ਦੀ ਭਟਕਣਾ ਖ਼ਤਮ ਹੋ ਗਈ ਹਾਲਾਂਕਿ ਬਚਨ ਵੀ ਕੋਈ ਸਾਂਝਾ ਨਹੀਂ ਹੋਇਆ, ਚੁੱਪ ਦੀ ਭਾਸ਼ਾ ਹੀ ਸਭ ਕੁਝ ਕਹਿ ਗਈ। ਦੂਜੀ ਰੂਹ ਅੱਲਾਹ ਤਾਲ੍ਹਾ ਦੀ ਮਸਜਦ ਵਿੱਚ ਖਲੋ ਕੇ ਗੁਰੂ ਪਾਤਿਸ਼ਾਹ ਦੇ ਕੋਲ ਹੋ ਕੇ ਵੀ ਨਮਾਜ਼ ਪੜ੍ਹਦਿਆਂ ਵੀ ਜੂਨੀਆਂ ਦੀ ਭਟਕਣਾ ਤਾਂ ਕੀ ਮੁੱਕਣੀ ਸੀ ਸਗੋਂ ਮਨ ਦੀ ਭਟਕਣਾ ਵੀ ਖ਼ਤਮ ਨਹੀਂ ਹੋਈ। ਇਕ ਅਮੀਰ ਹੋ ਕੇ ਵੀ ਕੰਗਾਲ

ਹੈ ਪਰ ਦੂਜੇ ਪਾਸੇ ਇਕ ਗ਼ਰੀਬ ਹੋ ਕੇ ਵੀ ਅਤਿ ਦੀ ਅਮੀਰ ਬਣ ਗਈ। ਨਾਂ ਭਾਵੇ ਦੋਨਾਂ ਦਾ ਹੀ ਦੌਲਤ ਨਾਲ ਸੰਬੰਧ ਤੱਖਣ ਵਾਲਾ ਹੈ ਪਰ ਇਕ ਕੋਲ ਗੁਰੂ ਦੀ ਬਖ਼ਸ਼ੀ ਦੌਲਤ ਹੈ ਪਰ ਦੂਜੇ ਕੋਲ ਦੁਨਿਆਵੀ ਦੌਲਤ ਹੈ। ਫ਼ਰਕ ਸਿਰਫ਼ ਇਤਨਾ ਹੈ ਕਿ ਉਸ ਕੋਲ ਗੁਰੂ ਉਪਦੇਸ਼ ਦੀ ਬਰਕਤ ਹੈ। ਇਸੇ ਲਈ ਭਾਈ ਗੁਰਦਾਸ ਜੀ ਦੇ ਬਚਨ ਹਨ ਕਿ

ਹਉ ਤਿਸੁ ਘੋਲ ਘੁਮਾਇਆ ਸਤਿਗੁਰ ਕਾ ਉਪਦੇਸ਼ ਕਮਾਵੈ ॥

ਥੋੜਾ ਸਵੈ ਥੋੜਾ ਹੀ ਖਾਵੈ

ਹਰ ਸ਼ਕਤੀ ਦੀ ਸੰਚਾਲਕ ਇਕ ਸ਼ਕਤੀ ਹੁੰਦੀ ਹੈ। ਅਸਲ ਵਿੱਚ ਸੰਸਾਰ ਕਿਸੇ ਨਾ ਕਿਸੇ ਸ਼ਕਤੀ ਨਾਲ ਹੀ ਇਕ ਦੂਜੇ ਦਾ ਸਹਿਯੋਗੀ ਬਣਕੇ ਚਲ ਰਿਹਾ ਹੈ। ਸਰੀਰ ਵੀ ਇਕ ਸ਼ਕਤੀ ਹੈ ਜਿਹੜੀ ਖਾਣੇ ਰੂਪ ਤਾਕਤ ਨਾਲ ਚੱਲਦੀ ਰਹਿੰਦੀ ਹੈ। ਇਸੇ ਦੇ ਨਾਲ ਹੀ ਇਸ ਦਾ ਸੰਬੰਧ ਆਤਮਿਕ ਸ਼ਕਤੀ ਨਾਲ ਜੁੜਿਆ ਰਹਿੰਦਾ ਹੈ। ਅੱਜ ਆਪਾਂ ਗੱਲ ਸਰੀਰਕ ਸ਼ਕਤੀ ਨੂੰ ਚਲਦੀ ਫਿਰਦੀ ਰੱਖਣ ਵਾਲੀ ਸਰੀਰਕ ਸ਼ਕਤੀ ਦੀ ਕਰਨੀ ਹੈ।

ਖਾਣ ਦਾ ਇਤਿਹਾਸ ਵੀ ਮਨੁੱਖੀ ਇਤਿਹਾਸ ਦਾ ਹਾਣੀ ਹੈ। ਜਿਤਨਾ ਇਤਿਹਾਸ ਮਨੁੱਖ ਦਾ ਪੁਰਾਣਾ ਹੈ ਉਤਨਾ ਹੀ ਇਸ ਦੇ ਖਾਣ ਪਹਿਨਣ ਦਾ ਇਤਿਹਾਸ ਪੁਰਾਣਾ ਹੈ। ਹਰ ਧਰਮ, ਮਜ਼ਬ, ਕਬੀਲੇ ਜਾਂ ਦੇਸ ਜ਼ਾਤੀ ਜਿਸ ਦੇ ਆਧਾਰ 'ਤੇ ਵੀ ਇਹ ਆਪਣੀ ਵੰਡ ਪਾ ਕੇ ਬੈਠਾ ਹੈ ਉਸ ਅਨੁਸਾਰ ਹੀ ਇਸ ਨੇ ਆਪਣੇ ਖਾਣ ਪਹਿਨਣ ਦੇ ਨਿਯਮਾਂ ਨੂੰ ਘੜਿਆ ਹੋਇਆ ਹੈ। ਜੇ ਇਕ ਧਰਮ ਵਿੱਚ ਕਿਸੇ ਚੀਜ਼ ਦੇ ਖਾਣ 'ਤੇ ਪਾਬੰਧੀ ਹੈ ਤਾਂ ਦੂਜਾ ਧਰਮ ਉਸ ਨੂੰ ਖਾਣ ਦੀ ਆਗਿਆ ਦੇ ਦਿੰਦਾ ਹੈ। ਇਸ ਦੇ ਨਾਲ ਨਾਲ ਹੀ ਇਸ ਮਨੁੱਖ ਦੀ ਇਕ ਹੋਰ ਸਲਾਹਕਾਰ ਸਾਇੰਸ ਦੀ ਖੋਜ ਵੀ ਰਹੀ ਹੈ, ਜਿਹੜੀ ਹਮੇਸ਼ਾਂ ਹੀ ਆਪਣੇ ਤੌਰ ਤੇ ਮਨੁੱਖੀ ਜ਼ਾਤ ਨੂੰ ਖਾਣ ਪੀਣ ਪਹਿਨਣ ਦੀ ਸਲਾਹ ਦਿੰਦੀ ਰਹੀ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਅੱਜ ਤੱਕ ਵੀ ਮਨੁੱਖ ਨੂੰ ਨਾ ਖਾਣਾ ਆਇਆ ਹੈ ਅਤੇ ਨਾ ਹੀ ਪਹਿਨਣਾ ਆਇਆ ਹੈ। ਇਕ ਵਿਦਵਾਨ ਪੁਰਸ਼ ਨੇ ਆਪਣੀ ਵਿਦਿਆ ਦੇ ਖ਼ਜ਼ਾਨੇ ਵਿਚੋਂ ਇਕ ਬਚਨ ਬਹੁਤ ਕੀਮਤੀ ਕਿਹਾ ਹੈ ਕਿ ਇੰਨਾ ਕੂ ਖਾ ਕਿ ਤੇਰੇ ਸਰੀਰ ਦੀ ਤਾਕਤ ਬਣਕੇ ਇਸ ਨੂੰ ਚੱਲਣ ਫਿਰਨ ਯੋਗ ਬਣਾਏ ਰੱਖੇ ਭਾਵ ਇਹ ਤੇਰੇ ਸਰੀਰ ਦਾ ਵਜ਼ਨ ਚੁੱਕੇ। ਕਿਧਰੇ ਐਸਾ ਨਾ ਹੋਵੇ ਕਿ ਤੇਰੇ ਸਰੀਰ ਨੂੰ ਉਲਟਾ ਖਾਣੇ ਦਾ ਵਜ਼ਨ ਚੁੱਕਣਾ ਪੈ ਜਾਵੇ। ਇਸ ਦਾ ਭਾਵ ਹੈ ਕਿ ਸੰਸਾਰ ਵਿੱਚ ਦੋ ਤਰ੍ਹਾਂ ਦੇ ਹੀ ਲੋਕ ਹਨ-ਇਕ ਉਹ ਜਿਨ੍ਹਾਂ ਦੀ ਖ਼ੁਰਾਕ ਉਨ੍ਹਾਂ ਨੂੰ ਚੁੱਕੀ ਫਿਰਦੀ ਹੈ ਅਤੇ ਦੂਜੇ ਉਹ ਜਿਹੜੇ ਖ਼ੁਰਾਕ ਨੂੰ ਚੁੱਕੀ ਫਿਰਦੇ ਹਨ :

ਧ੍ਰਿਗੁ ਇਵੇਹਾ ਜੀਵਿਆ ਕਿਆ ਜੁਗ ਮਹਿ ਪਾਇਆ ਆਇ ॥

(ਅੰਗ ੫੧੦)

ਸ਼ੇਖ਼ ਸਾਅਦੀ ਜੀ ਦਾ ਬਚਨ ਹੈ ਕਿ ਇਤਨਾ ਵੀ ਨਾ ਖਾ ਕਿ ਉਲਟਾ ਮੂੰਹ

ਰਾਹੀਂ ਹੀ ਵਾਪਸ ਆਉਣ ਲੱਗ ਪਵੇ ਅਤੇ ਇਤਨਾ ਘੱਟ ਵੀ ਨਾ ਖਾ ਕਿ ਆਤਮਾ ਬਾਹਰ ਆਉਣ ਵਾਲੀ ਹੋ ਜਾਵੇ। ਭਾਵ ਥੋੜ੍ਹਾ ਖਾਵੇ ਜਾਂ ਸੰਜਮ ਵਿਚ ਖਾਵੇ। ਖਾਣੇ ਬਾਰੇ ਚਾਰ ਗੱਲਾਂ ਹਮੇਸ਼ਾ ਜ਼ਿੰਦਗੀ ਦਾ ਅੰਗ ਬਣਾਉਣੀਆਂ ਚਾਹੀਦੀਆਂ ਹਨ। ਪਹਿਲੀ ਗੱਲ ਮੈਂ ਕੀ ਖਾਵਾਂ, ਦੂਜੀ ਗੱਲ ਮੈਂ ਕਿੰਨਾ ਖਾਵਾਂ, ਤੀਜੀ ਵੀਚਾਰ ਮੈਂ ਕਦੋਂ ਖਾਵਾਂ, ਚੌਥੀ ਸਭ ਤੋਂ ਉੱਤਮ ਵੀਚਾਰ ਹੈ ਕਿ ਖਾ ਕੇ ਕੀ ਕਰਾਂ। ਸ਼ੇਖ਼ ਸਾਅਦੀ ਜੀ ਦਾ ਇਹ ਬਚਨ ਹੋਰ ਸਾਂਝ ਪਾਉਣ ਵਾਲਾ ਹੈ। ਉਹ ਆਖਦੇ ਹਨ ਕਿ ਐ ਮਨੁੱਖ! ਕਦੇ ਪਸ਼ੂ ਪੰਛੀਆਂ ਵੱਲ ਵੇਖ। ਉਹ ਜਦੋਂ ਵੀ ਕੁਝ ਖਾਣ ਲੱਗਦੇ ਹਨ ਤਾਂ ਉਹ ਪਹਿਲਾਂ ਸਿਰ ਨੀਵਾਂ ਕਰਦੇ ਹਨ ਫਿਰ ਖਾ ਸਕਦੇ ਹਨ। ਉਹ ਸਿਰ ਉੱਚਾ ਕਰਕੇ ਨਹੀਂ ਬਲਕਿ ਝੁਕਾ ਕੇ ਖਾਂਦੇ ਹਨ। ਭਾਵ ਸ਼ੁਕਰ ਪਹਿਲਾਂ ਕਰਦੇ ਹਨ ਅਤੇ ਖਾਂਦੇ ਮਗਰੋਂ ਹਨ ਪਰ ਮਨੁੱਖ ਨੂੰ ਧਰਤੀ ਦਾ ਸਿਕਦਾਰ ਹੋਣ ਕਰਕੇ ਛੁੱਟੀ ਦਿੱਤੀ ਸੀ ਕਿ ਤੂੰ ਸਿਰ ਝੁਕਾ ਕੇ ਨਹੀਂ ਬਲਕਿ ਸਿਰ ਉਠਾ ਕੇ ਖਾ ਪਰ ਖਾਣ ਮਗਰੋਂ ਤਾਂ ਦੇਣਹਾਰ ਦਾ ਧੰਨਵਾਦ ਕਰਨਾ ਤੇਰਾ ਕਿਰਦਾਰੀ ਫ਼ਰਜ਼ ਸੀ। ਤੇਰੀ ਜ਼ੁਬਾਨ ਨੂੰ ਇਤਨਾ ਰਸ ਪਦਾਰਥ ਭੋਗ ਕੇ ਕਹਿਣਾ ਬਣਦਾ ਹੈ ਕਿ :

ਤੂ ਦਾਤਾ ਦਾਤਾਰੁ ਤੇਰਾ ਦਿਤਾ ਖਾਵਣਾ ॥

(ਅੰਗ ੬੫੨)

ਇਕ ਨਗਰ ਵਿੱਚ ਇਕ ਫ਼ਕੀਰ ਰਹਿੰਦਾ ਸੀ। ਬਹੁਤ ਪਿਆਰਾ ਜੀਵਨ ਹੋਣ ਕਰਕੇ ਇਸ ਫ਼ਕੀਰ ਦਾ ਹਰ ਦਿਲ ਵਿੱਚ ਬੜਾ ਅਦਬ ਸਤਿਕਾਰ ਸੀ। ਰੱਬੀ ਬੰਦਗੀ ਨੇ ਜਿਥੇ ਹਿਰਦੇ ਘਰ ਨੂੰ ਗੁਣਾਂ ਦਾ ਮੰਦਰ ਬਣਾ ਦਿੱਤਾ ਸੀ ਉਥੇ "**ਬ੍ਰਹਮ ਗਿਆਨੀ ਪਰਉਪਕਾਰ ਉਮਾਹਾ ॥**" ਦੀ ਅਵਸਥਾ ਵੀ ਸੀ ਭਾਵ ਹਰ ਇਕ ਦੇ ਦੁੱਖ ਸੁੱਖ ਵੇਲੇ ਜਿਤਨੀ ਹੋ ਸਕਦੀ ਮਦਦ ਕਰਦਾ। ਸਮੇਂ ਦੀ ਨਿਰੰਤਰ ਚਾਲ ਦਾ ਅਸਰ ਸਾਰੇ ਸੰਸਾਰ 'ਤੇ ਪੈਂਦਾ ਹੈ। ਇਸ ਲਈ ਫ਼ਕੀਰ ਵੀ ਬਜ਼ੁਰਗੀ ਦੇ ਆਉਣ ਨਾਲ ਸਰੀਰਕ ਕਿਰਿਆ ਨਿਭਾਉਣ ਲਈ ਕੁਝ ਔਖ ਮਹਿਸੂਸ ਕਰਨ ਲੱਗਾ ਪਰ ਉਸ ਦੀ ਇਸ ਔਖ ਦਾ ਖ਼ਿਆਲ ਨਗਰ ਵਾਲਿਆਂ ਨੂੰ ਵਧੇਰੇ ਸੀ। ਉਨ੍ਹਾਂ ਨੇ ਇਕ ਚੰਗਾ ਸੁਘੜ ਜੁਆਨ, ਗੁਰਮੁਖਾਂ ਦੀ ਸੇਵਾ ਕਰਨ ਦਾ ਸ਼ੌਕੀਨ ਉਸ ਫ਼ਕੀਰ ਦੀ ਸੇਵਾ ਵਿੱਚ ਲਾ ਦਿੱਤਾ। ਇਹ ਚੇਲਾ ਹੁਣ ਦਿਨ ਰਾਤ ਡੇਰੇ 'ਤੇ ਰਹਿ ਕੇ ਸੇਵਾ ਕਰਨ ਲੱਗ ਪਿਆ। ਫ਼ਕੀਰ ਨੇ ਵੀ ਉਸ ਨੂੰ ਪਰਮਾਰਥੀ ਰਾਹ 'ਤੇ ਤੋਰਨ ਵਾਸਤੇ ਕੁਝ ਨਾ ਕੁਝ ਸਬਕ ਹਰ ਰੋਜ਼ ਦੇਣਾ ਅਤੇ ਸਮਝਾਉਣਾ ਕਿ ਭਾਈ ਅਸਲ ਵਿੱਚ ਫ਼ਕੀਰ ਦਾ ਅਰਥ ਹੈ ਹਰ ਦੁਨਿਆਵੀ ਬੰਧਨ ਤੋਂ ਆਪਣੇ ਆਪ ਨੂੰ ਆਜ਼ਾਦ ਰੱਖਣਾ। ਫ਼ਕੀਰ ਕਦੇ ਕਿਸੇ ਦਾ ਗ਼ੁਲਾਮ ਨਹੀਂ ਹੁੰਦਾ। ਉਹ ਕੇਵਲ ਇਕ ਰੱਬ ਦਾ ਹੀ ਗ਼ੁਲਾਮ ਹੁੰਦਾ ਹੈ। ਫ਼ਕੀਰ ਦੀ ਜ਼ਿੰਦਗੀ ਦੀ ਕਦੇ ਕੋਈ ਚੀਜ਼ ਅਜਿਹੀ ਲੋੜ ਨਹੀਂ ਬਣਨੀ

ਚਾਹੀਦੀ ਜਿਸ ਨਾਲ ਉਹ ਆਪਣੇ ਅਕੀਦੇ (ਮਕਸਦ) ਤੋਂ ਡੋਲ ਜਾਵੇ।

ਫ਼ਕੀਰ ਦਾ ਪ੍ਰਸ਼ਾਦਾ ਪਾਣੀ ਸਾਰਾ ਨਗਰ ਹੀ ਮਿਲਕੇ ਕਰਦਾ ਸੀ ਭਾਵ ਕਦੇ ਕਿਸੇ ਦੇ ਘਰੋਂ, ਕਦੇ ਕਿਸੇ ਦੇ ਘਰੋਂ, ਕੋਈ ਬੰਧਨ ਨਹੀਂ ਸੀ। ਸਾਰਾ ਕੁਝ ਠੀਕ ਠਾਕ ਚੱਲ ਰਿਹਾ ਸੀ। ਇਸ ਤਰ੍ਹਾਂ ਚਾਰ ਸਾਲ ਦਾ ਸਮਾਂ ਹੋਰ ਬੀਤ ਗਿਆ। ਇਕ ਦਿਨ ਫ਼ਕੀਰ ਨੇ ਕੁਝ ਨਗਰ ਦੇ ਦਾਨੇ ਲੋਕਾਂ ਨੂੰ ਬੁਲਾ ਕੇ ਬੇਨਤੀ ਕੀਤੀ ਕਿ ਭਾਈ ਇਸ ਨੌਜੁਆਨ ਨੂੰ ਹੁਣ ਤੁਸੀਂ ਲੈ ਜਾਵੋ। ਸਾਰੇ ਹੈਰਾਨ ਸਨ ਕਿ ਬਾਬਾ ਜੀ, ਹੁਣ ਤਾਂ ਸਗੋਂ ਤੁਹਾਨੂੰ ਜ਼ਿਆਦਾ ਜ਼ਰੂਰਤ ਹੈ ਪਰ ਫ਼ਕੀਰ ਬਾਰ ਬਾਰ ਕਹਿ ਰਿਹਾ ਸੀ। ਨਗਰ ਵਾਲਿਆਂ ਨੇ ਉਸ ਚੇਲੇ ਦੀ ਕੋਈ ਗ਼ਲਤੀ ਪੁੱਛੀ ਤਾਂ ਉਹ ਵੀ ਫ਼ਕੀਰ ਨੇ ਨਾਂਹ ਕਹਿਕੇ ਗੱਲ ਖ਼ਤਮ ਕਰ ਦਿੱਤੀ। ਹੁਣ ਹੱਥ ਜੋੜ ਜਦੋਂ ਸਾਰਾ ਨਗਰ ਹੀ ਮਿੰਨਤਾਂ ਕਰਨ ਲੱਗ ਪਿਆ ਕਿ ਆਖ਼ਿਰ ਤਾਂ ਕੋਈ ਨਾ ਕੋਈ ਗੱਲ ਜ਼ਰੂਰ ਹੋਈ ਹੈ ਤਾਂ ਫ਼ਕੀਰ ਕਹਿਣ ਲੱਗਾ ਕਿ ਭਾਈ ਮੇਰੀ ਸਭ ਤੋਂ ਵੱਡੀ ਇਕੋ ਸਿਖਿਆ ਸੀ ਕਿ ਕਦੇ ਕਿਸੇ ਦੇ ਗ਼ੁਲਾਮ ਨਹੀਂ ਹੋਣਾ। ਇਸ ਨੇ ਪਹਿਲੀ ਗ਼ੁਲਾਮੀ ਹੀ ਧਾਰਨ ਕਰ ਲਈ। ਹੁਣ ਇਸ ਤੋਂ ਅੱਗੇ ਗ਼ੁਲਾਮੀ ਦੀਆਂ ਜ਼ੰਜੀਰਾਂ ਹੋਰ ਪੱਕੀਆਂ ਹੋ ਜਾਣ, ਮੈਂ ਇਸ ਨੂੰ ਭੇਜ ਦੇਣਾ ਚਾਹੁੰਦਾ ਹਾਂ। ਫ਼ਕੀਰ ਨੇ ਗੱਲ ਖੋਹਲ ਕੇ ਦੱਸਦਿਆਂ ਆਖਿਆ ਕਿ ਇਹ ਕੇਵਲ ਇਕੋ ਘਰ ਤੋਂ ਪ੍ਰਸ਼ਾਦ ਪਾਣੀ ਲਿਆਉਣ ਲੱਗ ਪਿਆ ਹੈ, ਕਿਉਂਕਿ ਉਸ ਘਰ ਵਿੱਚ ਆਮ ਨਾਲੋਂ ਸੁਆਦਿਸ਼ਟ ਹੁੰਦਾ ਹੈ। ਜਿਹੜਾ ਅੱਜ ਰਸਨਾ ਦਾ ਗ਼ੁਲਾਮ ਹੋ ਗਿਆ ਉਹ ਕੱਲ ਵਿਕਾਰਾਂ ਦਾ ਗ਼ੁਲਾਮ ਵੀ ਹੋਵੇਗਾ। ਉਹ ਫਿਰ ਹੋਰ ਪਾਪਾਂ ਦੀ ਗ਼ੁਲਾਮੀ ਵਿੱਚ ਵੀ ਜਕੜਿਆ ਜਾਵੇਗਾ। ਸਭ ਤੋਂ ਪਹਿਲੀ ਗ਼ੁਲਾਮੀ ਹੁੰਦੀ ਹੀ ਰਸਾਂ ਕਸਾਂ ਦੀ ਹੈ। ਫ਼ਕੀਰ ਨੇ ਸਭ ਨੂੰ ਸਮਝਾਇਆ ਕਿ ਦੇਖੋ ਇਕ ਮਨੁੱਖ ਹੈ ਜਿਹੜਾ ਆਪਣੀ ਇਸ ਗ਼ੁਲਾਮੀ ਕਾਰਨ ਪਸ਼ੂਆਂ ਦਾ ਹੱਕ ਹੀ ਨਹੀਂ, ਪਸ਼ੂ ਵੀ ਖਾਂਦਾ ਹੈ। ਪੰਛੀਆਂ ਦਾ ਹੱਕ ਹੀ ਨਹੀਂ, ਪੰਛੀ ਵੀ ਖਾਂਦਾ ਹੈ। ਬਨਾਸਪਤੀ ਵਿਚੋਂ ਬਹੁਤਾ ਹਿੱਸਾ ਫਿਰ ਮਨੁੱਖ ਦੇ ਹਿਸੇ ਆਉਂਦਾ ਹੈ ਪਰ ਇਤਨਾ ਕੁਝ ਹੋ ਕੇ ਵੀ ਇਹ ਰੱਜਦਾ ਨਹੀਂ ਬਲਕਿ ਮਨੁੱਖ ਫਿਰ ਮਨੁੱਖਾਂ ਦੇ ਹੱਕ ਖਾਣ ਲੱਗ ਪੈਂਦਾ ਹੈ ਅਤੇ ਇਕ ਦਿਨ ਉਹ ਵੀ ਆ ਜਾਂਦਾ ਹੈ ਜਿਸ ਦਿਨ ਇਹ ਆਪਣੀ ਇਸ ਭੁੱਖ ਦੀ ਪੂਰਤੀ ਲਈ ਕਤਲ ਤੱਕ ਕਰਨ ਤੋਂ ਗੁਰੇਜ਼ ਨਹੀਂ ਕਰਦਾ ਪਰ ਇਹ ਸਭ ਕੁਝ ਇਸ ਨਿੱਕੀ ਜਿਹੀ ਘਟਨਾ ਤੋਂ ਸ਼ੁਰੂ ਹੁੰਦਾ ਹੈ, ਜਿਸ ਦਿਨ ਇਹ ਰਸਨਾ ਦਾ ਗ਼ੁਲਾਮ ਹੋ ਜਾਂਦਾ ਹੈ। ਫ਼ਕੀਰ ਲਈ ਤਾਂ ਜ਼ਰੂਰੀ ਹੈ ਕਿ ਇਹ ਥੋੜਾ ਸਵੈ ਥੋੜਾ ਹੀ ਖਾਵੈ ਦੀ ਮਰਿਯਾਦਾ ਦਾ ਪਾਲਨ ਕਰੇ। ਉਸ ਨੌਜੁਆਨ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੋ ਗਿਆ ਅਤੇ ਉਸਨੇ ਆਪਣਾ ਜੀਵਨ ਅਜ਼ਾਦ ਕਰ ਲਿਆ। ਫ਼ਕੀਰ ਨੇ ਅਜਿਹਾ ਵੇਖ ਸਾਰੇ ਡੇਰੇ ਦਾ ਮਾਲਿਕ ਬਣਾ ਦਿੱਤਾ। ਭਗਤ ਫ਼ਰੀਦ

ਜੀ ਦੇ ਅੰਮ੍ਰਿਤ ਬੋਲ ਹਨ ਕਿ :

ਸਿਦਕੁ ਸਬੂਰੀ ਸਾਦਿਕਾ ਸਬਰ ਤੋਸਾ ਮਲਾਇਕਾਂ ॥

(ਅੰਗ ੮੩)

ਹਰ ਤਾਕਤ ਦੇ ਖ਼ਰਚਦਿਆਂ ਉਸਦਾ ਘਟ ਜਾਣਾ ਇਹ ਕੁਦਰਤੀ ਨਿਯਮ ਹੈ, ਇਸੇ ਤਰ੍ਹਾਂ ਲੋੜਾਂ ਦੀ ਪੂਰਤੀ ਲਈ ਭੱਜ ਦੌੜ ਵਿਚ ਸਰੀਰਕ ਸ਼ਕਤੀ ਵੀ ਘਟ ਜਾਂਦੀ ਹੈ। ਫਿਰ ਇਸ ਦੀ ਪੂਰਤੀ ਲਈ ਵੀ ਕਾਦਰ ਨੇ ਅਸੂਲ ਬਣਾ ਦਿੱਤਾ। ਇਸ ਅਸੂਲ ਦਾ ਨਾਮ ਹੈ ਅਰਾਮ ਕਰਨਾ। ਮਾਇਆ ਦੀ ਲਾਲਸਾ ਨੇ ਮਾਇਆ ਦੇ ਪੁਜਾਰੀਆਂ ਵਿੱਚ ਇਸ ਕੁਦਰਤੀ ਨੇਮ ਨਾਲ ਵੀ ਲੜਨ ਲਈ ਪ੍ਰੇਰਨਾ ਪੈਦਾ ਕਰ ਦਿੱਤੀ। ਸਰੀਰਕ ਥਕਾਵਟ ਦੂਰ ਕਰਨ ਲਈ ਕਈ ਨਸ਼ੇ ਜਾਂ ਦਵਾਈਆਂ ਦੀ ਨਜਾਇਜ਼ ਵਰਤੋਂ ਕਰਕੇ ਸਰੀਰਕ ਥਕਾਵਟ ਤਾਂ ਦੂਰ ਕਰ ਲਈ ਪਰ ਮਾਨਸਿਕ ਥਕਾਵਟ ਲਈ ਇਸ ਨੂੰ ਕੁਝ ਸਮਾਂ ਆਪਣਾ ਆਪਾ ਬਿਸਤਰ ਦੇ ਹਵਾਲੇ ਕਰਨਾ ਹੀ ਪਿਆ। ਮਾਨਸਿਕ ਥਕਾਟਵ ਦੂਰ ਕਰਨ ਲਈ ਇਸ ਨੂੰ ਦੁਨੀਆਂ ਦੀ ਸੋਚ ਤੋਂ ਤੋੜਕੇ ਕਿਸੇ ਅਜਿਹੀ ਗਹਿਰੀ ਤੋਂ ਪਿਆਰੀ ਬੇਹੋਸ਼ੀ ਦੀ ਲੋੜ ਸੀ ਜਿਸ ਵਿੱਚ ਇਹ ਥਕਾਵਟ ਤਾਂ ਦੂਰ ਕਰ ਸਕੇ ਪਰ ਇਸ ਬੇਹੋਸ਼ੀ ਵਿੱਚ ਜ਼ਿੰਦਗੀ ਖ਼ਤਰੇ ਵਿੱਚ ਨਾ ਹੋਵੇ ਤਾਂ ਅਜਿਹੀ ਬੇਹੋਸ਼ੀ ਦੀ ਹਾਲਤ ਦਾ ਨਾਂ ਹੀ ਸਰੀਰਕ ਕ੍ਰਿਆਵਾਂ ਦਿਆਂ ਖੋਜੀਆਂ ਨੇ ਨੀਂਦ ਰੱਖਿਆ ਹੈ।

ਸਤਿਗੁਰੂ ਜੀ ਨੇ ਜੀਵਨ ਜਾਚ ਦਾ ਖ਼ਜ਼ਾਨਾ ਬਖ਼ਸ਼ਦਿਆਂ ਗੁਰਬਾਣੀ ਵਿੱਚ ਨੀਂਦ ਦੇ ਵੀ ਸੁਨਹਿਰੀ ਅਸੂਲ ਬਣਾ ਕੇ ਮਨੁੱਖਾ ਜ਼ਿੰਦਗੀ ਦੇ ਵਿੱਚ ਹੋਰ ਵੀ ਅੰਮ੍ਰਿਤ ਘੋਲ ਦਿੱਤਾ। ਅਸੀਂ ਆਮ ਵੇਖਦੇ ਹਾਂ ਕਿ ਬਚਪਨ ਵਿੱਚ ਬੱਚਾ ਕੁਝ ਵੀ ਕਰਨ ਯੋਗ ਨਹੀਂ ਹੁੰਦਾ ਸਗੋਂ ਆਪਣੀ ਵੀ ਕਿਰਿਆ ਕਰਨ ਲਈ ਕਿਸੇ ਦੂਜੇ ਦੇ ਆਸਰੇ ਹੁੰਦਾ ਹੈ। ਜੁਆਨੀ ਦੇ ਦਿਨ ਇਸ ਦੇ ਕੁਝ ਬਣਨ ਲਈ ਹੁੰਦੇ ਹਨ, ਇਸੇ ਲਈ ਇਨ੍ਹਾਂ ਦਿਨਾਂ ਵਿੱਚ ਨੀਂਦ ਘਟ ਜਾਂਦੀ ਹੈ ਪਰ ਬ੍ਰਿਧ ਅਵਸਥਾ ਵਿੱਚ ਫਿਰ ਕੁਝ ਸਰੀਰਕ ਕੰਮ ਘੱਟ ਜਾਣ ਕਰਕੇ ਰੱਬ ਨੇ ਕ੍ਰਿਪਾ ਕਰ ਦਿੱਤੀ। ਨੀਂਦਰ ਬਿਲਕੁਲ ਘੱਟ ਜਾਂਦੀ ਹੈ ਤਾਂਕਿ ਇਹ ਬਹੁਤਾ ਸਮਾਂ ਰੱਬ ਦੀ ਯਾਦ ਵਿਚ ਗੁਜ਼ਾਰ ਸਕੇ। ਬ੍ਰਿਧ ਅਵਸਥਾ ਵਿੱਚ ਸੰਸਾਰ ਦਾ ਵੀ ਮੋਹ ਨਤੀਜੇ ਕੱਢ ਕੱਢ ਕੇ ਜ਼ਿੰਦਗੀ ਨੂੰ ਪ੍ਰਮਾਰਥੀ ਰਾਹ 'ਤੇ ਤੁਰਨ ਦੀ ਪ੍ਰੇਰਨਾ ਕਰਨ ਲੱਗ ਪੈਂਦਾ ਹੈ। ਜਿਹੜੇ ਲੋਕ ਰੱਬੀ ਤਬਦੀਲੀ ਦੇ ਨਾਲ ਨਾਲ ਆਪਣਾ ਆਪਾ ਵੀ ਤਬਦੀਲ ਕਰ ਲੈਂਦੇ ਹਨ ਉਹ ਫਿਰ ਵੀ ਕੁਝ ਨਾ ਕੁਝ ਖੱਟ ਲੈਂਦੇ ਹਨ। ਭਾਈ ਗੁਰਦਾਸ ਜੀ ਦਾ ਬਚਨ ਹੈ।

ਜੈਸੇ ਨਾਉਂ ਬੂਡਤ ਸੈ ਜੋਊ ਬਚੈ ਸੋਈ ਭਲੋ,
ਬੂਡਿ ਗਏ ਪਾਛੈ ਪਛਤਾਇਓ ਰਹਿ ਜਾਤ ਹੈ।

ਜੈਸੇ ਘਰ ਲਾਗੈ ਆਗਿ ਜੋਈ ਬਚੈ ਸੋਈ ਭਲੋ,
ਜਰਿ ਬੁਝੈ ਪਾਛੈ ਕਛੁ ਬਸੁ ਨ ਬਸਾਤ ਹੈ ।
ਜੈਸੇ ਚੋਰ ਲਾਗੇ ਜਾਗੇ ਜੋਈ ਰਹੈ ਸੋਈ ਭਲੋ,
ਸੋਇ ਗਏ ਰੀਤੋ ਘਰ ਦੇਖੈ ਉਠਿ ਪ੍ਰਾਤ ਹੈ ।
ਤੈਸੇ ਅੰਤ ਕਾਲ ਗੁਰ ਚਰਨ ਸਰਨਿ ਆਵੈ,
ਪਾਵੈ ਮੋਖ ਪਦਵੀ ਨਾਤੁਰ ਬਿਲਲਾਤ ਹੈ ।

ਇਹ ਤਾਂ ਕਾਦਰ ਦੀ ਕੁਦਰਤ ਨੇ ਇਕ ਰਹਿਮਤ ਕੀਤੀ ਹੈ ਕਿ ਨੀਂਦ ਵੀ ਜ਼ਰੂਰੀ ਹੈ ਅਤੇ ਜ਼ਿੰਦਗੀ ਦੀ ਤਬਦੀਲੀ ਅਨੁਸਾਰ ਇਸ ਵਿੱਚ ਵੀ ਕੀਤਾ ਬਦਲਾਉ ਜ਼ਿੰਦਗੀ ਦੇ ਜ਼ਿੰਮੇ ਲੱਗਾ ਗੋਬਿੰਦ ਮਿਲਨ ਕੀ ਬਰੀਆ ਦਾ ਕਾਰਜ ਵੀ ਸਫਲ ਹੋ ਜਾਂਦਾ ਹੈ। ਭਾਵ ਜਾਗ ਕੇ ਸਿਮਰਨ ਕਰ ਸਕੇ, ਇਸ ਲਈ ਬ੍ਰਿਧ ਅਵਸਥਾ ਵਿੱਚ ਨੀਂਦ ਘੱਟ ਜਾਂਦੀ ਹੈ।

ਹਰ ਗੱਲ ਵਿੱਚ ਭੁੱਲ ਕਰਕੇ ਉਸਨੂੰ ਸੁਖਦਾਈ ਤੋਂ ਦੁਖਦਾਈ ਬਣਾ ਲੈਣ ਦਾ ਮਨੁੱਖੀ ਸੁਭਾਅ ਮੁੱਢ ਕਦੀਮਾਂ ਦਾ ਹੈ ਪਰ ਇਸ ਦੇ ਨਾਲ ਨਾਲ ਗੁਰੂ ਪਾਤਿਸ਼ਾਹ ਜੀ ਇਸ ਨੂੰ ਜੁਗਤਾਂ ਸਿਖ ਸਿਖਾ ਕੇ ਗਈ ਬਹੋੜੁ ਬੰਦੀਛੋੜੁ ਵੀ ਕਰਦੇ ਰਹਿੰਦੇ ਹਨ। ਮਨੁੱਖ ਨੇ ਸਰੀਰ ਤੇ ਦਿਮਾਗ ਨੂੰ ਤਾਜ਼ਾ ਕਰ ਦੇਣ ਵਾਲੀ ਇਸ ਰੱਬੀ ਦਾਤਿ ਨੂੰ ਵੀ ਜ਼ਹਿਰ ਵਰਗੀ ਬਣਾ ਦਿੱਤਾ ਹੈ। ਕੁਝ ਲੋਕ ਅਜਿਹੇ ਹਨ ਜਿਨ੍ਹਾਂ ਨੇ ਜੀਵਨ ਦੀਆਂ ਮੌਜਾਂ ਵਿੱਚ ਨੀਂਦ ਵੀ ਇਕ ਮੌਜ ਬਣਾ ਕੇ ਮਨੁੱਖੀ ਹੀਰੇ ਨੂੰ ਕੌਡੀਆਂ ਦੇ ਮੁੱਲ ਦਾ ਬਣਾ ਦਿੱਤਾ ਹੈ :

ਖਾਣਾ ਪੀਣਾ ਹਸਣਾ ਸਉਣਾ ਵਿਸਰਿ ਗਇਆ ਹੈ ਮਰਣਾ ॥
ਖਸਮੁ ਵਿਸਾਰਿ ਖੁਆਰੀ ਕੀਨੀ ਧ੍ਰਿਗੁ ਜੀਵਣੁ ਨਹੀ ਰਹਣਾ ॥੧॥

(ਅੰਗ ੧੨੫੪)

ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ ॥
ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ ॥੧॥

(ਅੰਗ ੧੫੬)

ਅਜਿਹੇ ਲੋਕਾਂ ਨੂੰ ਚੇਤਾਵਨੀ ਦਿੰਦਿਆਂ ਸ਼ਬਦ ਗੁਰੂ ਜੀ ਕਬੀਰ ਸਾਹਿਬ ਦੀ ਰਸਨਾ ਤੋਂ ਪ੍ਰਗਟ ਹੋ ਕੇ ਆਖਦੇ ਹਨ ਕਿ :

ਕਬੀਰ ਸੂਤਾ ਕਿਆ ਕਰਹਿ ਜਾਗੁ ਰੋਇ ਭੈ ਦੁਖ ॥
ਜਾ ਕਾ ਬਾਸਾ ਗੋਰ ਮਹਿ ਸੋ ਕਿਉ ਸੋਵੈ ਸੁਖ ॥੧੨੭॥
ਕਬੀਰ ਸੂਤਾ ਕਿਆ ਕਰਹਿ ਉਠਿ ਕਿ ਨ ਜਪਹਿ ਮੁਰਾਰਿ ॥
ਇਕ ਦਿਨ ਸੋਵਨੁ ਹੋਇਗੋ ਲਾਂਬੇ ਗੋਡ ਪਸਾਰਿ ॥੧੨੮॥

ਕਬੀਰ ਸੂਤਾ ਕਿਆ ਕਰਹਿ ਬੈਠਾ ਰਹੁ ਅਰੁ ਜਾਗੁ ॥
ਜਾ ਕੇ ਸੰਗ ਤੇ ਬੀਛੁਰਾ ਤਾ ਹੀ ਕੇ ਸੰਗਿ ਲਾਗੁ ॥੧੨੯॥

(ਅੰਗ ੧੩੭੧)

ਦੂਜੇ ਪਾਸੇ ਅਜਿਹੇ ਲੋਕ ਸਨ ਜਿਨ੍ਹਾਂ ਨੇ ਹੁਕਮ ਰਜ਼ਾਈ ਦੇ ਅਸੂਲ ਨੂੰ ਤੋੜਕੇ ਆਪਣੇ ਭਾਣੇ ਚੱਲਣ ਲਈ ਛਾਲਾਂ ਮਾਰੀਆਂ ਭਾਵ ਨੀਂਦ ਨਾਲ ਲੜਨ ਲੱਗ ਪਏ ਕਿ ਮੈਂ ਸਉਣਾ ਹੀ ਨਹੀਂ। ਸਤਿਗੁਰੂ ਜੀ ਨੇ ਇਥੇ ਹੀ ਰੱਬ ਵਿੱਚ ਸਮਾਉਣ ਲਈ ਇਸ ਦੀ ਜ਼ਿੰਦਗੀ ਵਿੱਚ ਫਿਰ ਸਹਿਜ ਪੈਦਾ ਕੀਤਾ ਤੇ ਸਮਝਾਇਆ ਕਿ :

ਸਹਜੇ ਜਾਗੈ ਸਹਜੇ ਸੋਵੈ ॥ ਗੁਰਮੁਖਿ ਅਨਦਿਨੁ ਉਸਤਤਿ ਹੋਵੈ ॥

(ਅੰਗ ੬੪੬)

ਨਾਲ ਹੀ ਇਹ ਵੀ ਕਿਰਪਾ ਕਰ ਦਿੱਤੀ ਕਿ ਕਦੋਂ ਜਾਗਣਾ ਅਤੇ ਕਦੋਂ ਸੌਣਾ ਹੈ। ਪਾਵਨ ਪਵਿੱਤਰ ਬਚਨ ਹੈ ਕਿ :

ਜਾਗਨਾ ਜਾਗਨ ਨੀਕਾ ਹਰਿ ਕੀਰਤਨ ਮਹਿ ਜਾਗਨਾ ॥

(ਅੰਗ ੧੦੧੮)

ਫਰੀਦਾ ਪਿਛਲ ਰਾਤਿ ਨ ਜਾਗਿਓਹਿ ਜੀਵਦੜੋ ਮੁਇਓਹਿ ॥
ਜੇ ਤੈ ਰਬੁ ਵਿਸਾਰਿਆ ਤ ਰਬਿ ਨ ਵਿਸਰਿਓਹਿ ॥੧੦੭॥

(ਅੰਗ ੧੩੮੩)

ਸਤਿਗੁਰੂ ਜੀ ਨੇ ਕਿਰਪਾ ਕਰਕੇ ਮਨੁੱਖਾ ਜ਼ਿੰਦਗੀ ਦਾ ਇਕ ਇਕ ਸੁਆਸ ਕੀਮਤੀ ਹੋਣ ਕਰਕੇ ਇਸ ਦੀ ਨੀਂਦ ਵੀ ਸੁਭਾਗੀ ਬਣਾਉਣ ਵਾਸਤੇ ਜੀਵ ਦੀ ਅੰਦਰੂਨੀ ਕਲਾ ਨੂੰ ਰੱਬੀ ਰੰਗ ਵਿੱਚ ਅਜਿਹੇ ਢੰਗ ਨਾਲ ਰੰਗ ਦਿੱਤਾ ਕਿ ਰਾਤ ਦੇ ਸੁਪਨੇ ਵਿੱਚ ਵੀ ਆਤਮਾ ਨਿਰੰਕਾਰ ਦੇ ਮਿਲਾਪ ਦਾ ਹੀ ਕਿਆਸ ਕਰ ਸਕੇ। ਸੁਪਨੇ ਵੀ ਪਰਮਾਤਮਾ ਦੀ ਯਾਦ ਨਾਲ ਜੁੜੇ ਹੋਣ ਕਰਕੇ ਉਹ ਵੀ ਗੁਰਮੁਖ ਦੀ ਭਗਤੀ ਹੀ ਬਣ ਜਾਂਦੇ ਹਨ। ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਅਸੀਸ ਰੂਪ ਉਪਦੇਸ਼ 'ਤੇ ਚੱਲਣ ਵਾਲਾ ਜਗਿਆਸੂ ਨਾ ਤਾਂ ਨਿਰਾ ਨੀਂਦ ਵਿੱਚ ਹੀ ਜ਼ਿੰਦਗੀ ਦੇ ਦਮਾਂ ਨੂੰ ਰੋਲਦਾ ਹੈ ਅਤੇ ਨਾ ਹੀ ਉਨੀਂਦਰਾ ਰਹਿ ਕੇ ਰੱਬੀ ਰਸ ਤੋਂ ਟੁੱਟਦਾ ਹੈ। ਉਹ ਤਾਂ ਸਗੋਂ ਆਉ ਸੁਭਾਗੀ ਨੀਦੜੀਏ ਨੂੰ ਅਵਾਜ਼ ਮਾਰਕੇ ਸੌਂਦਾ ਹੈ ਤੇ ਉਠਦੇ ਵੀ ਵਾਹ ਕਰੰਨਿ ਵਾਂਗੂੰ ਫਿਰ ਸਿਮਰਨ ਵਾਤਿ (ਮੁਖ ਵਿੱਚ ਸਿਮਰਨ) ਨਾਲ ਜੁੜ ਜਾਂਦਾ ਹੈ। ਕਲਗੀਧਰ ਪਿਤਾ ਜੀ ਦਾ ਬਚਨ ਹੈ ਕਿ :

ਅਲਪ ਅਹਾਰਿ ਸੁਲਪ ਸੀ ਨਿੰਦਰਾ, ਦਇਆ ਛਿਮਾ ਤਨ ਪ੍ਰੀਤ ॥

ਜਾਂ

ਹਉ ਤਿਸ ਘੋਲਿ ਘੁਮਾਇਆ ਥੋੜਾ ਸਵੈ ਥੋੜਾ ਹੀ ਖਾਵੈ ॥

ਭਾਈ ਗੁਰਦਾਸ ਜੀ ਨੇ ਇਸ ਪਉੜੀ ਦੀਆਂ ਬਾਕੀ ਪੰਕਤੀਆਂ ਵਿੱਚ ਇਕ ਇਕ ਸ਼ੁਭ ਕਰਮ ਕਮਾਉਣ ਦੀ ਪ੍ਰੇਰਨਾ ਦੇ ਕੇ ਸਹਿਜ ਵਿੱਚ ਜਾਂ ਰੱਬ ਵਿੱਚ ਅਭੇਦਤਾ ਲਈ ਸ਼ੁਭ ਬਚਨਾਂ ਦੀ ਸਾਂਝ ਪਾਈ ਹੈ ਪਰ ਇਸ ਪੰਕਤੀ ਵਿੱਚ ਇਹ ਵਿਚਾਰ ਵੀ ਖਾਸ ਧਿਆਨ ਮੰਗਦੀ ਹੈ ਕਿ ਇਥੇ ਥੋੜਾ ਸਵੈ ਤੋੜਾ ਹੀ ਖਾਵੈ। ਇਨ੍ਹਾਂ ਦੋਹਾਂ ਗੁਣਾਂ ਨੂੰ ਇਕੱਠਿਆਂ ਕਿਉਂ ਕਰ ਦਿੱਤਾ ਹੈ। ਪਹਿਲਾਂ ਤਾਂ ਇਸ ਦਾ ਉਹੋ ਸਾਦਗੀ ਭਰਿਆ ਜਵਾਬ ਸਾਹਮਣੇ ਆਉਂਦਾ ਹੈ, ਜਿਸਨੂੰ ਸਦੀਆਂ ਤੋਂ ਦਾਨੇ ਪੁਰਖ ਕਮਾਉਂਦੇ ਹਨ ਕਿ ਜੈਸਾ ਅੰਨਿ ਵੈਸਾ ਮਨ। ਪਰ ਇਸ ਦੇ ਨਾਲ ਹੋਰ ਵੀ ਵੀਚਾਰ ਬੜੀ ਗਹਿਰਾ ਰੂਪ ਲਈ ਬੈਠੀ ਹੈ। ਭਾਰੀ ਖ਼ੁਰਾਕ ਭਾਰੀ ਕੰਮ ਕਾਜ ਵੀ ਮੰਗਦੀ ਹੈ। ਹਲਕਾ ਕੰਮ ਕਰਨ ਵਾਲਾ ਭਾਰੀ ਖ਼ੁਰਾਕ ਨਹੀਂ ਖਾ ਸਕਦਾ ਤੇ ਭਾਰੀ ਕੰਮ ਕਰਨ ਵਾਲਾ ਹਲਕੀ ਖ਼ੁਰਾਕ ਨਾਲ ਗੁਜ਼ਾਰਾ ਨਹੀਂ ਕਰ ਸਕਦਾ। ਬੰਦਗੀ ਦੇ ਰਾਹ ਵਿੱਚ ਭਾਰੀ ਖ਼ੁਰਾਕ ਆਲਸ ਪੈਦਾ ਕਰਦੀ ਹੈ। ਜਦੋਂ ਜੀਵ ਹਾਲੇ ਦੁਨਿਆਵੀ ਨੀਂਦ ਵਿਚੋਂ ਹੀ ਨਹੀਂ ਜਾਗਿਆ ਫਿਰ ਉਹ ਕਦੋਂ "**ਸੁਤੜੇ ਅਸੰਖ ਮਾਇਆ ਝੂਠੀ ਕਾਰਣੇ ॥**" ਵਿਚੋਂ ਜਾਗੇਗਾ ? ਫਿਰ ਇਸ ਤੋਂ ਵੀ ਅੱਗੇ ਵਿਕਾਰਾਂ ਦੀ ਦੁਨੀਆਂ ਵਿੱਚੋਂ ਜਾਗਣਾ :

ਨੈਨਹੁ ਨੀਦ ਪਰ ਦ੍ਰਿਸਟਿ ਵਿਕਾਰ ॥
ਸ੍ਰਵਣ ਸੋਏ ਸੁਣਿ ਨਿੰਦ ਵੀਚਾਰ ॥
ਰਸਨਾ ਸੋਈ ਲੋਭਿ ਮੀਠੈ ਸਾਦਿ ॥
ਮਨੁ ਸੋਇਆ ਮਾਇਆ ਬਿਸਮਾਦਿ ॥੧॥
ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ ॥
ਸਾਬਤੁ ਵਸਤੁ ਓਹੁ ਅਪਨੀ ਲਹੈ ॥੧॥ ਰਹਾਉ ॥

(ਅੰਗ ੧੮੨)

ਕਿਧਰੇ ਅਜਿਹਾ ਨਾ ਹੋਵੇ ਕਿ ਅਨੇਕਾਂ ਜਨਮਾਂ ਦੇ ਤਰਸਦੇ ਨੂੰ ਮਨੁੱਖੀ ਜਨਮ ਮਿਲਿਆ ਅਤੇ ਇਸ ਜਨਮ ਨੂੰ ਪਾ ਕੇ ਕਾਦਰ ਵੱਲੋਂ ਰਚੇ ਇਸ ਕੁਦਰਤਿ ਦੇ ਮੇਲੇ ਵਿਚੋਂ ਪ੍ਰਮਾਤਮਾ ਨੂੰ ਮਿਲਣ ਦੀ ਬਜਾਇ ਜੀਵ ਉਦੋਂ ਹੀ ਜਾਗੇ ਜਦੋਂ "**ਜਮ ਕਾ ਡੰਡੁ ਮੂੰਡ ਮਹਿ ਲਾਗੈ।**" ਇਸ ਲਈ ਇਹ ਦੋਵੇਂ ਗੁਣ ਆਮ ਕਰਕੇ ਇਕੱਠੇ ਹੀ ਆਉਂਦੇ ਹਨ ਕਿ:

ਥੋੜਾ ਸਵੈ ਥੋੜਾ ਹੀ ਖਾਵੈ ॥

ਅਲਪ ਅਹਾਰ ਦਾ ਧਾਰਨੀ ਹੀ ਆਪਣੀ ਸੋਚ ਨੂੰ ਆਲਸ, ਵਿਕਾਰਾਂ ਅਤੇ ਪਾਪਾਂ ਤੋਂ ਨਿਗਰ, ਨਿਰੋਈ ਅਤੇ ਅਰੋਗ ਰੱਖ ਸਕਦਾ ਹੈ। ਭਾਈ ਗੁਰਦਾਸ ਜੀ ਵਰਗੀ ਪਵਿੱਤਰ ਹਸਤੀ ਉਸ ਤੋਂ ਕੁਰਬਾਨ ਜਾਂਦੀ ਹੈ ਜਿਸਨੇ ਰਸਨਾ ਅਤੇ ਮਨ ਦੀ ਗ਼ੁਲਾਮੀ ਤੋਂ ਅਜ਼ਾਦੀ ਪ੍ਰਾਪਤ ਕਰਕੇ ਸਿਰਫ਼ ਸਰੀਰਕ ਲੋੜ ਲਈ ਖਾਧਾ ਹੈ

ਅਤੇ ਸਰੀਰਕ ਲੋੜ ਅਨੁਸਾਰ ਸੌਂ ਕੇ ਬਾਕੀ ਇਸ ਹੀਰੇ ਵਰਗੇ ਜਨਮ ਨਾਲ ਪ੍ਰਮਾਤਮਾ ਦੇ ਨਾਮ ਰੂਪ ਹੀਰੇ ਨਾਲ ਵਟਾ ਕੇ ਨਿਰੰਕਾਰ ਦੇ ਘਰ ਆਪਣਾ ਮੁਖ ਉਜਲਾ ਕਰ ਲਿਆ ਹੈ।

ਹਉ ਤਿਸ ਘੋਲਿ ਘੁਮਾਇਆ ਥੋੜਾ ਸਵੈ ਥੋੜਾ ਹੀ ਖਾਵੈ ॥

ਅੰਮ੍ਰਿਤ ਬੋਲ ਉਚਾਰਣ ਕਰਨ ਵਾਲੀ ਰਸਨਾ ਭਾਵੇਂ ਸ਼ੇਖ਼ ਫ਼ਰੀਦ ਜੀ ਦੀ ਹੈ ਪਰ ਵੀਚਾਰ ਸਾਡੇ ਵਰਗੇ ਰਸਨਾ ਦੀ ਗ਼ੁਲਾਮੀ ਅਤੇ ਮਨ ਦੇ ਕਮਜ਼ੋਰ ਨੂੰ ਹੌਸਲਾ ਦੇਣ ਵਾਲੀ ਹੈ ਕਿ ਜੇਕਰ ਸਖ਼ਤ ਮਿਹਨਤ ਦੀ ਰੋਟੀ ਅਤੇ ਚੰਗੀ ਤਿੱਖੀ ਭੁੱਖ ਲੱਗੇ ਤੋਂ ਛਕੇਂਗਾ ਤਾਂ ਚੇਤਾ ਰੱਖਣ ਵਾਲੀ ਗੱਲ ਹੈ ਕਿ ਫਿਰ ਰੁੱਖੀ ਮਿੱਸੀ ਵੀ ਇਤਨਾ ਸੁੱਖ ਅਤੇ ਆਰਾਮ ਦੇਵੇਗੀ ਕਿ ਜਿਸ ਨਾਲ ਦੁਨੀਆਂ ਤਾਂ ਕੀ, ਜਮ ਕੋਲ ਵੀ ਤਾਕਤ ਨਹੀਂ ਕਿ ਕੋਈ ਦੁੱਖ ਦੇ ਸਕੇ :

ਫਰੀਦਾ ਰੋਟੀ ਮੇਰੀ ਕਾਠ ਕੀ ਲਾਵਣੁ ਮੇਰੀ ਭੁਖ ॥
ਜਿਨਾ ਖਾਧੀ ਚੋਪੜੀ ਘਣੇ ਸਹਨਿਗੇ ਦੁਖ ॥੨੮॥
ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ ॥
ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ ॥੨੯॥

(ਅੰਗ ੧੩੭੯)

ਇਥੇ ਬਹੁਤ ਜ਼ਰੂਰੀ ਵੀਚਾਰਾਂ ਨਾਲ ਇਸ ਲੇਖ ਦੀ ਵੀਚਾਰ ਨੂੰ ਸਮਾਪਤ ਕਰਨਾ ਚਾਹੁੰਦਾ ਹਾਂ। ਉਹ ਵੀਚਾਰ ਹੈ ਕਿ ਕਿਸੇ ਦਾ ਪ੍ਰਸ਼ਾਦਾ ਛਕਣਾ ਜਾਗਦੇ ਨੂੰ ਵੀ ਸੁਆ ਸਕਦਾ ਹੈ ਜਿਵੇਂ ਦੁਨੀ ਚੰਦ ਦਾ ਪ੍ਰਸ਼ਾਦਾ ਛੱਕਣਾ ਹੈ। ਗੁਰੂ ਜੀ ਕੋਲ ਰਹਿੰਦਾ ਹੋਇਆ ਵੀ ਅਗਿਆਨਤਾ ਦੀ ਨੀਂਦਰ ਵਿੱਚ ਸੁੱਤਾ ਰਿਹਾ ਪਰ ਦੂਜੇ ਪਾਸੇ ਭਾਈ ਲਾਲੋ ਦਾ ਪ੍ਰਸ਼ਾਦਾ ਮਲਕ ਭਾਗੋ ਵਰਗੇ ਨੂੰ ਜਗਾ ਸਕਦਾ ਹੈ। ਅਕਬਰ ਦਾ ਪ੍ਰਸ਼ਾਦਾ ਇਕੋ ਵਾਰੀ ਗੁਰੂ ਕੇ ਲੰਗਰ ਵਿਚੋਂ ਛਕਣਾ ਅਜਿਹਾ ਜਗਾ ਸਕਦਾ ਹੈ ਕਿ ਉਸਦਾ ਅੰਦ੍ਰਲਾ ਦੁਹਾਈਆਂ ਪਾਉਣ ਲੱਗ ਜਾਵੇ ਕਿ ਅਕਬਰ, ਜੇਕਰ ਜ਼ਿੰਦਗੀ ਸਫਲ ਕਰਨੀ ਹੈ ਤਾਂ ਇਥੇ ਜਗੀਰਾਂ ਭੇਟ ਕਰ। ਇਕ ਵਾਰੀ ਦਾ ਪ੍ਰਸ਼ਾਦਾ ਵੀ ਸਰਕਾਰੀ ਹਕੂਮਤ ਦਾ ਨਸ਼ਾ ਉਤਾਰ ਕੇ ਸੱਚ ਦੇ ਘਰ ਦੀ ਸੇਵਾ ਲਈ ਪ੍ਰੇਰ ਸਕਦਾ ਹੈ। ਦੂਸਰੀ ਵੀਚਾਰ ਹੈ ਕਿ ਸੇਵਾ ਪੰਥੀਆਂ ਦੇ ਇਤਿਹਾਸ ਵਿੱਚ ਇਕ ਬਹੁਤ ਉੱਘੇ ਅਤੇ ਸੱਚੇ ਸੁੱਚੇ ਜੀਵਨ ਦੇ ਧਾਰਨੀ ਭਾਈ ਸੇਵਾ ਰਾਮ ਜੀ ਹੋਏ ਹਨ। ਇਹ ਹਰ ਰੋਜ਼ ਕਸ਼ਮੀਰ ਮੁਜ਼ੱਫਰ ਨਗਰ ਵਿੱਚ ਇਕ ਸੜਕ ਦੇ ਕਿਨਾਰੇ ਪ੍ਰਸ਼ਾਦਾ ਪਾਣੀ ਤਿਆਰ ਕਰਕੇ ਲਿਆਉਂਦੇ ਅਤੇ ਆਉਂਦੇ ਜਾਂਦੇ ਰਾਹੀਆਂ ਦੀ ਸੇਵਾ ਭਾਵਨਾ ਬਹੁਤ ਹੀ ਪਿਆਰ ਨਾਲ ਕਰਦੇ। ਕਿਸੇ ਨੂੰ ਵੀ ਲੰਗਰ ਤੋਂ ਬਿਨਾਂ ਜਾਣ ਨਹੀਂ ਦਿੰਦੇ ਸਨ। ਇਕ ਦਿਨ ਇਕ ਪ੍ਰੇਮੀ ਨੇ ਪੁੱਛ ਹੀ ਲਿਆ ਕਿ ਭਾਈ ਸਾਹਿਬ ਜੀ, ਆਪ ਜੀ ਹੋਰ ਗੁਰਮੁਖ

ਪਿਆਰਿਆਂ ਨੂੰ ਪ੍ਰਸ਼ਾਦਾ ਪਾਣੀ ਬੜੇ ਪਿਆਰ ਨਾਲ ਛਕਾਉਂਦੇ ਹੋ ਪਰ ਆਪ ਖ਼ੁਦ ਬਹੁਤ ਥੋੜ੍ਹਾ ਜਿਹਾ ਖਾਂਦੇ ਹੋ ਤਾਂ ਸਾਹਿਬ ਜੀ ਨੇ ਬਹੁਤ ਹੀ ਕਮਾਲ ਦਾ ਜਵਾਬ ਦਿੱਤਾ ਸੀ ਕਿ ਜਦੋਂ ਕਿਸੇ ਬਾਗ਼ੀ ਰਾਜੇ ਨੂੰ ਕਾਬੂ ਕਰਨਾ ਹੋਵੇ ਤਾਂ ਉਸ ਦੀ ਫ਼ੌਜ ਨੂੰ ਕਮਜ਼ੋਰ ਕਰਨਾ ਪਹਿਲਾ ਕੰਮ ਹੈ। ਇਹ ਫੌਜ ਕਮਜ਼ੋਰ ਤਾਂ ਹੁੰਦੀ ਹੈ ਜਦੋਂ ਇਸ ਦਾ ਰਾਸ਼ਨ ਪਾਣੀ ਬੰਦ ਕਰ ਦਿੱਤਾ ਜਾਵੇ, ਸੋ ਇਸ ਲਈ ਮਨ ਬਾਗ਼ੀ ਰਾਜਾ ਹੈ, ਇਸ ਦੇ ਮਨ ਭਾਉਂਦੇ ਰਸ ਕਸ ਸਭ ਕੁਝ ਬੰਦ ਕਰ ਦਿੱਤੇ ਹਨ। ਇਹ ਮਨ ਰੂਪ ਰਾਜਾ ਹੁਣ ਤਦ ਹੀ ਕਾਬੂ ਵਿੱਚ ਆਵੇਗਾ। ਫ਼ਕੀਰਾਂ ਨੇ ਯਾਦ ਰੱਖਣਾ, ਆਪੇ ਨੂੰ ਜਿੱਤ ਕੇ ਸਾਰੇ ਸੰਸਾਰ ਨੂੰ ਜਿੱਤ ਲਿਆ ਹੁੰਦਾ ਹੈ ਪਰ ਮਨ ਦਾ ਕਮਜ਼ੋਰ, ਬਹੁਤਾ ਖਾਣ ਅਤੇ ਬਹੁਤਾ ਆਲਸੀ ਹੋ ਕੇ ਜੀਵਨ ਦੀ ਬਾਜ਼ੀ ਹਾਰ ਜਾਂਦਾ ਹੈ। ਉਸੇ ਲਈ ਬਚਨ ਹਨ :

ਹਉ ਤਿਸ ਘੋਲਿ ਘੁਮਾਈ......

ਗੁਰਮੁਖਿ ਸੋਈ ਸਹਜ ਸਮਾਵੈ

ਹਰ ਬੰਦੇ ਨੂੰ ਜ਼ਿੰਦਗੀ ਵਿੱਚ ਇਕ ਤਜਰਬਾ ਅਵੱਸ਼ ਹੋਇਆ ਹੋਵੇਗਾ, ਭਾਵੇਂ ਉਹ ਕਿਸੇ ਵੀ ਧਾਰਮਿਕ, ਰਾਜਨੀਤਕ, ਸਮਾਜਿਕ ਜਾਂ ਕਿਸੇ ਵੀ ਖੇਤਰ ਵਿੱਚ ਵਿਚਰਦਾ ਰਿਹਾ ਹੋਵੇ। ਉਹ ਤਜਰਬਾ ਹੈ ਕਿ ਜਿਹੜੀ ਚੀਜ਼ ਉਹ ਲੈਣ ਲਈ ਘਰੋਂ ਚੱਲਿਆ ਹੋਵੇ ਪਰ ਬਾਹਰ ਹੋਰ ਅਨੇਕਾਂ ਕਾਰਨਾਂ ਕਰਕੇ ਘਰ ਆਉਣ ਲੱਗਿਆਂ ਉਹ ਜਿਸ ਚੀਜ਼ ਲਈ ਗਿਆ ਸੀ, ਭੁੱਲ ਆਇਆ ਹੋਵੇ ਤਾਂ ਫਿਰ ਦੁਬਾਰਾ ਉਸ ਨੂੰ ਘਰੋਂ ਜਾਣਾ ਪਵੇਗਾ। ਜਿੰਨਾ ਚਿਰ ਉਹ ਵਸਤੂ ਲੈ ਕੇ ਨਹੀਂ ਆਉਂਦਾ ਉੱਨਾ ਚਿਰ ਆਪਣੇ ਵਿੱਚ ਵਾਸਾ ਨਹੀਂ ਮਿਲਦਾ ਭਾਵ ਵਾਰ-ਵਾਰ ਘਰੋਂ ਨਿਕਲਣਾ ਹੀ ਪੈਂਦਾ ਹੈ। ਇਹੋ ਹੀ ਹਾਲਤ ਇਸ ਜੀਵ ਦੀ ਹੈ। ਸਾਹਿਬ ਜੀ ਦਾ ਪਾਵਨ ਪਵਿੱਤਰ ਬਚਨ ਹਰ ਰੋਜ਼ ਪੜ੍ਹਦੇ ਹਾਂ ਕਿ :

ਜਾ ਕਉ ਆਏ ਸੋਈ ਬਿਹਾਝਹੁ ਹਰਿ ਗੁਰ ਤੇ ਮਨਹਿ ਬਸੇਰਾ ॥
ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ ਬਹੁਰਿ ਨ ਹੋਇਗੋ ਫੇਰਾ ॥੩॥

(ਅੰਗ ੧੩)

ਜੀਵ ਜਿਸ ਵਸਤੂ ਭਾਵ ਨਾਮ ਦੀ ਪ੍ਰਾਪਤੀ ਲਈ ਆਇਆ ਹੈ, ਜੇਕਰ ਉਸਨੇ ਉਹ ਨਹੀਂ ਵਿਹਾਝੀ ਤਾਂ ਉਸਨੂੰ ਨਿਜ ਘਰ ਵਿੱਚ ਵਾਸਾ ਨਹੀਂ ਮਿਲਣਾ। ਉਸਨੂੰ ਫਿਰ ਦੁਬਾਰਾ ਇਸ ਦੁਨੀਆਂ ਦੇ ਤਿਹਟੜੇ ਬਜ਼ਾਰ ਵਿੱਚ ਸਉਦਾ ਕਰਨ ਵਣਜਾਰਾ ਬਣ ਕੇ ਆਉਣਾ ਹੀ ਪਵੇਗਾ। ਇਸੇ ਲਈ ਹਜ਼ੂਰ ਦੀ ਬਾਣੀ ਵਾਰ ਵਾਰ ਇਕ ਹੋਕਾ ਦਿੰਦੀ ਹੈ ਕਿ ਜਿਸ ਚੀਜ਼ ਲਈ ਆਏ ਹੋ ਉਸਨੂੰ ਖ਼ਰੀਦ ਲਵੋ ਕਿਉਂਕਿ ਸਵਾਸਾਂ ਦੀ ਪੂੰਜੀ ਖ਼ਰਚ ਹੋ ਰਹੀ ਹੈ। ਕਿਧਰੇ ਉਹ ਦਿਨ ਨਾ ਆ ਜਾਵੇ ਕਿ ਪੂੰਜੀ ਕੋਲ ਨਹੀਂ ਤੇ ਵਸਤੂ ਵੀ ਖ਼ਰੀਦੀ ਨਹੀਂ ਅਤੇ ਬਜ਼ਾਰ ਵੀ ਬੰਦ ਹੋ ਗਿਆ। ਇਸ ਦੁਨੀਆਂ ਦੇ ਬਜ਼ਾਰ ਦੀਆਂ ਕੁਝ ਕੁ ਗੱਲਾਂ ਹੋਰ ਸਮਝਣ ਯੋਗ ਹਨ ਤਾਂਕਿ ਅਸੀਂ ਵੀ ਜੀਵਨ ਦੀ ਖੱਟੀ ਖੱਟ ਸਕੀਏ। ਇਥੋਂ ਜੋ ਕੁਝ ਖ਼ਰੀਦ ਲਿਆ ਉਹ ਮੁੜ ਵਿਕਦਾ ਵੀ ਨਹੀਂ ਅਤੇ ਮੋੜਿਆ ਭਾਵ ਵਾਪਿਸ ਵੀ ਨਹੀਂ ਕੀਤਾ ਜਾ ਸਕਦਾ। ਬਜ਼ਾਰ ਵਿੱਚ ਬਹੁਤ ਕੁਝ ਹੁੰਦਾ ਹੈ ਪਰ ਹਰ ਮਨੁੱਖ ਉਹੀ ਕੁਝ ਖ਼ਰੀਦਦਾ ਹੈ ਜਿਹੜੀ ਚੀਜ਼ ਉਸਨੂੰ ਲੋੜ ਹੋਵੇ। ਇਸ ਲਈ ਨਾਮ ਦੇ ਵਣਜਾਰੇ ! ਉਹੋ ਕੁਝ ਖ਼ਰੀਦੀਂ ਜਿਹੜੀ ਚੀਜ਼ ਲੈਣ ਆਇਆ ਹੈਂ। ਅਗਲੀ ਗੱਲ ਇਹ ਪੱਕੀ ਕਰ ਲਵੀਂ ਕਿ ਦੁਕਾਨ ਪੱਕੀ ਭਾਵ ਭਰੋਸੇਯੋਗ ਹੋਵੇ। ਨਕਲੀ ਦੁਕਾਨਾਂ ਵੀ ਕਈ ਵਾਰੀ ਅਸਲ ਪੂੰਜੀ ਨੂੰ ਲੈ ਕੇ ਨਕਲੀ

(ਨਾਮ) ਵਸਤੂ ਦੇ ਦਿੰਦੀਆਂ ਹਨ ਜਿਹੜੀ ਕਿ ਅੱਗੇ ਕਿਸੇ ਕੰਮ ਦੀ ਨਹੀਂ ਹੁੰਦੀ। ਇਸ ਲਈ ਗੁਰੂ ਨੂੰ ਗੁਰਮੁਖ ਹਰ ਪਲ ਨਾਲ ਹੀ ਰੱਖਦਾ ਹੈ ਕਿਉਂਕਿ ਗੁਰੂ ਹਰ ਗੱਲ ਦਾ ਵਾਕਫ਼ ਹੈ। ਗੁਰੂ ਨਾਲ ਰੱਖਣ ਜਾਂ ਰਹਿਣ ਵਾਲੇ ਕਦੇ ਧੋਖਾ ਨਹੀਂ ਖਾਂਦੇ। ਗੁਰੂ ਕਿਰਪਾ ਕਰੇ, ਹਰ ਵਪਾਰੀ ਆਪਣੀ ਪੂੰਜੀ ਨੂੰ ਸੰਭਾਲ ਕੇ ਖ਼ਰਚ ਕਰੇ ਅਤੇ ਉਹੋ ਕੁਝ ਇਕੱਠਾ ਕਰ ਲਵੇ ਜਿਸ ਦਾ ਇਹ ਵਪਾਰੀ ਬਣਕੇ ਆਇਆ ਸੀ। ਬੱਸ ਹੁਣ ਇਕ ਗੱਲ ਸਭ ਤੋਂ ਜ਼ਰੂਰੀ ਸਮਝਣ ਵਾਲੀ ਭਾਈ ਗੁਰਦਾਸ ਸਾਹਿਬ ਜੀ ਦੀ ਇਸ ਪਉੜੀ ਦੀ ਇਸ ਅਖ਼ੀਰਲੀ ਤੁਕ ਵਿੱਚ ਹੈ। ਹੁਣ ਉਸ ਦੀ ਵੀਚਾਰ ਵਲ ਆਈਏ। ਪੰਕਤੀ ਇਕ ਵਾਰੀ ਫਿਰ ਦਿਮਾਗ਼ੀ ਵਿਹੜੇ ਵਿੱਚ ਰੱਖ ਲਈਏ :

ਗੁਰਮੁਖਿ ਸੋਈ ਸਹਜ ਸਮਾਵੈ ॥

ਸੋਈ ਸ਼ਬਦ ਕਿਸੇ ਖ਼ਾਸ ਗੁਰਮੁਖਿ ਵੱਲ ਇਸ਼ਾਰਾ ਕਰਦਾ ਹੈ। ਸੋਈ ਦੀ ਵਿਆਖਿਆ ਪਿਛਲੇ ਛੇ ਨੁਕਤਿਆਂ ਵਿਚੋਂ ਆਪਾਂ ਜਾਨਣ ਦੀ ਕੋਸ਼ਿਸ਼ ਕੀਤੀ ਹੈ ਕਿ ਹੇ ਵਣਜਾਰੇ ! ਇਸ ਇਕੱਤਰ ਕੀਤੀ ਪੂੰਜੀ (ਹਰਿ ਜਸ ਵੱਖਰ) ਨੂੰ ਹੁਣ ਕਿਵੇਂ ਬਚਾ ਕੇ ਸਾਂਈ ਦੇ ਦਰਬਾਰ ਪਹੁੰਚਾਉਣਾ ਹੈ। ਜ਼ਿੰਦਗੀ ਦੇ ਰਾਹ ਵਿੱਚ ਭਾਈ ਸਾਹਿਬ ਜੀ ਦੀ ਵੀਚਾਰ ਅਨੁਸਾਰ ਇਹ ਲੁਟੇਰੇ ਕਿਵੇਂ ਲੁੱਟਦੇ ਹਨ, ਉਨ੍ਹਾਂ ਵਿਚੋਂ ਇਕ ਇਕ ਕਰਕੇ ਸਾਰਿਆਂ ਦਾ ਬੋਧ ਬਖ਼ਸ਼ਿਸ਼ ਕੀਤਾ ਹੈ। ਸਭ ਤੋਂ ਪਹਿਲਾ ਨੁਕਤਾ ਹੀ ਇਹ ਹੈ ਕਿ :

ਗੁਰਮਤਿ ਰਿਦੈ ਗਰੀਬੀ ਆਵੈ ॥

ਇਥੇ ਗ਼ਰੀਬੀ ਧਨ ਦੀ ਨਹੀਂ, ਗੁਰਮਤਿ ਅਨੁਸਾਰ ਗ਼ਰੀਬੀ ਹਿਰਦੇ ਦੀ ਗ਼ਰੀਬ ਹੋਵੇ, ਕਿਉਂਕਿ :

ਕਰਿ ਕਿਰਪਾ ਜਿਸ ਕੈ ਹਿਰਦੈ ਗਰੀਬੀ ਵਸਾਵੈ ॥
ਨਾਨਕ ਈਹਾ ਮੁਕਤੁ ਆਗੈ ਸੁਖੁ ਪਾਵੈ ॥

(ਅੰਗ ੨੭੮)

ਇਸ ਦਾ ਅਰਥ ਹੈ ਕਿ ਸਭ ਕੁਝ ਬਣਕੇ ਵੀ ਕੁਝ ਨਾ ਬਣਨ ਦਾ ਅਹਿਸਾਸ ਪੈਦਾ ਕਰ ਲੈਂਦਾ ਹੈ। ਜ਼ਿੰਦਗੀ ਦੀ ਪੂੰਜੀ ਦਾ ਚੋਰ ਉਥੇ ਹੀ ਆਪਣਾ ਝਰੋਖਾ ਬਣਾ ਕੇ ਸਭ ਕੁਝ ਲੁੱਟ ਲੈ ਜਾਂਦਾ ਹੈ, ਇਸ ਲਈ ਸਭ ਤੋਂ ਜ਼ਰੂਰੀ ਗੱਲ ਹੁਣ ਕੋਲ ਕੁਝ ਹੋਣ ਕਰਕੇ ਹਰ ਗੱਲੋਂ ਸੁਚੇਤ ਹੋਣਾ ਪਵੇਗਾ। ਗ਼ਰੀਬ ਦਾ ਘਰ ਕਦੇ ਕੋਈ ਨਹੀਂ ਲੁੱਟਦਾ। ਗ਼ਰੀਬੀ ਆਪਣੇ ਆਪ ਵਿੱਚ ਹੀ ਆਪਣੇ ਆਪ ਦੀ ਇਕ ਸੱਚੀ ਪਹਿਰੇਦਾਰ ਹੁੰਦੀ ਹੈ। ਹਮੇਸ਼ਾ ਚੋਰ ਲੁਟੇਰੇ ਅਮੀਰ ਦਾ ਘਰ ਹੀ ਲੁੱਟਦੇ ਹਨ। ਜਿਹੜੇ ਲੋਕ ਆਪਣੇ ਕੋਲ ਕੁਝ ਹੋਣ ਦਾ ਪ੍ਰਗਟਾਵਾ ਕਰਦੇ ਹਨ, ਉਹ ਸਗੋਂ ਲੁੱਟੇ ਜਾਂਦੇ ਹਨ। ਜਿਨ੍ਹਾਂ ਨੇ ਸਭ ਕੁਝ ਪਾ ਕੇ ਵੀ ਰਿਦੈ ਦੀ ਗ਼ਰੀਬੀ ਵਿੱਚ ਛੁਪਾ ਲਿਆ, ਉਨ੍ਹਾਂ

ਨੂੰ ਲੁਟੇਰੇ ਲੁੱਟ ਨਹੀਂ ਸਕਦੇ। ਲੋਕਾਂ ਨੂੰ ਧੋਖਾ ਦੇਣ ਵਾਲੇ ਸਗੋਂ ਅਜਿਹੇ ਹਿਰਦੇ ਦੇ ਗ਼ਰੀਬ ਕੋਲੋਂ ਆਪ ਹੀ ਧੋਖਾ ਖਾ ਜਾਂਦੇ ਹਨ। ਕਹਿੰਦੇ ਹਨ ਹਰ ਜਿੰਦਰੇ ਦੀ ਚਾਬੀ ਇਨ੍ਹਾਂ ਵਿਕਾਰਾਂ ਰੂਪ ਠੱਗਾਂ ਕੋਲ ਹੁੰਦੀ ਹੈ ਪਰ ਨਿਮਰਤਾ ਦੇ ਜਿੰਦਰੇ ਅੱਗੇ ਭਾਵ ਹਿਰਦੇ ਦੀ ਗ਼ਰੀਬੀ ਅੱਗੇ ਇਨ੍ਹਾਂ ਦੀ ਕੋਈ ਚਾਬੀ ਕੰਮ ਨਹੀਂ ਕਰਦੀ। ਅਜਿਹੇ ਰਾਜੇ ਸਗਲੀ ਸ੍ਰਿਸਟਿ ਕੇ ਆਪਣੇ ਦਿਲਾਂ ਦੇ ਖ਼ਜ਼ਾਨੇ ਹਮੇਸ਼ਾ ਮਾਣਕ ਮੋਤੀ ਨਾਮ ਪ੍ਰਭ ਨਾਲ ਭਰ ਕੇ ਵੀ ਬਾਹਰ ਤਨ 'ਤੇ ਗ਼ਰੀਬੀ ਦੀਆਂ ਗੋਦੜੀਆਂ (ਨਿਮਰਤਾ ਦਾ ਚੋਲਾ) ਹੀ ਹੰਢਾਉਂਦੇ ਹਨ।

ਧਾਰਮਿਕ ਦੁਨੀਆਂ ਦੇ ਰਾਹ ਵਿੱਚ ਇਕ ਹੋਰ ਬਹੁਤ ਹੀ ਵੱਡਾ ਲੁਟੇਰਾ ਹੈ, ਜਿਸ ਨੂੰ ਵਿਕਾਰਾਂ ਦੀ ਹੱਠਲੀ (ਨਾ ਜਿਤੀ ਜਾਣ ਵਾਲੀ) ਫ਼ੌਜ ਦਾ ਮੁਖੀਆ ਵੀ ਕਿਹਾ ਜਾਂਦਾ ਹੈ, ਇਹ ਕਾਮ ਹੈ। ਇਸ ਨੇ ਵੀ ਮਨੁੱਖ ਦੇ ਅੰਦਰ ਗੁਰਮੁਖ ਭਾਈ ਦੇ ਗੁਣਾਂ ਨੂੰ ਕਦੇ ਇਕੱਠੇ ਨਹੀਂ ਹੋਣ ਦਿੱਤਾ। ਹਰ ਵਕਤ ਮਨ ਦਾ ਸੰਗੀ ਬਣ ਉਸਨੂੰ ਕੁਰਾਹੇ ਪਾਉਣ ਦੀ ਭਾਵਨਾ ਵਿੱਚ ਲੱਗਿਆ ਰਹਿੰਦਾ ਹੈ। ਗੁਰਮਤਿ ਨੇ ਭਾਵੇਂ ਇਸ ਦੀ ਮਤਿ ਦਾ ਅਸਰ ਖ਼ਤਮ ਕਰਨ ਲਈ ਗ੍ਰਿਹਸਥ ਦੀ ਪਵਿੱਤਰ ਦਾਤਿ ਬਖ਼ਸ਼ਿਸ਼ ਕੀਤੀ ਸੀ ਪਰ ਫਿਰ ਵੀ ਸੰਸਾਰ ਦੇ ਅਪਰਾਧੀ ਲੋਕਾਂ ਦਾ ਇਤਿਹਾਸ ਪੜ੍ਹਕੇ ਪਤਾ ਲੱਗ ਜਾਂਦਾ ਹੈ ਕਿ ਬਹੁਤੇ ਅਪਰਾਧ ਇਸੇ ਦੀ ਮਤਿ ਦੇ ਕਾਰਨ ਹੋਏ ਹਨ। ਸੰਸਾਰ ਦੀਆਂ ਸਮੁੱਚੀਆਂ ਲੜਾਈਆਂ ਦੇ ਪ੍ਰਮੁੱਖ ਤਿੰਨਾਂ ਕਾਰਨਾਂ ਵਿੱਚ ਇਕ ਪ੍ਰਮੁੱਖ ਕਾਰਨ ਕਾਮ ਹੀ ਹੈ। ਰੱਬੀ ਤਾਕਤ ਨਾਲ ਲੜ ਕੇ ਜ਼ਿੰਦਗੀ ਦੇ ਅਮੋਲਕ ਸਮੇਂ ਦੀ ਬਰਬਾਦੀ ਤੋਂ ਬਚਾਉਣ ਲਈ ਸਤਿਗੁਰੂ ਜੀ ਨੇ ਮਨੁੱਖ ਨੂੰ ਗ੍ਰਿਹਸਥੀ ਦੀ ਮਰਿਆਦਾ ਦਾ ਧਾਰਨੀ ਬਣਾਕੇ ਪਰ ਨਾਰੀ ਵਾਲੀ ਵਿਕਾਰਾਂ ਦੀ ਬ੍ਰਿਤੀ ਤੋਂ ਉੱਚਾ ਚੁੱਕਿਆ ਹੈ। ਜਿਹੜਾ ਪੁਰਖ ਇਸ ਕਾਮ ਦੀ ਤਾਕਤ ਨੂੰ ਨਾਮ ਦੀ ਤਾਕਤ ਨਾਲ ਬਲਹੀਣ ਬਣਾ ਕੇ ਆਪਣੀ ਜ਼ਿੰਦਗੀ ਦੇ ਵਿੱਚ ਪੈਦਾ ਹੋਏ ਗੁਰਮੁਖੀ ਗੁਣਾਂ ਦੀ ਪਹਿਰੇਦਾਰੀ ਕਰਕੇ ਉਨ੍ਹਾਂ ਨੂੰ ਸਾਬਤ ਰੱਖ ਲੈਂਦਾ ਹੈ, ਉਹ ਹੀ ਸਹਜ ਸਮਾਵੈ ਦੀ ਮੰਜ਼ਿਲ ਨੂੰ ਪਾ ਲੈਂਦਾ ਹੈ। ਭਾਈ ਗੁਰਦਾਸ ਜੀ ਅਜਿਹੇ ਜੇਤੂ ਤੋਂ ਬਲਿਹਾਰ ਜਾਂਦੇ ਹਨ। ਆਖਦੇ ਹਨ ਕਿ :

ਹਉ ਤਿਸੁ ਘੋਲਿ ਘੁਮਾਇਆ ਪਰ ਨਾਰੀ ਦੇ ਨੇੜ ਨ ਜਾਵੈ ॥

ਰੱਬੀ ਯਾਦ ਤੋਂ ਵਿਛੋੜਾ ਪਾ ਕੇ ਆਪਣਾ ਹੀ ਦੀਵਾਨਾ ਬਣਾ ਕੇ ਸੰਸਾਰ ਨੂੰ ਆਪਣੇ ਇਸ਼ਾਰਿਆਂ 'ਤੇ ਦਿਨ ਰਾਤ ਨਚਾਉਣ ਵਾਲੀ ਮਾਇਆ ਦਾ ਪ੍ਰਮੁੱਖ ਰੂਪ ਧਨ ਹੈ। ਧਨ ਹਰ ਮਨੁੱਖ ਦੀ ਜ਼ਿੰਦਗੀ ਵਿੱਚ ਗੁਜ਼ਰਾਨ ਬਣਕੇ ਪ੍ਰਵੇਸ਼ ਕਰਦਾ ਹੈ। ਫਿਰ ਹੌਲੀ ਹੌਲੀ ਗੁਜ਼ਰਾਨ ਦੀ ਥਾਂ ਬਦਲਕੇ ਆਪ ਹੀ ਭਗਵਾਨ ਬਣ ਬੈਠਦਾ ਹੈ। ਮਨੁੱਖ ਸਭ ਕੁਝ ਸਮਝਦਾ ਹੋਇਆ ਵੀ ਕਿ ਇਸਨੇ ਮੇਰੇ ਨਾਲ ਸਾਥ ਨਹੀਂ

ਦੇਣਾ, ਜਿੰਨਾ ਇਕੱਠਾ ਕਰਦਾ ਹਾਂ ਇਹ ਸਭ ਦੂਜਿਆਂ ਲਈ ਹੀ ਹੈ, ਪਰ ਫਿਰ ਵੀ ਇਸ ਦੀ ਪ੍ਰਾਪਤੀ ਲਈ ਹਰ ਤਰ੍ਹਾਂ ਦੇ ਪਾਪ ਕਰਕੇ ਆਪਣੀ ਬੇੜੀ ਆਪ ਹੀ ਹੱਥੀਂ ਡੁਬੋ ਕੇ ਭਵ ਸਾਗਰ ਵਿੱਚ ਡੁੱਬ ਜਾਂਦਾ ਹੈ। ਧਨ ਉਸ ਪੁਰਖ ਦੀ ਕਮਾਈ ਹੈ ਜਿਸਨੇ ਜ਼ਿੰਦਗੀ ਭਰ ਧਨ ਨਾਲ ਆਪਣੀ ਜ਼ਿੰਦਗੀ ਦਾ ਨਿਰਬਾਹ ਕਰਦਿਆਂ ਇਸ ਨੂੰ ਕਦੇ ਗੁਜ਼ਰਾਨ ਦੀਆਂ ਹੱਦਾਂ ਨਾ ਟੱਪਣ ਦਿੱਤੀਆਂ। ਸਾਰੀ ਜ਼ਿੰਦਗੀ ਪਰ ਦਰਬੈ ਨੂੰ ਅਪਣਾਉਣਾ ਤਾਂ ਕੀ ਸੀ ਸਗੋਂ ਹੱਥ ਤੱਕ ਨਾ ਲਾਇਆ। ਆਪਣੇ ਜੀਵਨ ਵਿੱਚ ਸਹਜ ਦੀ ਹੀ ਅਜਿਹੀ ਖਿੱਚ ਬਣਾ ਕੇ ਰੱਖੀ ਜਿਸ ਨਾਲ ਧਨ ਦੀ ਖਿੱਚ ਕਦੇ ਇਸਨੂੰ ਆਪਣਾ ਗ਼ੁਲਾਮ ਨਾ ਬਣਾ ਸਕੀ। ਬਸ ਇਹੋ ਹੀ ਗੱਲ ਪੱਕੀ ਕਰਕੇ ਜਾਨਣ ਵਾਲੀ ਹੈ ਕਿ ਰਾਹ ਅਤੇ ਕੁਰਾਹ ਹੀ ਮੰਜ਼ਿਲ ਨੂੰ ਦੂਰ ਜਾਂ ਨੇੜੇ ਕਰਦੇ ਹਨ। ਜਿਨ੍ਹਾਂ ਨੇ ਧਨ ਨੂੰ ਗੁਜ਼ਰਾਨ ਬਣਾ ਕੇ ਸੁਕ੍ਰਿਤ ਕਮਾ ਕੇ ਪਾਪਾਂ ਦੇ ਦਾਗ਼ਾਂ ਦੋਸ਼ਾਂ ਤੋਂ ਬਚਾ ਲਿਆ, ਉਹ ਤਾਂ ਸਾਂਈ ਦੀ ਗੋਦ ਦਾ ਅਨੰਦ ਮਾਨਣ ਲਈ ਇਕ ਲਾਡਲੇ ਪੁੱਤਰ ਵਾਂਗੂੰ ਪਿਤਾ ਦੀ ਗੋਦ ਵਿੱਚ ਜਾ ਬੈਠਦੇ ਹਨ ਅਤੇ ਦੂਜੇ ਪਾਸੇ ਧਨ ਨੂੰ ਗੁਜ਼ਰਾਨ ਦੀ ਥਾਂ ਭਗਵਾਨ ਮੰਨਣ ਵਾਲੇ ਹਰ ਕੰਮ ਇਸ ਦੀ ਪ੍ਰਾਪਤੀ ਲਈ ਹੀ ਕਰਨ ਲੱਗ ਪੈਂਦੇ ਹਨ। ਉਹ ਅਜਿਹੇ ਪਾਪਾਂ ਵਿੱਚ ਖਚਤ ਹੋ ਜਾਂਦੇ ਹਨ ਕਿ ਇਕ ਦਿਨ ਅਜਿਹਾ ਵੀ ਆਉਂਦਾ ਹੈ ਕਿ **"ਦਾਗ ਦੋਸ ਮੁਹਿ ਚਲਿਆ ਲਾਇ"** ਹੋਣ ਕਰਕੇ **"ਦਰਗਹ ਬੈਸਣ ਨਾਹੀ ਜਾਇ"** ਭਾਵ ਮਾਲਿਕ ਦੇ ਘਰ ਥਾਂ ਨਹੀਂ ਮਿਲਦੀ। ਇਧਰ **"ਮੁਇਆਂ ਸਾਥਿ ਨਾ ਜਾਈ"** ਕਾਰਨ ਮਾਇਆ ਵੀ ਸਾਥ ਨਹੀਂ ਦਿੰਦੀ ਜਿਸ ਕਰਕੇ ਅਜਿਹਾ ਜੀਵ ਕਦੇ ਕਿਰਤ ਦੇ ਧੱਕੇ, ਕਦੇ ਜਨਮ ਮਰਨ ਦਾ ਦੁੱਖ ਆਦਿਕ ਹੀ ਸਹਾਰਨ ਜੋਗਾ ਰਹਿ ਜਾਂਦਾ ਹੈ।

ਇਕ ਨਗਰ ਵਿੱਚ ਇਕ ਅਮੀਰ ਆਦਮੀ ਰਹਿੰਦਾ ਸੀ। ਆਮ ਜ਼ਿੰਦਗੀ ਵਿੱਚ ਕਦੇ ਨ ਕਦੇ ਹਰ ਬੰਦੇ ਨੂੰ ਇਕ ਦੂਜੇ ਦੀ ਮਦਦ ਦੀ ਲੋੜ ਪੈਂਦੀ ਰਹਿੰਦੀ ਸੀ। ਇਸ ਲਈ ਇਸ ਅਮੀਰ ਕੋਲ ਕਿਸੇ ਨਾ ਕਿਸੇ ਨੂੰ ਲੋੜ ਰਹਿੰਦੀ ਸੀ। ਇਸ ਨਗਰ ਦਾ ਬੰਦਾ ਜਦੋਂ ਕਦੇ ਇਸ ਅਮੀਰ ਪੁਰਖ ਨੂੰ ਮਿਲੇ ਤਾਂ ਇਸਨੂੰ ਨਮਸਕਾਰ ਜਾਂ ਆਪੋ ਆਪਣੇ ਤਰੀਕੇ ਨਾਲ ਦੁਆ ਸਲਾਮ ਕਰਦਾ ਰਹਿੰਦਾ ਸੀ। ਕਾਫ਼ੀ ਸਮਾਂ ਲੰਘ ਜਾਣ ਕਾਰਨ ਇਹ ਵਿਹਾਰ ਇਕ ਰੀਝ ਜਿਹੀ ਹੀ ਬਣ ਗਿਆ ਸੀ। ਪ੍ਰਮੇਸ਼ਰ ਦੀ ਕਰਨੀ ਕਿ ਇਸ ਨਗਰ ਵਿੱਚ ਇਕ ਰੱਬੀ ਪ੍ਰੇਮ ਵਾਲਾ ਧਰਮੀ ਪੁਰਖ ਆ ਕੇ ਰਹਿਣ ਲੱਗ ਪਿਆ। ਇਸ ਧਰਮੀ ਪੁਰਖ ਨੇ ਤਾਂ ਬਿਨਾਂ ਵਿਤਕਰੇ ਹਰ ਕਿਸੇ ਨਾਲ ਇਕੋ ਜਿਹਾ ਵਿਹਾਰ ਕਰਨਾ। ਕੁਝ ਦਿਨਾਂ ਬਾਅਦ ਇਸ ਧਰਮੀ ਪੁਰਖ ਨੂੰ ਇਹ ਵੀ ਪਤਾ ਲੱਗ ਗਿਆ ਕਿ ਇਸ ਅਮੀਰ ਪੁਰਖ ਨੂੰ ਸਾਰੇ ਨਮਸਕਾਰਾਂ ਕੇਵਲ ਧਨ ਕਰਕੇ ਹੀ ਕਰਦੇ ਹਨ। ਰੱਬ 'ਤੇ ਭਰੋਸਾ ਰੱਖਣ ਵਾਲੇ ਕਦੇ ਵੀ ਮਨੁੱਖੀ ਟੇਕ ਨਹੀਂ

ਰੱਖਦੇ। ਇਸ ਲਈ ਅਮੀਰ ਪੁਰਖ ਨੂੰ ਇਸ ਧਰਮੀ ਨੇ ਕਦੇ ਉਸ ਤਰ੍ਹਾਂ ਝੁਕ ਕੇ ਦੁਆ ਸਲਾਮ ਨਾ ਕੀਤੀ। ਅਮੀਰ ਪੁਰਖ ਨੂੰ ਇਹ ਗੱਲ ਬੜੀ ਦੁਖਦਾਈ ਲੱਗਦੀ ਸੀ। ਇਕ ਦਿਨ ਅਮੀਰ ਪੁਰਖ ਨੇ ਧਰਮੀ ਪੁਰਖ ਨੂੰ ਪੁੱਛ ਹੀ ਲਿਆ ਕਿ ਤੁਸੀਂ ਮੈਨੂੰ ਜਾਣਦੇ ਨਹੀਂ ਜਿਸ ਕਰਕੇ ਬਾਕੀ ਨਗਰ ਨਿਵਾਸੀਆਂ ਵਾਂਗ ਤੁਸੀਂ ਮੇਰਾ ਸਤਿਕਾਰ ਨਹੀਂ ਕਰਦੇ। ਧਰਮੀ ਪੁਰਖ ਹੱਸ ਕੇ ਕਹਿਣ ਲੱਗਾ ਕਿ ਭਲਿਆ ਪੁਰਖਾ, ਜਿਤਨਾ ਤੁਹਾਨੂੰ ਮੈਂ ਜਾਣਦਾ ਹਾਂ ਉਤਨਾ ਤਾਂ ਤੁਸੀਂ ਵੀ ਆਪਣੇ ਆਪ ਨੂੰ ਨਹੀਂ ਜਾਣਦੇ। ਅਮੀਰ ਬਹੁਤ ਹੈਰਾਨ ਹੋਇਆ ਕਿ ਇਹ ਕਿਵੇਂ ਹੋ ਸਕਦਾ ਹੈ? ਅਮੀਰ ਦੀ ਜਗਿਆਸਾ ਨੇ ਮਜਬੂਰ ਕਰ ਦਿੱਤਾ ਜਿਸ ਕਰਕੇ ਉਹ ਧਰਮੀ ਪੁਰਖ ਦੀ ਗੱਲ ਬਹੁਤ ਧਿਆਨ ਨਾਲ ਸੁਣਨ ਲੱਗ ਪਿਆ। ਮਹਾਤਮਾ ਨੇ (ਧਰਮੀ ਪੁਰਖ) ਸਮਝਾਇਆ ਕਿ ਜਿਸ ਧਨ ਦਾ ਬੰਦਾ ਹੰਕਾਰ ਕਰਕੇ ਰੱਬ ਨੂੰ ਭੁਲਾ ਬੈਠਦਾ ਹੈ, ਇਕ ਦਿਨ ਇਹੋ ਧਨ ਦਾ ਹੰਕਾਰ ਇਸ ਲਈ ਰੱਬੀ ਮਿਲਾਪ ਦਾ ਦਰ ਬੰਦ ਕਰ ਜਨਮ ਮਰਨ ਦੀ ਭਟਕਣਾ ਦਾ ਦਰ ਖੋਲ੍ਹਦਾ ਹੈ। ਬਾਕੀ ਦੀ ਤਾਂ ਗੱਲ ਕਰਨੀ ਬਹੁਤ ਲੰਮੀ ਕਹਾਣੀ ਬਣ ਜਾਵੇਗੀ, ਤੁਸੀਂ ਕੇਵਲ ਆਪਣੀ ਮਨੁੱਖਾ ਦੇਹੀ ਦੀ ਬਾਤ ਹੀ ਸਮਝ ਲਵੋ। ਬਾਕੀ ਸਭ ਕੁਝ ਦਾ ਗਿਆਨ ਅਤੇ ਹੰਕਾਰ ਆਪੇ ਹੀ ਸਮਝ ਆ ਜਾਵੇਗਾ।

ਦੁਨੀਆਂ ਵਿਚੋਂ ਸਭ ਤੋਂ ਉੱਤਮ ਮਨੁੱਖਾ ਦੇਹੀ ਹੈ ਪਰ ਜੇਕਰ ਇਹ ਦਿੱਤੀਆਂ ਦਾਤਾਂ ਦਾ ਧੰਨਵਾਦ ਕਰਦੀ ਹੋਈ ਰੱਬ ਦਾ ਸਿਮਰਨ ਨਹੀਂ ਕਰਦੀ ਤਾਂ ਸਭ ਤੋਂ ਮਾੜੀ ਇਹ ਮਨੁੱਖਾ ਦੇਹੀ ਹੀ ਹੈ, ਕਿਉਂਕਿ ਪਸ਼ੂਆਂ ਨੂੰ ਵੇਖੀਏ ਤਾਂ ਘਾਹ ਫੂਸ ਖਾ ਕੇ ਅੰਮ੍ਰਿਤ ਵਰਗਾ ਦੁੱਧ ਦਿੰਦੇ ਹਨ। ਇਥੋਂ ਤੱਕ ਕਿ ਇਨ੍ਹਾਂ ਦਾ ਗੋਬਰ ਵੀ ਚੰਗਾ ਸਮਝਿਆ ਜਾਂਦਾ ਹੈ। ਗੋਬਰ ਪਿਆ ਹੋਵੇ ਕੋਈ ਥੁੱਕਾਂ ਨਹੀਂ ਸੁੱਟਦਾ, ਹੱਥ ਲਿੱਬੜ ਜਾਣ, ਕੋਈ ਨਫ਼ਰਤ ਨਹੀਂ ਕਰਦਾ ਬਲਕਿ ਇਥੋਂ ਤੱਕ ਕਿ ਪਵਿੱਤਰਤਾ ਜਾਂ ਸਫ਼ਾਈ ਲਈ ਗੋਬਰ ਦਾ ਪੋਚਾ ਦਿੱਤਾ ਜਾਂਦਾ ਹੈ। ਜੇਕਰ ਕੋਈ ਮਨੁੱਖ ਵੱਲ ਵੇਖੇ ਇਹ ਅਤਿ ਦੇ ਸਵਾਦਿਸ਼ਟ ਖਾਣੇ ਖਾ ਕੇ ਵੀ ਅਜਿਹੀ ਗੰਦਗੀ ਫੈਲਾਉਂਦਾ ਹੈ ਕਿ ਜਿਹੜੀ ਹਰ ਇਕ ਲਈ ਨਫ਼ਰਤ ਹੀ ਪੈਦਾ ਕਰਦੀ ਹੈ। ਬੰਦਾ ਕਿੰਨੀ ਤਰ੍ਹਾਂ ਦੇ ਹਰ ਰੋਜ਼ ਬਸਤਰ ਪਹਿਨ ਪਹਿਨ ਕੇ ਆਪਣੀ ਕਰੂਪਤਾ ਨੂੰ ਛੁਪਾਉਂਦਾ ਹੈ ਪਰ ਪਸ਼ੂਆਂ ਨੂੰ ਜਾਂ ਪੰਛੀਆਂ ਨੂੰ ਜਿਹੜਾ ਰੂਪ ਇਕ ਵਾਰੀ ਕਰਤਾ ਪੁਰਖ ਨੇ ਦੇ ਦਿੱਤਾ, ਇਨ੍ਹਾਂ ਨੂੰ ਕਦੇ ਵੀ ਡਿਜ਼ਾਇਨਰ ਤੋਂ ਕੱਪੜੇ ਅਤੇ ਫ਼ੈਸ਼ਨ ਪੈਦਾ ਨਹੀਂ ਕਰਨੇ ਪਏ। ਹੋਰ ਹੈਰਾਨੀ ਹੁੰਦੀ ਹੈ ਕਿ ਮਨੁੱਖ ਹੀ ਹੈ ਜਿਹੜਾ ਹਰ ਤਰ੍ਹਾਂ ਦੀਆਂ ਖ਼ੁਸ਼ਬੋਆਂ ਵਰਤਦਾ ਹੈ, ਕਿਉਂਕਿ ਇਹ ਕੁਝ ਸਮੇਂ ਬਾਅਦ ਖ਼ੁਸ਼ਬੋ ਨੂੰ ਵੀ ਦੁਰਗੰਧੀ ਵਿੱਚ ਬਦਲ ਦਿੰਦਾ ਹੈ। ਇਥੋਂ ਤੱਕ ਮਨੁੱਖ ਹੀ ਕਿਸੇ ਨੂੰ ਅਮੀਰ ਜਾਂ ਗ਼ਰੀਬ ਜਾਣ ਕੇ ਲੜ ਲੜ ਮਰਦੇ

ਹਨ ਪਰ ਪਸ਼ੂ ਕਦੇ ਕਿਸੇ ਨਾਲ ਇਸ ਲਈ ਨਫ਼ਰਤ ਨਹੀਂ ਕਰਦੇ ਕਿ ਤੇਰੇ ਕੋਲ ਪੰਜ ਕਿਲੋ ਦੁੱਧ ਹੈ ਅਤੇ ਮੇਰੇ ਕੋਲ ਦੱਸ ਕਿਲੋ ਦੁੱਧ ਹੈ। ਕੋਈ ਬੂਟਾ ਇਸ ਲਈ ਨਫ਼ਰਤ ਨਹੀਂ ਕਰਦਾ ਕਿ ਤੇਰੇ ਕੋਲ ਪੰਜ ਫੁੱਲ ਹਨ ਜਾਂ ਫਲ ਹਨ ਪਰ ਮੇਰੇ ਕੋਲ ਦਸ ਫੁੱਲ ਜਾਂ ਫਲ ਹਨ। ਹਰ ਪੱਖੋਂ ਮਨੁੱਖ ਹੀ ਦੁਰਕਾਰਿਆ ਹੋਇਆ ਹੈ ਪਰ ਜੇਕਰ ਇਹ ਸਾਧਸੰਗਤਿ ਵਿੱਚ ਜਾ ਕੇ ਗੁਰੂ ਵਾਲਾ ਬਣਕੇ ਨਾਮ ਜਪਦਾ ਹੈ ਤਾਂ ਸਾਰਾ ਕੁਝ ਹੀ ਢੱਕ ਕੇ ਮਾਲਿਕ ਇਸ ਨੂੰ ਧਰਤੀ ਦਾ ਸਿਕਦਾਰ ਸਮਝਦਾ ਹੈ।

ਧਰਮੀ ਪੁਰਖ ਨੇ ਸਮਝਾਇਆ ਕਿ ਭਾਈ ਤੁਸੀਂ ਤਾਂ ਕੇਵਲ ਇਹੋ ਹੀ ਜਾਣਦੇ ਹੋ ਕਿ ਮੇਰੇ ਕੋਲ ਕਿੰਨਾ ਧਨ ਪਦਾਰਥ ਹੈ। ਮੈਂ ਕਿੰਨ੍ਹਾਂ ਦਾ ਪੁੱਤਰ ਹਾਂ ਅਤੇ ਮੇਰੇ ਕਿੰਨੇ ਧੀਆਂ ਪੁੱਤਰ ਹਨ, ਪਰ ਭਲਿਆ ਪੁਰਖਾ! ਕਦੇ ਆਤਮਾ ਨੂੰ ਵੀ ਜਾਨਣ ਦੀ ਕੋਸ਼ਿਸ਼ ਕਰ, ਫਿਰ ਕਦੇ ਧਨ ਦਾ ਹੰਕਾਰ ਕਰਨ ਦੀ ਬਜਾਇ ਇਸਨੂੰ ਰੱਬੀ ਪਿਆਰ ਦੀ ਨਿਸ਼ਾਨੀ ਸਮਝਕੇ ਸਗੋਂ ਲੋਕਾਂ ਤੋਂ ਨਮਸਕਾਰਾਂ ਕਰਵਾਉਣ ਵਾਲਿਆ! ਆਪ ਧਾਰਮਿਕ ਅਸਥਾਨ 'ਤੇ ਜਾ ਕੇ ਸਾਧ ਸੰਗਤਿ ਅਤੇ ਰੱਬ ਨੂੰ ਨਮਸਕਾਰਾਂ ਕਰਨ ਲੱਗ ਪਵੇਂਗਾ। ਅਸਲੀਅਤ ਤੋਂ ਭੁਲਿਆ ਹੀ ਹੰਕਾਰ ਕਰਦਾ ਹੈ। ਅਸਲੀਅਤ ਨੂੰ ਜਾਨਣ ਵਾਲਾ ਤਾਂ ਸਗੋਂ ਪਿਆਰ ਕਰਦਾ ਹੈ। ਧੰਨ ਹਨ ਉਹ ਗੁਰੂ ਪਿਆਰੇ ਜਿਹੜੇ ਧਨ ਦੇ ਹੰਕਾਰ ਵਿਚੋਂ ਨਿਕਲ ਕੇ ਰੱਬੀ ਪਿਆਰ ਤੱਕ ਪਹੁੰਚ ਜਾਂਦੇ ਹਨ। ਧਰਮੀ ਪੁਰਖ ਨੇ ਇਹ ਵੀ ਕਿਹਾ ਕਿ ਇਹ ਸ਼ੁਭ ਵੀਚਾਰ ਜਾਂ ਅਮੋਲਕ ਬਚਨ ਮੇਰੇ ਨਹੀਂ ਬਲਕਿ ਇਹ ਤਾਂ ਸਾਨੂੰ ਸਭ ਨੂੰ ਭਰਾਵਾਂ ਵਾਂਗੂੰ ਪਿਆਰ ਕਰਨ ਵਾਲੇ ਗੁਰਮਤਿ ਵਿੱਚ ਆਪ ਭਿੱਜੇ ਅਤੇ ਸਾਨੂੰ ਜੋੜਨ ਵਾਲੇ ਭਾਈ ਗੁਰਦਾਸ ਜੀ ਦੇ ਅਮੋਲਕ ਬਚਨ ਹਨ। ਧਰਮੀ ਪੁਰਖ ਨੇ ਬਚਨ ਸੁਣਾਏ ਕਿ :

ਸਭ ਸਰੀਰ ਸਕਾਰਥੇ ਅਤਿ ਅਪਵ੍ਰਿਤ ਸੁ ਮਾਣਸ ਦੇਹੀ ॥
ਬਹੁ ਬਿੰਜਨ ਮਿਸਟਾਨ ਪਾਨ ਹੁਇ ਮਲ ਮੂਤ੍ਰ ਕਸੂਤ੍ਰ ਇਵੇਹੀ ॥
ਪਾਟ ਪਟੰਬਰ ਵਿਗੜਦੇ ਪਾਨ ਕਪੂਰ ਕੁਸੰਗ ਸਨੇਹੀ ॥
ਚੋਆ ਚੰਦਨ ਅਰਗਜਾ ਦਇ ਦੁਰਗੰਧ ਸੁਗੰਧ ਹੁਰੇਹੀ ॥
ਰਾਜੇ ਰਾਜ ਕਮਾਂਵਦੇ ਪਾਤਿਸ਼ਾਹ ਖਹਿ ਮੂਏ ਸਭੇਹੀ ॥
ਸਾਧ ਸੰਗਤਿ ਗੁਰੁ ਸਰਣਿ ਬਿਨ ਨਿਹਫਲ ਮਾਣਸ ਦੇਹ ਇਵੇਹੀ ॥
ਚਰਨ ਸਰਣਿ ਮਸਕੀਨੀ ਜੇਹੀ ॥

(ਵਾਰ ੨੩, ਪੌੜੀ ੧੪)

ਜ਼ਿੰਦਗੀ ਦੇ ਅਮੋਲਕ ਸਮੇਂ ਦੀ ਬਰਬਾਦੀ ਪਰਾਈ ਨਿੰਦਾ ਵੀ ਰੱਜ ਕੇ ਕਰਦੀ ਹੈ, ਇਸ ਲਈ ਧਰਮਾਤਮਾ ਪੁਰਖਾਂ ਦੀ ਇਹ ਨਿਸ਼ਾਨੀ ਹੁੰਦੀ ਹੈ ਕਿ ਉਹ ਜਿਥੇ ਵੀ ਬੈਠਦੇ ਉਠਦੇ ਭਾਵ ਜਿਨ੍ਹਾਂ ਲੋਕਾਂ ਨਾਲ ਵੀ ਉਨ੍ਹਾਂ ਦਾ ਵਾਸਤਾ ਪੈਂਦਾ ਹੈ,

ਉਹ ਧਰਮੀ ਪੁਰਖ ਆਪ ਤਾਂ ਕੀ ਉਨ੍ਹਾਂ ਵਿਚੋਂ ਔਗੁਣ ਲੈਂਦੇ ਹਨ ਬਲਕਿ ਉਹ ਤਾਂ ਦੂਜਿਆਂ ਨੂੰ ਵੀ ਔਗੁਣ ਕਰਨ ਤੋਂ ਹਟਾ ਕੇ ਚੰਗੇ ਮਾਰਗ ਦੇ ਰਾਹੀ ਬਣਾ ਦਿੰਦੇ ਹਨ। ਕਦੇ ਧਿਆਨ ਨਾਲ ਸਾਬਣ ਦੀ ਜ਼ਿੰਦਗੀ ਵੱਲ ਹੀ ਵੇਖ ਲੈਣਾ। ਸਾਬਣ ਦਾ ਹਰ ਰੋਜ਼ ਵਾਸਤਾ ਮੈਲੀਆਂ ਚੀਜ਼ਾਂ ਨਾਲ ਹੀ ਪੈਂਦਾ ਹੈ। ਨਿਰਮੈਲ ਚੀਜ਼ ਤਾਂ ਸਗੋਂ ਸਾਬਣ ਤੋਂ ਦੂਰ ਹੀ ਰੱਖੀ ਜਾਂਦੀ ਹੈ ਪਰ ਕਦੇ ਧਿਆਨ ਨਾਲ ਦੇਖਣਾ ਸਾਬਣ ਹਰ ਰੋਜ਼ ਮੈਲੀਆਂ ਚੀਜ਼ਾਂ ਦਾ ਸੰਗ ਕਰਕੇ ਕਦੇ ਆਪ ਮੈਲਾ ਨਹੀਂ ਹੁੰਦਾ ਬਲਕਿ ਮੈਲੀਆਂ ਚੀਜ਼ਾਂ ਦੀ ਮੈਲ ਉਤਾਰ ਦਿੰਦਾ ਹੈ। ਇਸੇ ਤਰ੍ਹਾਂ ਗੁਰਮੁਖਾਂ ਦੀ ਜ਼ਿੰਦਗੀ ਹੁੰਦੀ ਹੈ। ਉਹ ਰੋਜ਼ ਅਨੇਕਾਂ ਔਗੁਣ ਭਰੇ ਲੋਕਾਂ ਵਿੱਚ ਰਹਿ ਕੇ ਵੀ ਆਪਾ ਮੈਲਾ ਕਰਨ ਦੀ ਬਜਾਇ ਉਨਾਂ ਔਗੁਣਾਂ ਭਰੇ ਲੋਕਾਂ ਵਿੱਚ ਰਹਿ ਕੇ ਵੀ ਆਪਾ ਸੁਚੇਤ ਕਰਕੇ ਔਗੁਣ ਦੂਰ ਕਰਨ ਦੀ ਪ੍ਰੇਰਨਾ ਦਿੰਦੇ ਰਹਿੰਦੇ ਹਨ।

ਇਕ ਫ਼ਕੀਰ ਦੀ ਸਾਦੀ ਜਿਹੀ ਰਹਿਣੀ ਤੋਂ ਪ੍ਰਭਾਵਿਤ ਹੋ ਕੇ ਇਕ ਦੌਲਤ ਰਾਮ ਨਾਂ ਦੇ ਬੰਦੇ ਨੇ ਉਸ ਦੇ ਲਾਗੇ ਪਲਾਟ ਲੈ ਕੇ ਮਕਾਨ ਬਣਾਉਣਾ ਸ਼ੁਰੂ ਕਰ ਦਿੱਤਾ। ਫ਼ਕੀਰ ਆਪਣੇ ਸੁਭਾਅ ਮੁਤਾਬਿਕ ਦੌਲਤ ਰਾਮ ਨੂੰ ਆਪ ਜਾ ਕੇ ਮਿਲਿਆ ਕਿ ਮੇਰੇ ਲਾਇਕ ਕੋਈ ਸੇਵਾ ਹੋਵੇ ਤਾਂ ਦੱਸਣ ਵਿੱਚ ਸੰਕੋਚ ਨਾ ਕਰਨਾ। ਹਰ ਰੋਜ਼ ਦਾ ਮਿਲਾਪ ਕਾਫ਼ੀ ਨੇੜਤਾ ਵਿੱਚ ਬਦਲ ਗਿਆ। ਫ਼ਕੀਰ ਨੇ ਭਲੀ ਭਾਂਤ ਸਮਝ ਲਿਆ ਕਿ ਦੌਲਤ ਰਾਮ ਦਾ ਆਪਣਾ ਨਗਰ ਛੱਡਕੇ ਇਥੇ ਇਕਾਂਤਵਾਸ ਘਰ ਬਣਾਉਣ ਦਾ ਕੀ ਕਾਰਨ ਹੈ ਕਿਉਂਕਿ ਰੋਜ਼ਾਨਾ ਸਵੇਰੇ ਦੌਲਤ ਰਾਮ ਲੇਬਰ ਨੂੰ ਕੰਮ 'ਤੇ ਲਾ ਕੇ ਆਪ ਫ਼ਕੀਰ ਕੋਲ ਆ ਬੈਠਦਾ ਅਤੇ ਹਰ ਰੋਜ਼ ਹੀ ਆਪਣੇ ਨਗਰ ਦੇ ਕਿਸੇ ਨਾ ਕਿਸੇ ਵਿਅਕਤੀ ਦੇ ਜੀਵਨ ਨੂੰ ਫਰੋਲਣ ਲੱਗ ਪੈਂਦਾ। ਫ਼ਕੀਰ ਨੇ ਕੁਝ ਦਿਨ ਸੁਣਨ ਮਗਰੋਂ ਇਕ ਅਜੀਬ ਜਿਹੇ ਢੰਗ ਨਾਲ ਉਸਨੂੰ ਸਮਝਾਉਣ ਲਈ ਮਨ ਬਣਾ ਲਿਆ। ਅੱਜ ਫ਼ਕੀਰ ਉਸਦੇ ਆਉਣ ਤੋਂ ਪਹਿਲਾਂ ਹੀ ਉਸਦੇ ਮਕਾਨ ਕੋਲ ਜਾ ਕੇ ਖਲੋ ਗਿਆ। ਦੌਲਤ ਰਾਮ ਆਇਆ ਅਤੇ ਫ਼ਕੀਰ ਨੂੰ ਆਇਆ ਵੇਖ ਕੇ ਖ਼ੁਸ਼ ਹੋ ਗਿਆ। ਫ਼ਕੀਰ ਨੇ ਦੁਆ ਸਲਾਮ ਮਗਰੋਂ ਗੱਲ ਸ਼ੁਰੂ ਕੀਤੀ ਕਿ ਸੇਠ ਜੀ, ਦੀਵਾਰ ਵਿੱਚ ਤੁਸੀਂ ਇਹ ਖਿੜਕੀ ਕਿਉਂ ਰੱਖ ਲਈ ਹੈ ? ਤਾਂ ਦੌਲਤ ਰਾਮ ਕਹਿਣ ਲੱਗਾ ਕਿ ਫ਼ਕੀਰ ਸਾਂਈਂ ! ਖਿੜਕੀ ਤਾਂ ਜ਼ਰੂਰੀ ਹੈ। ਇਸ ਰਾਹੀਂ ਹੀ ਤਾਂ ਦੋ ਜ਼ਰੂਰੀ ਨਿਆਮਤਾਂ ਅੰਦਰ ਆ ਸਕਦੀਆਂ ਹਨ। ਪਹਿਲੀ ਨਿਆਮਤ ਹੈ ਚਾਨਣ ਅਤੇ ਦੂਜੀ ਕੁਦਰਤੀ ਨਿਆਮਤ ਹੈ ਹਵਾ। ਇਨ੍ਹਾਂ ਤੋਂ ਬਿਨਾਂ ਮਕਾਨ ਵਿੱਚ ਰਹਿਣ ਵਾਲਾ ਕਦੇ ਅਰੋਗ ਨਹੀਂ ਰਹਿ ਸਕਦਾ। ਫ਼ਕੀਰ ਨੇ ਫਿਰ ਦੂਜਾ ਸੁਆਲ ਕੀਤਾ ਕਿ ਚਲੋ ਇਹ ਤਾਂ ਗੱਲ ਮੇਰੀ ਸਮਝ ਵਿੱਚ ਆ ਗਈ ਪਰ ਇਕ ਗੱਲ ਹੋਰ ਪੁੱਛਣੀ ਚਾਹੁੰਦਾ ਹਾਂ ਕਿ ਖਿੜਕੀ ਰੱਖਕੇ ਵੀ ਤੁਸੀਂ ਇਹ ਸ਼ੀਸ਼ੇ ਵਾਲਾ ਅਤੇ

ਜਾਲੀ ਵਾਲਾ ਦਰਵਾਜ਼ਾ ਇਸ ਖਿੜਕੀ ਉਤੇ ਕਿਉਂ ਲਾਇਆ ਹੈ ? ਦੌਲਤ ਰਾਮ ਨੇ ਫਿਰ ਇਹ ਸੋਚਕੇ ਜਵਾਬ ਦਿੱਤਾ ਕਿ ਝੁੱਗੀਆਂ ਵਿੱਚ ਰਹਿਣ ਵਾਲਿਆਂ ਨੂੰ ਮਹੱਲਾਂ ਦੇ ਸੁੱਖਾਂ ਦਾ ਪਤਾ ਨਹੀਂ ਹੁੰਦਾ। ਦੌਲਤ ਰਾਮ ਨੇ ਆਖਿਆ ਕਿ ਫ਼ਕੀਰ ਜੀਉ! ਇਸ ਦਰਵਾਜ਼ੇ ਦਾ ਅਰਥ ਹੈ ਕਿ ਕਦੇ ਹਨੇਰੀ ਆਵੇ, ਮਿੱਟੀ ਧੂੜ ਆਵੇ ਜਾਂ ਮੀਂਹ ਆਵੇ, ਠੰਡ ਆਵੇ, ਉਦੋਂ ਵੀ ਚਾਨਣ ਤਾਂ ਆਵੇ ਪਰ ਇਹ ਘਰ ਵਿੱਚ ਗੰਦ ਪਾਉਣ ਵਾਲੀਆਂ ਚੀਜ਼ਾਂ ਅੰਦਰ ਨਾ ਆਉਣ। ਸ਼ੀਸ਼ਾ ਚਾਨਣ ਤਾਂ ਆਉਣ ਦੇਵੇਗਾ ਪਰ ਮੀਂਹ (ਵਰਖਾ) ਅਤੇ ਠੰਡ ਅੰਦਰ ਨਹੀਂ ਆਉਣ ਦੇਵੇਗਾ। ਦੂਜਾ ਜਾਲੀ ਹਵਾ ਤਾਂ ਅੰਦਰ ਆਉਣ ਦੇਵੇਗੀ ਪਰ ਮਿੱਟੀ ਘੱਟਾ ਅੰਦਰ ਨਹੀਂ ਆਉਣ ਦੇਵੇਗੀ। ਫ਼ਕੀਰ ਨੇ ਸੁਣ ਕੇ ਠੰਡਾ ਹਉਕਾ ਭਰਿਆ ਅਤੇ ਕਹਿਣ ਲੱਗਾ ਕਿ ਕਿਤਨਾ ਅਫ਼ਸੋਸ ਹੈ ਬੰਦਾ ਘਰ ਗੰਦਾ ਨਹੀਂ ਹੋਣ ਦਿੰਦਾ ਪਰ ਆਪ ਰੱਜ ਕੇ ਗੰਦਾ ਹੋ ਜਾਂਦਾ ਹੈ। ਦੌਲਤ ਰਾਮ ਦੀ ਸਮਝ ਵਿੱਚ ਇਹ ਬਚਨ ਸਮਝ ਨਾ ਆਇਆ ਤਾਂ ਉਸਨੇ ਕਿਹਾ ਕਿ ਤੁਹਾਡੇ ਕਹਿਣ ਦਾ ਮਤਲਬ ਕੀ ਹੈ, ਮੈਂ ਸਮਝ ਨਹੀਂ ਸਕਿਆ। ਤਾਂ ਫ਼ਕੀਰ ਨੇ ਕਿਹਾ ਕਿ ਘਰ ਵਿੱਚ ਖਿੜਕੀ ਜ਼ਰੂਰੀ ਹੈ ਕਿਉਂਕਿ ਚਾਨਣ 'ਤੇ ਹਵਾ ਜ਼ਰੂਰੀ ਹਨ ਪਰ ਮਿੱਟੀ ਘੱਟਾ ਨਹੀਂ। ਇਸ ਲਈ ਇਹ ਪ੍ਰਬੰਧ ਤਾਂ ਕਰ ਲਿਆ ਕਿ ਚਾਨਣ ਅਤੇ ਹਵਾ ਤਾਂ ਆਵੇ ਪਰ ਮਿੱਟੀ ਘੱਟਾ ਨਾ ਆਵੇ। ਹੇ ਭਲਿਆ ਪੁਰਖਾ ! ਕਦੇ ਇਹ ਵੀ ਸੋਚਿਆ ਹੈ ਕਿ ਮੇਰੇ ਕੰਨ ਸੁਣਨ ਤਾਂ ਜ਼ਰੂਰ ਕਿਉਂਕਿ ਇਨ੍ਹਾਂ ਰਾਹੀਂ ਗਿਆਨ ਰੂਪ ਚਾਨਣ ਅੰਦਰ ਆਉਣਾ ਹੈ ਪਰ ਇਹ ਕਦੇ ਨਹੀਂ ਸੋਚਦਾ ਕਿ ਉਹ ਨਹੀਂ ਸੁਣਨਾ ਜਿਸ ਨਾਲ ਮੇਰਾ ਅੰਦਰ ਮੈਲਾ ਹੋ ਜਾਵੇ। ਖਿੜਕੀ ਦੀ ਜਾਲੀ ਰਾਹੀਂ ਹਵਾ ਤਾਂ ਅੰਦਰ ਆਵੇ ਪਰ ਮਿੱਟੀ ਘੱਟਾ ਅੰਦਰ ਨਾ ਆਵੇ। ਇਸੇ ਤਰ੍ਹਾਂ ਅੰਦਰ ਸ਼ੁਭ ਗੁਣਾਂ ਨਾਲ ਭਰਪੂਰ ਜ਼ਿੰਦਗੀ ਦੀ ਰੁਮਕ ਲਈ ਹਵਾ ਤਾਂ ਆਵੇ ਪਰ ਔਗੁਣਾਂ ਰੂਪੀ ਮਿੱਟੀ ਘੱਟਾ ਨਾ ਆਵੇ ਤਾਂਕਿ ਮੇਰਾ ਜੀਉ ਮਲੀਨ ਨਾ ਹੋਵੇ। ਇਨ੍ਹਾਂ ਲਈ ਧੰਨ ਗੁਰੂ ਅਮਰਦਾਸ ਮਹਾਰਾਜ ਵਰਗੇ ਮਹਾਨ ਕਾਰੀਗਰ ਨੇ ਇਹ ਵਿਉਂਤ ਬਣਾ ਕੇ ਮਨੁੱਖ ਨੂੰ ਸਮਝਾ ਦਿੱਤਾ ਹੈ, ਜਿਸਨੇ ਇਹ ਬਚਨ ਮੰਨ ਕੇ ਪਹਿਰਾ ਦਿੱਤਾ ਹੈ ਕਿ :-

ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ
ਹਰਿ ਬਿਨੁ ਅਵਰੁ ਨ ਦੇਖਹੁ ਕੋਈ ॥
ਹਰਿ ਬਿਨੁ ਅਵਰੁ ਨ ਦੇਖਹੁ ਕੋਈ ਨਦਰੀ ਹਰਿ ਨਿਹਾਲਿਆ ॥
ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ
ਹਰਿ ਰੂਪੁ ਨਦਰੀ ਆਇਆ ॥ .....
ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ ॥
ਸਾਚੈ ਸੁਨਣੈ ਨੋ ਪਠਾਏ ਸਰੀਰਿ ਲਾਏ ਸੁਣਹੁ ਸਤਿ ਬਾਣੀ ॥

ਜਿਤੁ ਸੁਣੀ ਮਨੁ ਤਨੁ ਹਰਿਆ ਹੋਆ ਰਸਨਾ ਰਸਿ ਸਮਾਣੀ ॥

(ਅੰਗ ੯੨੨)

ਰਸਨਾ ਲਈ ਸੁਚੇਤ ਕੀਤਾ ਤਾਂਕਿ ਹਰੀ ਰਸ ਦੀ ਧਾਰਨੀ ਹੋ ਸਕੇ। ਦੌਲਤ ਰਾਮ ਨੂੰ ਉਦਾਹਰਣ ਭਾਵੇਂ ਸਾਦੀ ਜਿਹੀ ਦੇ ਕੇ ਫ਼ਕੀਰ ਨੇ ਸਮਝਾਇਆ ਪਰ ਇਹ ਅਧਿਆਤਮਿਕ ਜ਼ਿੰਦਗੀ ਲਈ ਸਿਖਰਾਂ ਨੂੰ ਛੂਹਣ ਵਾਲਾ ਉਪਦੇਸ਼ ਸੀ। ਕਿਉਂਕਿ ਦੌਲਤ ਰਾਮ ਹਰ ਰੋਜ਼ ਹੀ ਲੋਕਾਂ ਦੀ ਨਿੰਦਾ ਕਰਦਾ ਰਹਿੰਦਾ ਸੀ। ਫ਼ਕੀਰ ਨੇ ਫਿਰ ਸਮਝਾਇਆ ਕਿ ਬੰਦੇ ਨੂੰ ਥਾਂ ਬਦਲਣ ਦੀ ਲੋੜ ਨਹੀਂ ਬਲਕਿ ਆਪਣਾ ਆਪਾ ਬਦਲਣ ਦੀ ਲੋੜ ਹੈ। ਦੌਲਤ ਰਾਮ ਤੂੰ ਨਗਰ ਤੋਂ ਬਾਹਰ ਆ ਗਿਆ, ਥਾਂ ਬਦਲ ਲਈ ਪਰ ਆਪਾ (ਭਾਵ: ਸੁਭਾਅ) ਨਾ ਬਦਲਣ ਕਾਰਨ ਤੂੰ ਮੇਰੇ ਕੋਲ ਹਰ ਰੋਜ਼ ਨਿੰਦਾ ਕਰਨ ਲੱਗ ਪਿਆ। ਭਲਿਆ ਪੁਰਖਾ! ਅੱਜ ਤੋਂ ਨਿੰਦਾ ਤਾਂ ਕੀ ਕਰਨੀ ਸਗੋਂ ਪਰਾਈ ਨਿੰਦਾ ਹੁੰਦੀ ਹੋਵੇ ਤਾਂ ਵੀ ਉਸਨੂੰ ਹਟਾਉਣਾ ਹੈ। ਕਿਉਂਕਿ ਰੱਬ ਵਿਚ ਅਭੇਦਤਾ ਲਈ ਜ਼ਰੂਰੀ ਹੈ ਕਿ ਅੰਦਰ ਮੈਲਾ ਨਾ ਹੋਵੇ। ਉਸ ਲਈ ਜ਼ਰੂਰੀ ਹੈ ਕਿ:

ਪਰ ਨਿੰਦਾ ਸੁਣ ਆਪ ਹਟਾਵੈ ॥

ਆਮ ਮਨੁੱਖ ਜਿਵੇਂ ਦੂਜੇ ਦੀ ਨਿੰਦਾ ਸੁਣਕੇ ਖ਼ੁਸ਼ ਹੁੰਦਾ ਹੈ ਪਰ ਗੁਰਮੁਖ ਅਜਿਹਾ ਹੀ ਸੁਖ ਰੱਬੀ ਬੋਲਾਂ ਨੂੰ ਸੁਣਕੇ ਪ੍ਰਾਪਤ ਕਰਦਾ ਹੈ।

ਸਹਿਜ ਵਿੱਚ ਸਮਾਉਣ ਲਈ ਜਿਹੜੀ ਅਗਲੀ ਗੱਲ ਭਾਈ ਗੁਰਦਾਸ ਜੀ ਨੇ ਸਮਝਾਈ ਹੈ, ਉਹ ਹੈ ਸਤਿਗੁਰੂ ਜੀ ਦੇ ਉਪਦੇਸ਼ ਦੀ ਕਮਾਈ। ਅਸਲ ਵਿੱਚ ਕਮਾਈ ਹੀ ਕਿਸੇ ਸਫਲਤਾ ਦੀ ਕੁੰਜੀ ਹੁੰਦੀ ਹੈ। ਬਿਨਾਂ ਕਮਾਈ ਤੋਂ ਕਦੇ ਕੋਈ ਫਲ ਹੱਥ ਨਹੀਂ ਆਉਂਦਾ। ਕਮਾਈ ਭਾਵੇਂ ਕਿਸੇ ਪ੍ਰਕਾਰ ਦੀ ਵੀ ਹੋਵੇ, ਪਾਪਾਂ ਦੀ ਕਾਮਈ ਪਾਪੀ ਬਣਾ ਦਿੰਦੀ ਹੈ। ਵਿਕਾਰਾਂ ਦੀ ਕਮਾਈ ਵਿਕਾਰੀ ਬਣਾ ਦਿੰਦੀ ਹੈ। ਧਨ ਦੀ ਕਮਾਈ ਧਨਵਾਨ ਬਣਾ ਦਿੰਦੀ ਹੈ, ਇਸੇ ਤਰ੍ਹਾਂ ਧਰਮ ਦੀ ਕਮਾਈ ਧਰਮੀ ਬਣਾ ਦਿੰਦੀ ਹੈ। ਜਿਨ੍ਹਾਂ ਨੇ ਉਪਦੇਸ਼ ਪ੍ਰਾਪਤ ਤਾਂ ਕਰ ਲਿਆ ਪਰ ਗੁਰ ਉਪਦੇਸ਼ ਦੀ ਕਮਾਈ ਨਹੀਂ ਕੀਤੀ ਤਾਂ ਉਹ ਲੋਕ ਸਹਜ ਰੂਪ ਮੰਜ਼ਿਲ ਦੀ ਪ੍ਰਾਪਤੀ ਨਹੀਂ ਕਰ ਪਾਉਂਦੇ। ਹਜ਼ੂਰ ਗੁਰੂ ਅਰਜਨ ਦੇਵ ਪਾਤਿਸ਼ਾਹ ਜੀ ਦੇ ਅੰਮ੍ਰਿਤ ਬਚਨ ਹਨ ਕਿ:

ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ ॥
ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ ॥

(ਅੰਗ ੫੨੨)

ਸੁਖ ਭੁੰਚਣ ਦੇ ਸ਼ੌਕੀਨ ਲਈ ਕਮਾਈ ਬਹੁਤ ਹੀ ਲਾਜ਼ਮੀ ਹੈ। ਅਰਦਾਸ

ਇਕ ਆਤਮਾ ਦੀ ਪ੍ਰਮਾਤਮਾ ਦੇ ਦਰ 'ਤੇ ਪੁਕਾਰ ਕਹੀ ਜਾਂਦੀ ਹੈ, ਪਰ ਆਤਮਾ ਦੀ ਪੁਕਾਰ ਕਹਿਣ ਲਈ ਵੀ ਮਨ ਦਾ ਟਿਕਾਅ ਜ਼ਰੂਰੀ ਹੈ। ਮਨ ਦੇ ਟਿਕਾਅ ਲਈ ਇਸ ਨੂੰ ਕੁਝ ਉਦਾਹਰਣਾਂ ਨਾਲ ਸਮਝਾਇਆ ਜਾਂਦਾ ਹੈ। ਉਹ ਉਦਾਹਰਣਾਂ ਹਨ—ਜਿਨ੍ਹਾਂ ਵੰਡ ਕੇ ਛਕਿਆ, ਦੇਗ ਚਲਾਈ, ਤੇਗ਼ ਵਾਹੀ ਇਤਿਆਦਿਕ ਨਾਮ ਦੇ ਕੇ ਉਨ੍ਹਾਂ ਦੀ ਕਮਾਈ ਦਾ ਧਿਆਨ ਧਰਾਇਆ ਜਾਂਦਾ ਹੈ। ਕਮਾਈ ਤਾਂ ਹਰ ਜੀਵ ਕਰ ਰਿਹਾ ਹੈ ਪਰ ਨੇਕ ਅਤੇ ਧਰਮ ਦੀ ਕਮਾਈ ਕੋਈ ਵਿਰਲਾ ਹੀ ਕਰਦਾ ਹੈ, ਕਿਉਂਕਿ ਬਾਕੀ ਕਮਾਈ ਕਰਕੇ ਕੁਝ ਪ੍ਰਾਪਤੀ ਆਪਣੀ ਹੋਂਦ ਨੂੰ ਪੱਕੀ ਕਰਦੀ ਹੈ, ਭਾਵ ਹੰਕਾਰ ਵਧਾਉਂਦੀ ਹੈ, ਪਰ ਧਰਮ ਦੀ ਕਮਾਈ ਤਾਂ ਸਗੋਂ ਅਣਹੋਂਦ ਪੈਦਾ ਕਰਦੀ ਹੈ। ਆਮ ਮਨੁੱਖ ਜ਼ਿੰਦਗੀ ਭਰ ਆਪਣੇ ਲਈ, ਆਪਣੇ ਬੱਚਿਆਂ ਲਈ ਮੰਗਦਾ ਰਹਿੰਦਾ ਹੈ ਪਰ ਦੇਖੋ ਪੰਚਮ ਪਾਤਿਸ਼ਾਹ ਜੀ ਦੇ ਬੋਲ ਸਾਨੂੰ ਕਿੰਨੀ ਪਿਆਰੀ ਪ੍ਰੇਰਨਾ ਦਿੰਦੇ ਹਨ ਕਿ ਹੇ ਭਗਵੰਤ ! ਮੇਰੇ ਉੱਤੇ ਕਿਰਪਾ ਕਰ, ਮੇਰਾ ਮਨ ਚੰਗੀ ਸੋਚ ਦਾ ਧਾਰਨੀ ਹੋ ਜਾਵੇ, ਸਦਾ ਪ੍ਰਮੇਸ਼ਰ ਦੀ ਯਾਦ ਬਣੀ ਰਵੇ, ਨਿਰਮਲ ਸਾਧੂਆਂ ਦਾ ਸੰਗ ਭਾਵ ਸਤਸੰਗਤਿ ਦੀ ਪ੍ਰਾਪਤੀ ਹੋ ਜਾਵੇ, ਮੇਰੀ ਜ਼ਿੰਦਗੀ ਦੀ ਇਕ ਘੜੀ ਵੀ ਅਜਿਹੀ ਨਾ ਹੋਵੇ ਜਿਸ ਵਿੱਚ ਮੈਂ ਤੇਰੀ ਯਾਦ ਤੋਂ ਵਿਛੜ ਜਾਵਾਂ। ਅੰਮ੍ਰਿਤ ਬਚਨ ਹਨ ਕਿ :

ਸੁਭ ਚਿੰਤਨ ਗੋਬਿੰਦ ਰਮਣ ਨਿਰਮਲ ਸਾਧੂ ਸੰਗ ॥
ਨਾਨਕ ਨਾਮੁ ਨ ਵਿਸਰਉ ਇਕ ਘੜੀ ਕਰਿ ਕਿਰਪਾ ਭਗਵੰਤ ॥

(ਅੰਗ ੫੨੨)

ਗੁਰੂ ਉਪਦੇਸ਼ ਦੀ ਕਮਾਈ ਦੇ ਉਪਾਸ਼ਿਕ ਲਈ ਦਸਮ ਗ੍ਰੰਥ ਵਿੱਚ ਇਕ ਬਹੁਤ ਹੀ ਪਿਆਰਾ ਬਚਨ ਹੈ ਕਿ ਹੇ ਰੱਬਾ! ਭਾਵੇਂ ਜਗਤ ਭਿਖਾਰੀ ਦਾ ਤੂੰ ਇਕੋ ਦਾਤਾ ਹੋਣ ਕਰਕੇ ਹਰ ਕੋਈ ਤੇਰੇ ਹੀ ਦਰ ਤੋਂ ਸਭ ਕੁਝ ਮੰਗਦਾ ਹੈ, ਪਰ ਫਿਰ ਵੀ ਮੈਂ ਕੁਝ ਅਜੀਬ ਜਿਹੀਆਂ ਚੀਜ਼ਾਂ ਮੰਗਣ ਆਇਆ ਹਾਂ। ਸਭ ਤੋਂ ਪਹਿਲੀ ਗੱਲ ਹੈ ਕਿ ਮੇਰੀ ਜ਼ਿੰਦਗੀ ਦੀ ਸ਼ੁਰੂਆਤ ਕਿਥੋਂ ਹੋਵੇ, ਉਸ ਲਈ ਮੇਰੀ ਤੇਰੇ ਚਰਨਾਂ ਵਿਚੋਂ ਮੰਗ ਹੈ ਕਿ ਮੈਂ ਕਦੇ ਵੀ ਚੰਗੇ ਕੰਮਾਂ ਤੋਂ ਆਲਸ ਨਾ ਕਰਾਂ ਭਾਵ ਮੇਰੇ ਮਨ ਵਿੱਚ ਹਰ ਵਕਤ ਸ਼ੁਭ ਕਰਮ ਦਾ ਚਾਉ ਪੈਦਾ ਹੋਵੇ। ਦੂਜਾ, ਇਨ੍ਹਾਂ ਚੰਗੇ ਕੰਮਾਂ ਭਾਵ ਸੱਚ ਦੀ ਹਮੇਸ਼ਾ ਜਿੱਤ ਹੋਵੇ। ਤੀਜਾ, ਮੇਰੇ ਮਨ ਇਹ ਸਭ ਕੁਝ ਕਰਦਿਆਂ ਵੀ ਆਪਣੀ ਉਪਮਾ ਲਈ ਕਦੇਂ ਲਾਲਚ ਪੈਦਾ ਨਾ ਹੋਵੇ। ਮੈਨੂੰ ਦੌਲਤ, ਮਾਇਆ, ਆਪਣੀ ਉਪਮਾ ਅਤੇ ਹੋਰ ਕਿਸੇ ਕਿਸਮ ਦਾ ਲਾਲਚ ਨਾ ਹੋਵੇ। ਹਾਂ, ਲਾਲਚ ਤਾਂ ਹੋਵੇ ਪਰ ਤੇਰੇ ਗੁਣ ਗਾਉਣ ਦਾ ਲਾਲਚ ਹੋਵੇ। ਮੈਂ ਵੱਧ ਤੋਂ ਵੱਧ ਤੇਰੀ ਉਪਮਾ ਕਰ ਸਕਾਂ। ਆਖ਼ਿਰ ਮੇਰੀ ਜ਼ਿੰਦਗੀ ਦਾ ਅਖ਼ੀਰ ਕਿਸੇ ਬਿਮਾਰੀ, ਕਿਸੇ ਦੁਰਘਟਨਾ

ਜਾਂ ਬੁਢਾਪੇ ਦੀ ਜਿੱਤ ਦਾ ਮੇਰੀ ਜ਼ਿੰਦਗੀ ਦਾ ਅਖ਼ੀਰ ਨਾ ਹੋਵੇ ਬਲਕਿ ਮੈਂ ਤਾਂ ਹੱਕ ਸੱਚ ਲਈ ਅਤੇ ਰਣ ਵਿੱਚ ਜੂਝਦਿਆਂ ਹੋਇਆਂ ਆਪਣੇ ਸੁਆਸ ਦਾ ਅੰਤ ਕਰਨਾ ਚਾਹੁੰਦਾ ਹਾਂ। ਪਿਆਰਾ ਬਚਨ ਹੈ :

ਦੇਹਿ ਸ਼ਿਵਾ ਬਰ ਮੋਹਿ ਇਹੈ ਸ਼ੁਭ ਕਰਮਨ ਤੇ ਕਬਹੂੰ ਨ ਟਰੋਂ ॥
ਨ ਡਰੋਂ ਅਰਿ ਸੋਂ ਜਬ ਜਾਇ ਲਰੋਂ ਨਿਸਚੈ ਕਰ ਆਪਨੀ ਜੀਤ ਕਰੋਂ ॥
ਅਰ ਸਿਖ ਹੋਂ ਅਪਨੇ ਹੀ ਮਨ ਕੋ ਇਹ ਲਾਲਚ ਹਉ ਗੁਨ ਤਉ ਉਚਰੋਂ ॥
ਜਬ ਆਵ ਕੀ ਅਉਧ ਨਿਧਾਨ ਬਨੈ ਅਤਿ ਹੀ ਰਣ ਮੈ ਤਬ ਜੂਝ ਮਰੋਂ ॥

ਜਿਤਨੀ ਜੀਵਨ ਵਿੱਚ ਸੁਭਾਵਿਕਤਾ ਹੋਵੇਗੀ ਉਤਨਾ ਹੀ ਉਹ ਪੁਰਖ ਪ੍ਰੇਮੀ ਰੱਬੀ ਪਿਆਰ ਦੀ ਮੌਜ ਮਾਣ ਸਕਦਾ ਹੈ। ਕਮਾਈ ਲਈ ਹੁੱਜਤਾਂ ਅਤੇ ਚਲਾਕੀਆਂ ਹਮੇਸ਼ਾਂ ਹੀ ਮਾਰਗ ਦੀਆਂ ਠਾਕ ਭਾਵ ਰੁਕਾਵਟਾਂ ਬਣਦੀਆਂ ਹਨ। ਕਈ ਅਜਿਹੇ ਪੁਰਖ ਹਨ ਜਿਨ੍ਹਾਂ ਨੂੰ ਮਾਲਿਕ ਨੇ ਸੁਭਾਵਿਕਤਾ ਵਿਚੋਂ ਮੋਖ ਦੁਆਰ ਸਮਝਾ ਦਿੱਤਾ।

ਇਕ ਪੁਰਖ ਪ੍ਰੇਮੀ ਇਕ ਦਿਨ ਗੁਰੂ ਘਰ ਚਲਾ ਗਿਆ। ਮੱਥਾ ਟੇਕ ਕੜਾਹ ਪ੍ਰਸ਼ਾਦ ਦੀ ਦੇਗ ਲੈ ਕੇ ਸਾਧ ਸੰਗਤ ਵਿੱਚ ਬੈਠ ਅੰਮ੍ਰਿਤ ਬਾਣੀ ਦੀ ਕਥਾ ਸੁਣਨ ਲੱਗ ਪਿਆ। ਕਥਾਕਾਰ ਨੇ ਰੋਜ਼ਾਨਾ ਜੀਵਨ ਵਿੱਚ ਨਿਤਨੇਮ ਦੀ ਮਹਾਨਤਾ ਦੇ ਵਿਸ਼ੇ ਨੂੰ ਆਪਣੀ ਵਿਚਾਰ ਦਾ ਅਧਾਰ ਬਣਾਇਆ ਹੋਇਆ ਸੀ। ਇਸ ਪ੍ਰੇਮੀ ਨੂੰ ਸੁਣਕੇ ਇਕ ਲਗਨ ਲੱਗ ਗਈ ਕਿ ਗੱਲ ਬਿਲਕੁਲ ਸਿੱਧੀ ਜਿਹੀ ਸੀ ਕਿ ਹੇ ਬੰਦੇ! ਜੋ ਇਕੱਠਾ ਕੀਤਾ ਹੈ, ਉਹ ਨਾਲ ਨਹੀਂ ਜਾਣਾ। ਜੋ ਨਾਲ ਜਾਣਾ ਹੈ, ਇਕੱਠਾ ਤਾਂ ਕੀ ਕਰਨਾ ਸੀ, ਉਸ ਦਾ ਕਦੇ ਖ਼ਿਆਲ ਤੱਕ ਵੀ ਨਹੀਂ ਪੈਦਾ ਹੋਇਆ। ਅੱਜ ਇਨ੍ਹਾਂ ਬਚਨਾਂ ਨੇ ਇਹ ਪਰਪੱਕਤਾ ਬਣਾ ਦਿੱਤੀ ਕਿ ਨਿਤਨੇਮ ਜ਼ਰੂਰ ਹੀ ਕਰਨਾ ਚਾਹੀਦਾ ਹੈ। ਘਰ ਚਲਾ ਗਿਆ। ਹਰ ਰੋਜ਼ ਨਿਤਨੇਮ ਕਰਨ ਲੱਗ ਪਿਆ। ਆਖ਼ਿਰ ਗੁਰੂ ਸਾਹਿਬ ਜੀ ਦੀ ਖ਼ੁਸ਼ੀ ਵੀ ਵੱਧ ਗਈ। ਇਕ ਦਿਨ ਫਿਰ ਇਸ ਬਚਨ ਨੇ ਜੀਵਨ ਵਿੱਚ ਮੋੜ ਲੈ ਆਂਦਾ :

ਜਿਨ ਕਉ ਨਦਰਿ ਕਰਮੁ ਹੋਵੈ ਹਿਰਦੈ ਤਿਨਾ ਸਮਾਣੀ ॥
ਪੀਵਹੁ ਅੰਮ੍ਰਿਤੁ ਸਦਾ ਰਹਹੁ ਹਰਿ ਰੰਗਿ ਜਪਿਹੁ ਸਾਰਿਗਪਾਣੀ ॥
ਕਹੈ ਨਾਨਕੁ ਸਦਾ ਗਾਵਹੁ ਏਹ ਸਚੀ ਬਾਣੀ ॥

(ਅੰਗ ੯੨੦)

ਇਸ ਬਚਨ ਨੇ ਮਾਨੋਂ ਅੰਦਰੋਂ ਅਜਿਹੀ ਪਿਆਸ ਜਗਾ ਦਿੱਤੀ ਜਿਹੜੀ ਮੁੜ ਖੰਡੇ ਬਾਟੇ ਦੇ ਅੰਮ੍ਰਿਤ ਦੀ ਪ੍ਰਾਪਤੀ ਨੇ ਹੀ ਸ਼ਾਂਤ ਕੀਤੀ। ਅੱਜ ਕੰਮ ਕਾਰ ਤੋਂ ਵਿਹਲਾ ਹੋ ਕੇ ਘਰ ਆਇਆ। ਰਹਿਰਾਸ ਸਾਹਿਬ ਦਾ ਪਾਠ ਕਰਕੇ, ਪ੍ਰਸ਼ਾਦਾ ਪਾਣੀ ਛਕਕੇ ਸਾਂਈਂ ਦੀ ਯਾਦ ਵਿੱਚ ਜੁੜ ਗਿਆ। ਸੋਹਿਲਾ ਸਾਹਿਬ ਦੀ ਬਾਣੀ ਬੜੀ

ਇਕਾਗਰਤਾ ਨਾਲ ਪੜ੍ਹ ਰਿਹਾ ਸੀ। ਜਦੋਂ ਇਹ ਬਚਨ ਸਾਹਮਣੇ ਆਇਆ ਕਿ :

ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ ਬਹੁਰਿ ਨ ਹੋਇਗੋ ਫੇਰਾ ॥

ਇਸ ਬਚਨ ਨੇ ਅਜਿਹੀ ਸੁਰਤ ਨਾਲ ਦੋਸਤੀ ਪਾਈ ਕਿ ਅੰਦਰ ਦਿਨ ਰਾਤ ਹੀ ਅਜਪਾ ਜਾਪ ਚੱਲ ਪਿਆ। ਖ਼ਿਆਲ ਆ ਗਿਆ ਕਿ ਉਹ ਨਿਜ ਘਰਿ ਕਿਹੜਾ ਹੈ। ਮਾਲਿਕ ਵਾਹਿਗੁਰੂ ਜੀ ! ਮੇਰੇ ਮਨ ਅੰਦਰਿ ਉਸ ਨਿਜ ਘਰਿ ਵੱਸਣ ਦਾ ਚਾਅ ਪੈਦਾ ਹੋ ਗਿਆ ਹੈ। ਆਪ ਕਿਰਪਾ ਕਰਕੇ ਮੇਰੀ ਬਾਂਹ ਪਕੜੋ ਅਤੇ ਮੈਨੂੰ ਜਨਮ ਦਰ ਜਨਮ ਭਟਕਦੇ ਨੂੰ ਨਿਜ ਘਰ ਤੱਕ ਪਹੁੰਚਾ ਦਿਉ ਜੀ। ਹਿਰਦੇ ਦੇ ਬੋਲ ਵਾਹਿਗੁਰੂ ਜੀ ਦੇ ਦਰ 'ਤੇ ਪ੍ਰਵਾਨ ਹੋਏ। ਆਖ਼ਿਰ ਸੰਸਾਰ ਪ੍ਰੀਵਾਰ ਵਿੱਚ ਰਹਿੰਦਿਆਂ ਸੁਭਾਵਿਕ ਹੀ ਗੁਰੂ ਬਚਨਾਂ ਦੀ ਕਮਾਈ ਨੇ ਇਕ ਦਿਨ ਆਤਮਾ ਤੋਂ ਸਰੀਰਕ ਚੋਲਾ ਲਾਹ ਕੇ ਪ੍ਰਮਾਤਮਾ ਵਿੱਚ ਅਭੇਦ ਕਰ ਦਿੱਤਾ। ਗੁਰਮੁਖ ਪਿਆਰਿਓ ! ਭਾਈ ਗੁਰਦਾਸ ਜੀ ਇਸੇ ਲਈ ਸਦਕੇ ਜਾਂਦੇ ਹੋਏ ਆਖਦੇ ਹਨ ਕਿ ਉਹ ਗੁਰਸਿਖ ਧੰਨ ਹਨ ਜਿਨ੍ਹਾਂ ਨੇ ਗੁਰੂ ਉਪਦੇਸ਼ ਦੀ ਕਮਾਈ ਕਰਕੇ ਜੀਵਨ ਦਾ ਲਾਹਾ ਖੱਟ ਲਿਆ।

ਬੰਦੇ ਦੀ ਜ਼ਿੰਦਗੀ ਦੀ ਵੱਡੀ ਮੁਸ਼ਕਿਲ ਹੀ ਇਹੋ ਹੈ ਕਿ ਦਾਅਵੇ ਬਹੁਤੇ ਹਨ ਪਰ ਕਮਾਈ ਘੱਟ ਹੈ। ਗੁਰਮੁਖ ਦੀ ਜ਼ਿੰਦਗੀ ਵਿੱਚ ਕਮਾਈ ਬਹੁਤ ਹੁੰਦੀ ਹੈ ਪਰ ਜੀਵਨ ਨਿਰਦਾਅਵੇ ਵਾਲਾ ਹੁੰਦਾ ਹੈ। ਜੇਕਰ ਕਿਧਰੇ ਅਜਿਹੀ ਠੋਕਰ ਲੱਗਦੀ ਵੀ ਹੈ ਤਾਂ ਮਾਲਿਕ ਆਪ ਹੀ ਕਿਰਪਾ ਕਰਕੇ ਬਚਾ ਲੈਂਦਾ ਹੈ। ਇਕ ਰੱਬੀ ਪਿਆਰ ਵਾਲੀ ਅਜਿਹੀ ਰੂਹ ਦੀ ਇਕ ਹੋਰ ਗਾਥਾ ਹੋ ਸਕਦਾ ਹੈ ਸਾਡੀ ਸਮਝ ਨੂੰ ਪ੍ਰਮਾਰਥੀ ਰਾਹ ਵੱਲ ਪ੍ਰੇਰਨਾ ਦੇ ਦੇਵੇ। ਇਹ ਪ੍ਰੇਮੀ ਹਰ ਰੋਜ਼ ਹਰ ਪਲ ਮਾਲਿਕ ਦੀ ਯਾਦ ਵਿੱਚ ਜੁੜਿਆ ਰਹਿੰਦਾ ਸੀ। ਪੂਰੇ ਗੁਰੂ ਸਾਹਿਬ ਧੰਨ ਗੁਰੂ ਗ੍ਰੰਥ ਸਾਹਿਬ ਸੱਚੇ ਪਾਤਿਸ਼ਾਹ ਨੇ ਇਸ ਪ੍ਰੇਮੀ ਉੱਤੇ ਬਹੁਤ ਬਰਕਤਾਂ ਭਰੀ ਨਦਰਿ ਕੀਤੀ ਹੋਈ ਸੀ। ਗੁਰੂ ਪੂਰੇ ਦੇ ਚਰਨੀਂ ਲਾਉਣ ਦਾ ਅਹਿਸਾਸ ਹੀ ਇਹ ਹੁੰਦਾ ਹੈ ਕਿ ਪ੍ਰਮੇਸ਼ਰ ਦੀ ਹਜ਼ੂਰੀ ਹਰ ਵਕਤ ਭਾਸਦੀ ਹੈ ਭਾਵ ਹਾਜ਼ਰਾ ਹਜ਼ੂਰ ਪ੍ਰਤੀਤ ਹੁੰਦਾ ਹੈ। ਉਸਨੂੰ ਤਾਂ "ਜਤ੍ਰ ਤਤ੍ਰ ਦਿਸਾ ਵਿਸਾ ਹੋਇ ਫੈਲਿਓ ਅਨੁਰਾਗ" ਮਹਿਸੂਸ ਹੁੰਦਾ ਹੈ। ਇਸ ਪ੍ਰੇਮੀ ਨੂੰ ਵੀ ਹਰ ਵਕਤ ਸਾਂਈਂ ਦੀ ਹਜ਼ੂਰੀ ਪ੍ਰਤੀਤ ਹੁੰਦੀ ਸੀ। ਇਕ ਵਾਰੀ ਆਪਣੇ ਦੁਨਿਆਵੀ ਕਾਰਜ ਲਈ ਤੁਰਿਆ ਜਾ ਰਿਹਾ ਸੀ ਕਿ ਰਸਤੇ ਵਿੱਚ ਪ੍ਰਤੀਤ ਹੋਵੇ ਜਿਵੇਂ ਮੇਰੇ ਨਾਲ ਨਾਲ ਕੋਈ ਹੋਵੇ। ਵਾਹਿਗੁਰੂ ਵਾਹਿਗੁਰੂ ਜਪਦਿਆਂ ਅੰਦਰ ਪੂਰਨ ਸ਼ੁਕਰ ਅਤੇ ਮਿਠਾਸ ਨਾਲ ਭਰਿਆ ਪਿਆ ਸੀ। ਚਿਹਰਾ ਮੁਸਕਰਾ ਮੁਸਕਰਾ ਕੇ ਆਤਮਿਕ ਰਸ ਦੀ ਪ੍ਰਾਪਤੀ ਦੀ ਗਵਾਹੀ ਭਰਦਾ ਸੀ। ਅਚਾਨਕ ਹੀ ਰਾਹ ਵਿੱਚ ਥੋੜ੍ਹਾ ਜਿਹਾ ਰਸਤਾ ਰੇਤ ਵਾਲਾ ਆ ਗਿਆ। ਇਸ ਪ੍ਰੇਮੀ ਦੀ ਜੁੱਤੀ ਵੀ

ਕੁਝ ਮਸਤਾਨੀ (ਟੁੱਟੀ ਹੋਈ) ਸੀ। ਇਸ ਨੇ ਇਹ ਸੋਚ ਕੇ ਕਿ ਇਹ ਰੇਤ ਉਡਾ ਰਹੀ ਹੈ, ਕਿਧਰੇ ਮੇਰੇ ਪਿਆਰੇ ਦੀ ਬੇਅਦਬੀ ਨਾ ਹੋਵੇ, ਉਹ ਜੁੱਤੀ ਖੋਹਲ ਕੇ ਹੱਥ ਵਿੱਚ ਪਕੜ ਕੇ ਹੀ ਤੁਰਨ ਲੱਗ ਪਿਆ। ਆਪਣੀ ਮਸਤੀ ਵਿੱਚ ਤੁਰਿਆ ਗਿਆ। ਜਦੋਂ ਰੇਤਲਾ ਇਲਾਕਾ ਪਾਰ ਹੋ ਗਿਆ ਤਾਂ ਉਸ ਨੂੰ ਪ੍ਰਤੀਤ ਹੋਇਆ ਕਿ ਮੇਰੇ ਪਿਛੇ ਤਾਂ ਪਹਿਲਾਂ ਚਾਰ ਪੈੜਾਂ ਬਣਦੀਆਂ ਸਨ, ਪਰ ਹੁਣ ਦੋ ਹੀ ਹਨ। ਪਤਾ ਨਹੀਂ ਕਿਵੇਂ ਮਨ ਵਿੱਚ ਇਹ ਸ਼ੰਕਾ ਖੜਾ ਹੋ ਗਿਆ ਕਿ ਹੇ ਰੱਬਾ ! ਦੁੱਖਾਂ ਜਾਂ ਤਪਸ਼ਾਂ ਵਿੱਚ ਤੂੰ ਵੀ ਸਾਥ ਛੱਡ ਦੇਂਦਾ ਹੈਂ। ਇਸ ਸ਼ੰਕੇ ਨੇ ਅੰਦਰੂਨੀ ਖ਼ੁਸ਼ੀ ਲੁੱਟ ਲਈ। ਰੱਬੀ ਪਿਆਰ ਵਾਲਾ ਤਾਂ ਇਸ ਅੰਦਰੂਨੀ ਰਸ ਬਿਨਾਂ ਇਕ ਪਲ ਵੀ ਨਹੀਂ ਰਹਿ ਸਕਦਾ। ਆਖ਼ਿਰ ਬੈਰਾਗ ਵਿੱਚ ਰੋ ਰੋ ਬੇਨਤੀਆਂ ਕਰਨ ਲੱਗ ਪਿਆ ਕਿ ਹੇ ਸਾਹਿਬਾ ! ਮੈਂ ਕੀ ਕਰਾਂ। ਜਦੋਂ ਮੈਂ ਉਹ ਸਫ਼ਰ ਯਾਦ ਕਰਦਾ ਹਾਂ ਤਾਂ ਪ੍ਰਤੀਤ ਹੁੰਦਾ ਹੈ ਕਿ ਦੋ ਹੀ ਪੈੜਾਂ ਦੇ ਨਿਸ਼ਾਨ ਸਨ। ਇਸ ਲਈ ਮੈਂ ਇਕੱਲਾ ਹੀ ਤੁਰ ਰਿਹਾ ਸੀ, ਪਰ ਦੂਜੇ ਪਾਸੇ ਮੈਂ ਕਦੇ ਵੀ ਇਤਨਾ ਲੁਟਿਆ ਨਹੀਂ ਗਿਆ ਜਿਤਨਾ ਇਸ ਸ਼ੰਕੇ ਨੇ ਲੁੱਟ ਲਿਆ। ਮੇਰੀ ਸਾਰੀ ਅੰਦਰੂਨੀ ਦੌਲਤ ਲੁੱਟ ਲਈ ਹੈ। ਸੋ ਕ੍ਰਿਪਾ ਕਰੋ ਜੀ। ਇਸੇ ਪ੍ਰੇਮ ਤੇ ਵੈਰਾਗ ਦੀ ਅਵਸਥਾ ਵਿੱਚ ਰੋਂਦਿਆਂ ਰੋਂਦਿਆਂ ਥੋੜ੍ਹੀ ਜਿਹੀ ਪਰ ਮਿੱਠੀ ਜਿਹੀ ਨੀਂਦਰ ਆ ਗਈ। ਅਸਲ ਵਿੱਚ ਇਹ ਨੀਂਦ ਨਹੀਂ ਬਲਕਿ ਪਿਆਰੇ ਦੇ ਜਵਾਬ ਦੇਣ ਦਾ ਹੀ ਰਹੱਸ ਸੀ। ਸੁਪਨਾ ਆਇਆ ਕਿ ਇਹ ਤਾਂ ਠੀਕ ਹੈ ਕਿ ਪੈੜਾਂ ਦੇ ਨਿਸ਼ਾਨ ਦੋ ਹੀ ਦਿਸਦੇ ਸਨ, ਪਰ ਭਲਿਆ, ਇਹ ਵੀ ਸੋਚਿਆ ਹੈ ਕਿ ਰੇਤ ਇਤਨੀ ਤਪੀ ਹੋਣ ਦੇ ਬਾਵਜੂਦ ਵੀ ਤੈਨੂੰ ਤਪਸ਼ ਕਿਉਂ ਨਹੀਂ ਲੱਗੀ ? ਉਸੇ ਵਕਤ ਅੱਖ ਖੁੱਲ੍ਹ ਗਈ। ਗੁਰੂ ਚਰਨਾਂ ਵਿੱਚ ਜਾ ਕੇ ਧਾਹਾਂ ਮਾਰਕੇ ਰੋ ਉਠਿਆ ਕਿ ਹੇ ਮੇਰੇ ਮਾਲਿਕ ! ਮੇਰੀ ਹੀ ਗ਼ਲਤੀ ਹੈ ਜਿਸ ਦੀ ਸੋਚ ਵਿੱਚ ਇਹ ਸ਼ੰਕਾ ਪੈਦਾ ਹੋਇਆ ਹੈ। ਮੈਨੂੰ ਹੁਣ ਪ੍ਰਤੀਤ ਹੋਇਆ ਹੈ ਕਿ ਉਹ ਚਾਰ ਪੈੜਾਂ ਤੋਂ ਦੋ ਪੈੜਾਂ ਦੇ ਨਿਸ਼ਾਨ ਕਿਉਂ ਰਹਿ ਗਏ ਸਨ। ਅਸਲ ਵਿੱਚ ਤੁਸਾਂ ਮੇਰੇ ਪੈਰ ਹੀ ਧਰਤੀ 'ਤੇ ਨਹੀਂ ਛੂਹਣ ਦਿੱਤੇ। ਮੈਨੂੰ ਪ੍ਰਤੀਤ ਹੁੰਦਾ ਹੈ ਕਿ ਜਿਵੇਂ ਤੁਸੀਂ ਗੋਦ ਵਿੱਚ ਚੁੱਕਕੇ ਹੀ ਮੇਰਾ ਉਹ ਸਫ਼ਰ ਤਹਿ ਕਰਵਾ ਦਿੱਤਾ। ਕਮਾਈ ਵਾਲੇ ਜੀਵਨ ਵਿੱਚ ਉਸ ਦੀਆਂ ਬਰਕਤਾਂ ਦਾ ਅੰਤ ਨਹੀਂ ਹੁੰਦਾ। ਬਸ ਸ਼ਰਤ ਇਕੋ ਹੀ ਹੈ ਕਿ ਗੁਰਮੁਖ ਪ੍ਰੇਮੀ ਗੁਰੂ ਉਪਦੇਸ਼ਾਂ ਦੀ ਕਮਾਈ ਕਰਨ ਵਾਲਾ ਹੋਵੇ। ਭਾਈ ਗੁਰਦਾਸ ਜੀ ਦਾ ਇਕ ਬਹੁਤ ਪਿਆਰਾ ਬਚਨ ਹੈ :-

ਗੁਰਮੁਖਿ ਪਿਰਮ ਚਖਾਇਆ ਭੁਖ ਨਾ ਖਾਣੁ ਪੀਅਣੁ ਅੰਨੁ ਪਾਣੀ ॥
ਸ਼ਬਦਾ ਸੁਰਤਿ ਨੀਂਦ ਉਘੜੀ ਜਾਗਦਿਆ ਸੁਖ ਰੈਣਿ ਵਿਹਾਣੀ ॥
ਸਾਹੇ ਬੱਧੇ ਸੋਹਦੇ, ਮੈਲਾਪੜ ਪਰਵਾਣੁ ਪ੍ਰਾਣੀ ॥

ਚਲਣੁ ਜਾਣਿ ਸੁਜਾਣ ਹੋਇ ਜਗ ਮਿਹਮਾਨ ਆਏ ਮਿਹਮਾਣੀ ॥
ਸਚ ਵਣਜ ਖੇਲਿ ਲੈ ਚਲੇ, ਗੁਰਮੁਖਿ ਗਾਡੀ ਰਾਹੁ ਨਿਸਾਣੀ ॥
ਹਲਤ ਪਲਤ ਮੁਖ ਉਜਲੇ, ਗੁਰ ਸਿਖ ਗੁਰਸਿਖਾਂ ਮਨਿ ਭਾਣੀ ॥
ਸਾਧ ਸੰਗਤਿ ਵਿਚਿ ਅਕਥ ਕਹਾਣੀ ॥

(ਵਾਰ ੨੯/੧੨)

ਵਾਰ ਦੇ ਅਰਥ :

ਗੁਰਮੁਖਿ ਨੇ ਪ੍ਰੇਮ ਰਸ ਦੀ ਅਜਿਹੀ ਮੌਜ ਮਾਣ ਲਈ ਜਿਸ ਲਈ ਹੁਣ ਉਸਨੂੰ ਖਾਣ ਪੀਣ ਦੀ ਲਾਲਸਾ ਨਹੀਂ ਸਤਾਉਂਦੀ। ਸ਼ਬਦ ਸੁਰਤਿ ਦੇ ਮਿਲਾਪ ਤੋਂ ਪੈਦਾ ਹੋਏ ਗਿਆਨ ਨਾਲ ਮਾਨੋ ਸਾਰੀ ਜ਼ਿੰਦਗੀ ਰੂਪ ਰਾਤ ਜਾਗ ਕੇ ਕੱਟੀ ਹੈ। ਵਿਆਹ ਵਾਲੇ ਲੜਕੇ ਜਾਂ ਲੜਕੀ ਦਾ ਜਦੋਂ ਸਾਹਾ ਬੰਨ੍ਹ ਦਿੱਤਾ ਜਾਂਦਾ ਹੈ ਤਾਂ ਉਹ ਸਾਦੇ ਕੱਪੜੇ ਪਾ ਕੇ ਰੱਖਦੇ ਹਨ ਤਾਂਕਿ ਵਿਆਹ ਵਾਲੇ ਦਿਨ ਪਹਿਨੇ ਹੋਏ ਨਵੇਂ ਕੱਪੜੇ ਉਸ ਦੀ ਸੁਹੱਪਣ ਵਿੱਚ ਵਾਧਾ ਕਰਨ, ਪਰ ਵਿਆਹ ਤੋਂ ਪਹਿਲਾਂ ਮੈਲੇ ਕੱਪੜੇ ਵੀ ਚੰਗੇ ਲੱਗਦੇ ਹਨ, ਕਿਉਂਕਿ ਉਹ ਪਤੀ ਪਤਨੀ ਦੇ ਰੂਪ ਵਿੱਚ ਇਕ ਦੂਜੇ ਨੂੰ ਪ੍ਰਵਾਨ ਹੋ ਚੁੱਕੇ ਹਨ। ਇਸੇ ਤਰ੍ਹਾਂ ਗੁਰਮੁਖ ਭਾਵੇਂ ਸਾਦੀ ਜਿਹੀ ਪੁਸ਼ਾਕ ਵਿੱਚ ਰਹਿਣ, ਪਰ ਉਹ ਆਪਣੇ ਮਾਲਿਕ ਦੇ ਘਰ ਪ੍ਰਵਾਨ ਹੋ ਚੁੱਕੇ ਹਨ। ਉਹ ਮਹਿਮਾਨਾਂ ਦੀ ਤਰ੍ਹਾਂ ਰਹਿੰਦੇ ਹਨ। ਸੱਚ ਹੀ ਇਕੱਠਾ ਕਰਦੇ ਹਨ। ਗੁਰੂ ਦਾ ਉਪਦੇਸ਼ ਚੰਗਾ ਲੱਗਣ ਕਰਕੇ ਉਨ੍ਹਾਂ ਦੀ ਸੰਗਤਿ ਵਿੱਚ ਵੀਚਾਰ ਹੁੰਦੀ ਹੈ ਤੇ ਪ੍ਰਲੋਕ ਵਿੱਚ ਮੁਖ ਉਜਲਾ ਹੁੰਦਾ ਹੈ। ਜਗਤ ਦਾ ਇਕ ਦਸਤੂਰ ਹੈ ਕਿ ਫਲ ਹਰ ਕੋਈ ਚਾਹੁੰਦਾ ਹੈ, ਪਰ ਦੂਜੇ ਪਾਸੇ ਇਹ ਵੀ ਚਾਹਤ ਰੱਖਦਾ ਹੈ ਕਿ ਮੈਂ ਫਲ ਦੀ ਪ੍ਰਾਪਤੀ ਤੱਕ ਕਿਸੇ ਨਾ ਕਿਸੇ ਤਰ੍ਹਾਂ ਬਿਨਾਂ ਹੀ ਮਿਹਨਤ ਕਰਿਆਂ ਪਹੁੰਚ ਜਾਵਾਂ। ਅਜਿਹਾ ਬਹੁਤੀ ਵਾਰੀ ਅਸੰਭਵ ਹੀ ਹੁੰਦਾ ਹੈ, ਕਿਉਂਕਿ ਮਿਹਨਤ ਜਾਂ ਕਮਾਈ ਬੀਜ ਦਾ ਨਾਮ ਹੈ ਅਤੇ ਪ੍ਰਾਪਤੀ ਫਲ ਦਾ ਨਾਮ ਹੈ। ਜੇਕਰ ਮਿਹਨਤ ਜਾਂ ਕਮਾਈ ਹੀ ਕੋਈ ਨਹੀਂ ਤਾਂ ਫਿਰ ਫਲ ਦੀ ਆਸ ਰੱਖਣਾ ਵੀ ਮੂਰਖਤਾਈ ਹੈ।

ਇਕ ਗਾਥਾ ਦੀ ਸਾਂਝ ਕਰੀਏ। ਅੰਬਾਲੇ ਜ਼ਿਲ੍ਹੇ ਦੀ ਨਰਾਇਣਗੜ੍ਹ ਤਹਿਸੀਲ ਵਿੱਚ ਅੱਜ ਇਕ ਅਸਥਾਨ ਗੁਰੂ ਪ੍ਰੇਮੀਆਂ ਨੂੰ ਬਹੁਤ ਪਿਆਰਾ ਸੁਨੇਹਾ ਮਾਨੋ ਆਪ ਬੀਤੀ ਘਟਨਾ ਯਾਦ ਕਰਵਾਉਂਦਾ ਹੈ। ਇਥੋਂ ਦਾ ਰਾਜਾ ਫ਼ਤਹਿ ਚੰਦ ਹੁੰਦਾ ਸੀ। ਜਦੋਂ ਗੁਰੂ ਜੀ ਪਉਂਟਾ ਸਾਹਿਬ ਤੋਂ ਵਾਪਿਸ ਅਨੰਦਪੁਰ ਸਾਹਿਬ ਨੂੰ ਮੁੜਨ ਲੱਗੇ ਤਾਂ ਕਲਗੀਧਰ ਪਾਤਿਸ਼ਾਹ ਜੀ ਨੇ ਚਿਰਾਂ ਤੋਂ ਉਡੀਕ ਲਾਈ ਬੈਠੀ ਫ਼ਤਹਿ ਚੰਦ ਦੀ ਰਾਣੀ ਨੂੰ ਵੀ ਦਰਸ਼ਨਾਂ ਦੀ ਦਾਤਿ ਬਖ਼ਸ਼ ਕੇ ਮਨ ਦੀ ਸ਼ਰਧਾ ਪੂਰਨਹਾਰੇ ਨੇ ਮਨ ਬਣਾ ਲਿਆ। ਉਨ੍ਹਾਂ ਵਕਤਾਂ ਵਿੱਚ ਪਹਾੜੀਆਂ ਦੇ ਛੋਟੇ-ਛੋਟੇ ਰਾਜ ਹੁੰਦੇ

ਸਨ। ਹਰ ਕੋਈ ਤਕੜਾ ਛੋਟੇ ਨੂੰ ਦਬਾ ਕੇ ਰੱਖਣਾ ਚਾਹੁੰਦਾ ਸੀ। ਫ਼ਤਹਿ ਚੰਦ ਨੂੰ ਗੁਰੂ ਜੀ ਦਾ ਆਉਣਾ ਪਤਾ ਲੱਗਾ ਤਾਂ ਉਹ ਪਹਾੜੀ ਰਾਜਿਆਂ ਦੀ ਕਰੋਪੀ ਤੋਂ ਡਰਦਾ ਹੋਇਆ ਛੁਪ ਗਿਆ, ਪਰ ਰਾਣੀ ਨੇ ਅਥਾਹ ਸਿਦਕ ਰੱਖਿਆ ਕਿ ਜਿਹੜਾ ਆਪ ਉਜੜ ਕੇ ਦੂਜਿਆਂ ਨੂੰ ਵਸਾਉਂਦਾ ਹੈ। ਜਿਸ ਦੇ ਦਰ ਨਾਲ ਇਹ ਮਹਾਨਤਾ ਜੁੜੀ ਹੋਈ ਹੈ ਕਿ ਉਹ ਨਿਥਾਵਿਆਂ ਦਾ ਥਾਨ ਹੈ। ਇਸ ਦੁਨੀਆਂ ਦੀ ਤਾਂ ਵੱਖਰੀ ਗੱਲ, ਉਸ ਦੀ ਇਕ ਰਹਿਮਤ ਭਰੀ ਦ੍ਰਿਸ਼ਟੀ ਰੱਬੀ ਦਰਗਾਹ ਵਿੱਚ ਨਿਥਾਵੇਂ ਲਈ ਥਾਂ ਬਣਾ ਸਕਦੀ ਹੈ ਤਾਂ ਉਸ ਦਾ ਆਉਣਾ ਕਰੋਪੀ ਨਹੀਂ ਬਲਕਿ ਜੀਵਨ ਦੇ ਖੇੜੇ ਲੈ ਕੇ ਆਵੇਗਾ। ਇਸ ਲਈ ਰਾਣੀ ਸਿਦਕ ਵਿੱਚ ਟਿਕੀ ਰਹੀ। ਦਸਮੇਸ਼ ਪਾਤਿਸ਼ਾਹ ਜੀ ਦੀ ਆਮਦ ਹੋਈ। ਰਾਣੀ ਨੇ ਹੱਥੀਂ ਸੇਵਾ ਕੀਤੀ, ਆਪਣੇ ਪੁੱਤਰ ਕੋਲੋਂ ਸੇਵਾ ਕਰਵਾਈ। ਸਾਹਿਬ ਜੀ ਨੇ ਵੀ ਤ੍ਰੁੱਠ ਕੇ ਸਿੱਖੀ ਦੀ ਦਾਤਿ ਬਖ਼ਸ਼ੀ ਅਤੇ ਉਪਦੇਸ਼ ਦਿੱਤਾ :

ਹੋਇ ਪ੍ਰਸੰਨ ਸ੍ਰੀ ਪ੍ਰਭ ਕਹਯੋ ਸਿਰ ਕੇਸ ਰਖੀਜੈ ॥
ਅਯੁੱਧ ਵਿਦਿਆ ਕੇ ਬਿਖੈ ਸੁਤ ਨਿਪੁੰਨ ਕਰੀਜੈ ॥

ਅੱਜ ਉਸ ਅਸਥਾਨ ਦਾ ਨਾਂ ਫ਼ਤਹਿ ਚੰਦ ਦੇ ਨਾਂ 'ਤੇ ਨਹੀਂ ਬਲਕਿ ਉਸ ਰਾਣੀ ਦੇ ਨਾਂ ਨਾਲ ਪ੍ਰਸਿੱਧ ਹੋ ਗਿਆ ਅਤੇ ਹਰ ਕੋਈ "ਰਾਇਪੁਰ ਰਾਣੀ" ਦੇ ਨਾਮ ਨਾਲ ਯਾਦ ਕਰਦਾ ਹੈ। ਫ਼ਤਹਿ ਚੰਦ ਦਾ ਵੀ ਕੋਈ ਨਾਂ ਲੈਂਦਾ ਹੈ ਤਾਂ ਰਾਣੀ ਦਾ ਪਤੀ ਹੋਣ ਕਰਕੇ ਹੀ ਲੈਂਦਾ ਹੈ। ਰਾਣੀਆਂ ਤਾਂ ਹੋਰ ਵੀ ਪਹਾੜੀ ਰਾਜਿਆਂ ਦੀਆਂ ਸਨ। ਉਨ੍ਹਾਂ ਰਾਜਾਂ ਨੂੰ ਹਰ ਕੋਈ ਰਾਜਿਆਂ ਦੇ ਨਾਮ ਨਾਲ ਹੀ ਜਾਣਦਾ ਹੈ ਪਰ ਗੁਰੂ ਉਪਦੇਸ਼ ਦੀ ਕਮਾਈ ਨੇ ਰਾਣੀ ਨੂੰ ਸਦਾ ਲਈ ਅਮਰ ਕਰ ਦਿੱਤਾ। ਇਸੇ ਲਈ ਭਾਈ ਗੁਰਦਾਸ ਜੀ ਆਖਦੇ ਹਨ ਕਿ :-

ਹਉਂ ਤਿਸ ਘੋਲਿ ਘੁਮਾਇਆ ਸਤਿਗੁਰ ਦਾ ਉਪਦੇਸ ਕਮਾਵੈ ॥

ਭਾਈ ਗੁਰਦਾਸ ਜੀ ਦੀ ਬਾਣੀ ਦੀ ਇਸ ਵੀਚਾਰ ਵਾਲੀ ਪਉੜੀ ਵਿੱਚ ਗੁਰਮੁਖਿ ਦੇ ਸਹਜ ਸਮਾਉਣ ਦੀਆਂ ਨਿਸ਼ਾਨੀਆਂ ਅਤੇ ਸਾਵਧਾਨੀਆਂ ਦਾ ਜ਼ਿਕਰ ਕਰਦਿਆਂ ਇਥੇ ਪਹੁੰਚੇ ਹਾਂ ਕਿ :-

ਹਉਂ ਤਿਸ ਘੋਲਿ ਘੁਮਾਇਆ
ਥੋੜਾ ਸਵੈ ਥੋੜਾ ਹੀ ਖਾਵੈ ॥

ਅਸਲ ਵਿੱਚ ਸਿਆਣਾ ਰਾਹੀ ਹਮੇਸ਼ਾਂ ਇਸ ਗੱਲ ਦਾ ਖ਼ਿਆਲ ਰੱਖਦਾ ਹੈ ਕਿ ਜਿਤਨਾ ਮੈ ਹਲਕਾ ਫੁਲਕਾ ਖੋਵਾਂਗਾ ਉਤਨਾ ਹੀ ਸਫ਼ਰ ਕਰਨਾ ਸੌਖਾ ਹੋਵੇਗਾ। ਬੇਲੋੜਾ ਖਾਧਾ ਹੋਇਆ ਕੇਵਲ ਬੋਝਲ ਹੀ ਨਹੀਂ ਹੁੰਦਾ ਬਲਕਿ ਰੋਗੀ ਵੀ ਬਣਾ ਦਿੰਦਾ ਹੈ। ਸਿਆਣੇ ਲੋਕਾਂ ਦੀ ਵੀਚਾਰ ਹੈ ਕਿ ਆਲਸ ਵੀ ਜ਼ਿੰਦਗੀ ਦੀ ਤਬਾਹੀ

ਦਾ ਇਕ ਵੱਡਾ ਹਿੱਸੇਦਾਰ ਹੈ। ਆਲਸੀ ਪੁਰਖ ਹਮੇਸ਼ਾਂ ਕਾਹਲੀ ਕਰੇਗਾ। ਕਾਹਲ ਹੀ ਸਹਜ ਦੀ ਕਾਤਲ ਹੈ। ਕਾਹਲੇ ਪੁਰਖ ਅੰਦਰ ਕਦੇ ਸਹਜ ਨਹੀਂ ਟਿਕ ਸਕਦਾ। ਅਜਿਹਾ ਪੁਰਖ ਆਲਸ ਕਾਰਨ ਜ਼ਿਆਦਾ ਨੀਂਦ ਦਾ ਧਾਰਨੀ ਹੁੰਦਾ ਹੈ। ਭਗਤੀ ਦੇ ਰਾਹ ਵਿੱਚ ਇਹ ਦੋ ਵੱਡੀਆਂ ਰੁਕਾਵਟਾਂ ਹਨ। ਇਕ ਨੀਂਦ ਅਤੇ ਦੂਜਾ ਆਲਸ। ਸਿੱਧਾਂ ਨੇ ਲੰਮਾਂ ਸਮਾਂ ਆਪਣੀ ਜ਼ਿੰਦਗੀ ਰੂਪ ਸਮੁੰਦਰ ਨੂੰ ਰਿੜਕ ਕੇ ਜਿਹੜੇ ਤੱਥ ਕੱਢੇ ਸਨ ਉਨ੍ਹਾਂ ਦੀ ਵੀਚਾਰ ਸਿੱਧਾਂ ਨੇ ਗੁਰੂ ਨਾਨਕ ਸਾਹਿਬ ਪਾਤਿਸ਼ਾਹ ਨਾਲ ਕੀਤੀ ਸੀ। ਗੋਰਖ ਦਾ ਸਭ ਤੋਂ ਪਿਆਰਾ ਚੇਲਾ ਜਿਹੜਾ ਪੁੱਤਰਾਂ ਵਰਗੇ ਪਿਆਰ ਦਾ ਧਾਰਨੀ ਹੋ ਚੁੱਕਾ ਸੀ, ਸਤਿਗੁਰੂ ਜੀ ਨਾਲ ਵੀਚਾਰ ਕਰਦਾ ਹੈ ਕਿ ਅਸੀਂ ਦੁਨੀਆਂ ਦੀਆਂ ਹਟੀਆਂ ਬਾਟੀਆਂ ਭਾਵ ਸੰਸਾਰਿਕ ਝਮੇਲਿਆਂ ਤੋਂ ਬਿਲਕੁਲ ਸੱਖਣੇ ਹੋ ਕੇ ਜੰਗਲਾਂ ਵਿੱਚ ਰਹਿਕੇ ਅਤੇ ਕੰਦ ਮੂਲ (ਜੜ੍ਹੀਆਂ ਬੂਟੀਆਂ) ਆਦਿਕ ਖਾ ਕੇ ਗੁਜ਼ਾਰਾ ਕਰਦੇ ਹਾਂ। ਤੀਰਥਾਂ 'ਤੇ ਇਸ਼ਨਾਨ ਕਰਦੇ ਹਾਂ ਅਤੇ ਅਸੀਂ ਮੈਲੇ ਨਹੀਂ ਹੁੰਦੇ। ਭਾਵ ਸੰਸਾਰਿਕ ਝਮੇਲਿਆਂ ਤੋਂ ਦੂਰ ਰਹਿਣ ਕਰਕੇ ਸਾਨੂੰ ਪਾਪ ਕਰਮ ਨਹੀਂ ਕਰਨੇ ਪੈਂਦੇ ਤੇ ਅਸੀਂ ਮੈਲੇ ਨਹੀਂ ਹੁੰਦੇ ਪਰ ਫਿਰ ਵੀ ਤੀਰਥਾਂ 'ਤੇ ਨਹਾ ਕੇ ਆਪਣੇ ਆਪੇ ਨੂੰ ਪਵਿੱਤ੍ਰ ਰਖਦੇ ਹਾਂ, ਇਸ ਤਰ੍ਹਾਂ ਸਾਨੂੰ ਸੱਚਾ ਸੁਖ ਪ੍ਰਾਪਤ ਹੁੰਦਾ ਹੈ। ਇਹੋ ਸੁਖ ਨਾਲ ਅਸੀਂ ਧਿਆਨ ਵਿੱਚ ਟਿਕ ਕੇ ਕੀਤੀ ਬੰਦਗੀ ਨੂੰ ਜੋਗ ਦੀ ਜੁਗਤਿ ਭਾਵ ਪ੍ਰਭੂ ਮਿਲਾਪ ਦੀ ਬਿਧੀ ਸਮਝਦੇ ਹਾਂ। ਸਿਧ ਗੋਸ਼ਟਿ ਵਿੱਚ ਇਹ ਬਚਨ ਹਨ ਕਿ :-

ਹਾਟੀ ਬਾਟੀ ਰਹਹਿ ਨਿਰਾਲੇ ਰੂਖਿ ਬਿਰਖਿ ਉਦਿਆਨੇ ॥
ਕੰਦ ਮੂਲੁ ਅਹਾਰੋ ਖਾਈਐ ਅਉਧੂ ਬੋਲੈ ਗਿਆਨੇ ॥
ਤੀਰਥਿ ਨਾਈਐ ਸੁਖੁ ਫਲੁ ਪਾਈਐ ਮੈਲੁ ਨ ਲਾਗੈ ਕਾਈ ॥
ਗੋਰਖ ਪੂਤੁ ਲੋਹਾਰੀਪਾ ਬੋਲੈ ਜੋਗ ਜੁਗਤਿ ਬਿਧਿ ਸਾਈ ॥

(ਅੰਗ ੯੩੮)

ਇਸ ਲੋਹਾਰੀਪਾ ਦੀ ਵੀਚਾਰ ਦਾ ਸਤਿਗੁਰੂ ਜੀ ਨੇ ਜਵਾਬ ਬਹੁਤ ਪਿਆਰਾ ਦਿੱਤਾ ਸੀ ਕਿ ਹੇ ਜੋਗੀ ਜੀ! ਅਸਲ ਗਿਆਨ ਦਾ ਵੀਚਾਰ ਤਾਂ ਇਹ ਹੈ ਕਿ ਜੀਵ ਜੰਗਲਾਂ ਵਿੱਚ ਬੈਠਕੇ ਨਹੀਂ ਬਲਕਿ ਘਰ ਗ੍ਰਿਹਸਥੀ ਵਿਚ ਹੀ ਆਪਣੇ ਆਪ ਨੂੰ ਜੰਗਲਾਂ ਵਿੱਚ ਬੈਠਾ ਸਮਝਕੇ ਰੱਬੀ ਇਬਾਦਤ ਕਰੇ। ਪ੍ਰਭੂ ਮਿਲਾਪ ਦੀ ਸੱਚੀ ਲਗਨ ਉਸ ਨੂੰ ਗ੍ਰਿਹਸਥੀ ਵਿੱਚ ਰਹਿੰਦਿਆਂ ਵੀ ਕਦੇ ਰਾਹ ਤੋਂ ਭਟਕਾਵੇਗੀ ਨਹੀਂ, ਸਗੋਂ ਉਹ ਸੁਚੇਤ ਹੋਕੇ ਜੀਵਨ ਗੁਜ਼ਾਰਦਾ ਹੈ। ਨਾਮ ਤੋਂ ਬਗ਼ੈਰ ਕਦੇ ਮਨ ਨਹੀਂ ਟਿਕਦਾ ਕਿਉਂਕਿ ਸਾਚੇ ਨਾਮ ਕੀ ਭੂਖ ਹੋਰ ਸਭ ਭੁਖਾਂ ਗਵਾ ਦਿੰਦੀ ਹੈ। ਮਨ ਦਾ ਟਿਕਣਾ ਤ੍ਰਿਪਤਿ ਹੋਣਾ ਹੀ ਹੁੰਦਾ ਹੈ। ਗੁਰੂ ਜੀ ਦੀ ਵੀਚਾਰ ਨਾਲ ਮਨੁੱਖ ਕਾਇਆਂ ਰੂਪ ਹੱਟੀ ਵਿਚੋਂ ਹੀ ਸਭ ਕੁਝ ਲੱਭਕੇ ਸਹਜ ਸੱਚ ਦਾ ਸਗੋਂ ਵਪਾਰੀ

ਬਣ ਜਾਂਦਾ ਹੈ। ਆਮ ਸੰਸਾਰੀਆਂ ਵਾਂਗੂੰ ਉਹ ਆਪਣੀ ਜ਼ਿੰਦਗੀ ਦਾ ਸਰਮਾਇਆ 'ਨੀਂਦ ਅਤੇ ਭੁੱਖ' ਇਨ੍ਹਾਂ ਲੁਟੇਰਿਆਂ ਰਾਹੀਂ ਨਹੀਂ ਲੁਟਾਉਂਦਾ ਸਗੋਂ ਨਿੰਦਰਾ ਅਤੇ ਭੁੱਖ ਨੂੰ ਕਾਬੂ ਕਰ ਰੱਬੀ ਰਾਹ 'ਤੇ ਤੁਰਦਾ ਹੋਇਆ ਮਾਲਿਕ ਦੇ ਘਰ ਪਹੁੰਚ ਜਾਂਦਾ ਹੈ :

ਹਾਟੀ ਬਾਟੀ ਨੀਦ ਨ ਆਵੈ ਪਰ ਘਰਿ ਚਿਤੁ ਨ ਡੋੁਲਾਈ ॥
ਬਿਨੁ ਨਾਵੈ ਮਨੁ ਟੇਕ ਨ ਟਿਕਈ ਨਾਨਕ ਭੂਖ ਨ ਜਾਈ ॥
ਹਾਟੁ ਪਟਣੁ ਘਰੁ ਗੁਰੂ ਦਿਖਾਇਆ ਸਹਜੇ ਸਚੁ ਵਾਪਾਰੋ ॥
ਖੰਡਿਤ ਨਿਦ੍ਰਾ ਅਲਪ ਅਹਾਰੰ ਨਾਨਕ ਤਤੁ ਬੀਚਾਰੋ ॥

(ਅੰਗ ੯੩੯)

ਧੰਨ ਗੁਰੂ ਨਾਨਕ ਪਾਤਿਸ਼ਾਹ ਜੀ ਇਕ ਬਹੁਤ ਪਿਆਰਾ ਬਚਨ ਆਖਦੇ ਹਨ ਕਿ ਸੱਜਣਾ ! ਸਹਜ ਦੀ ਪ੍ਰਾਪਤੀ ਤਾਂ ਹੀ ਹੋ ਸਕਦੀ ਹੈ ਜੇਕਰ ਭੁੱਖ ਭਾਵ (ਚਸਕੇ) ਕਾਬੂ ਵਿੱਚ ਰੱਖੇਂ ਨਹੀਂ ਤਾਂ ਜਿਥੋਂ ਗੰਦਗੀ ਦਾ ਕੀੜਾ ਮਨੁੱਖੀ ਜਾਮਾ ਲੈ ਕੇ ਆਇਆ ਹੈ ਫਿਰ ਉਸ ਗੰਦਗੀ ਦਾ ਹੀ ਕੀੜਾ ਹੋ ਜਾਵੇਂਗਾ। ਗੁਰੂ ਤੋਂ ਬਿਨਾਂ ਸਹਜ ਪ੍ਰਾਪਤ ਨਹੀਂ ਹੁੰਦਾ।

ਬਿਸਟਾ ਕੀਟ ਭਏ ਉਤ ਹੀ ਤੇ ਉਤ ਹੀ ਮਾਹਿ ਸਮਾਇਆ ॥
ਅਧਿਕ ਸੁਆਦ ਰੋਗ ਅਧਿਕਾਈ, ਬਿਨੁ ਗੁਰ ਸਹਜੁ ਨ ਪਾਇਆ ॥

(ਅੰਗ ੧੨੫੫)

ਰੱਬੀ ਮੌਜ ਵਿੱਚ ਪੈਦਾ ਹੋਏ ਸਿੱਖ ਧਰਮ ਨੇ ਮਨੁੱਖਾ ਜ਼ਿੰਦਗੀ ਨੂੰ ਕਿਤਨੇ ਗੁਰਮਤਿ ਦੇ ਸੁਨਹਿਰੀ ਅਸੂਲਾਂ ਨਾਲ ਸ਼ਿੰਗਾਰਿਆ ਹੈ। ਇਥੇ ਦੋਨਾਂ ਪਾਸਿਆਂ ਦੀ ਹੱਦ ਛੂਹਣ ਦੀ ਬਜਾਇ ਦਰਮਿਆਨੇ ਰਾਹ 'ਤੇ ਤੋਰ ਅੰਮ੍ਰਿਤ ਵਰਗੀ, ਸੱਚੇ ਦੇਵਤਿਆਂ ਵਰਗੀ ਜ਼ਿੰਦਗੀ ਬਖ਼ਸ਼ੀ ਹੈ। ਨਾ ਤਾਂ ਇਥੇ ਅੰਨ ਅਤੇ ਨਿੰਦ੍ਰਾਂ ਦੇ ਤਿਆਗੀ ਨੂੰ ਹੀ ਕੋਈ ਸਤਿਕਾਰਤ ਥਾਂ ਹੈ ਅਤੇ ਨਾ ਹੀ ਨਿਰੇ ਅੰਨ ਦੇ ਵੈਰੀ ਤੇ ਨੀਂਦ ਦੇ ਪੁਜਾਰੀ ਨੂੰ ਥਾਂ ਹੈ। ਅੰਮ੍ਰਿਤ ਬੋਲ ਹਨ :

ਛੋਡਹਿ ਅੰਨੁ ਕਰਹਿ ਪਾਖੰਡ॥ ਨ ਸੋਹਾਗਨਿ ਨਾ ਓਹਿ ਰੰਡ ॥

(ਅੰਗ ੮੭੩)

ਦੂਜੇ ਪਾਸੇ ਵੀ ਪੂਰਾ ਗੁਰਮਤਿ ਦਾ ਚਾਨਣ ਹੈ ਕਿ :

ਬਹੁ ਸਾਦਹੁ ਦੂਖੁ ਪਰਾਪਤਿ ਹੋਵੈ ॥
ਭੋਗਹੁ ਰੋਗ ਸੁ ਅੰਤਿ ਵਿਗੋਵੈ ॥

(ਅੰਗ ੧੦੩੪)

ਇਕ ਨਗਰ ਵਿੱਚ ਇਕ ਦੇਸੀ ਹਕੀਮ ਰਹਿੰਦਾ ਸੀ। ਉਹ ਟੁੱਟੀਆਂ ਹੱਡੀਆਂ

ਦਾ ਇਲਾਜ ਤਾਂ ਕਰਦਾ ਹੀ ਸੀ ਪਰ ਨਾਲ ਦੇਸੀ ਦਵਾਈਆਂ ਨਾਲ ਕਈ ਹੋਰ ਰੋਗਾਂ ਦਾ ਵੀ ਮਾਹਿਰ ਸੀ। ਤੀਜਾ ਉਸ ਵਿੱਚ ਕਾਦਰ ਨੇ ਇਕ ਰੱਬੀ ਯਾਦ ਦਾ ਮਹਾਨ ਗੁਣ ਭਰ ਦਿੱਤਾ ਸੀ ਜਿਸ ਕਰਕੇ ਸੁਭਾਅ ਅਤੇ ਜ਼ਬਾਨ ਦੋਨਾਂ ਦਾ ਮਿੱਠਾ ਸੀ। ਇਸ ਦੇ ਡੇਰੇ ਉੱਤੇ ਦੁਖਿਆਰਿਆਂ ਲੋਕਾਂ ਦੀ ਭੀੜ ਲੱਗੀ ਰਹਿੰਦੀ ਸੀ। ਕੁਝ ਲੋਕ ਜਿਹੜੇ ਦੂਰੋਂ ਪਾਰੋਂ ਆਏ ਹੁੰਦੇ ਸਨ, ਉਨ੍ਹਾਂ ਨੂੰ ਕਈ ਵਾਰੀ ਉਥੇ ਹੀ ਕੁਝ ਦਿਨ ਰੁਕ ਕੇ ਇਲਾਜ ਕਰਵਾਉਣਾ ਪੈਂਦਾ ਸੀ। ਇਸ ਲਈ ਉਸ ਹਕੀਮ ਨੇ ਆਪਣੇ ਡੇਰੇ ਉੱਤੇ ਕੁਝ ਕਰਮਚਾਰੀ ਵੀ ਰੱਖੇ ਹੋਏ ਸਨ। ਹਰ ਪਾਸੇ ਇਕ ਫ਼ਕੀਰ ਨੁਮਾ ਹਕੀਮ ਦੀ ਮਹਿਮਾ ਸੀ, ਪਰ ਇਹ ਮਹਿਮਾ ਕੁਝ ਸਾਲਾਂ ਤੋਂ ਘੱਟ ਹੀ ਨਹੀਂ ਸੀ ਗਈ ਬਲਕਿ ਬਦਨਾਮੀ ਵਿੱਚ ਬਦਲ ਰਹੀ ਸੀ। ਲੋਕ ਚਰਚਾ ਕਰਨ ਲੱਗ ਪਏ ਸਨ ਕਿ ਇਥੇ ਪਰਉਪਕਾਰ ਦੇ ਬਹਾਨੇ ਲੋਕਾਂ ਦੀ ਜ਼ਿੰਦਗੀ ਨੂੰ ਜ਼ਹਿਰ ਬਣਾਇਆ ਜਾ ਰਿਹਾ ਸੀ। ਇਥੋਂ ਇਲਾਜ ਕਰਵਾਉਣ ਵਾਸਤੇ ਆਏ ਹੋਏ ਲੋਕ ਪੱਕੇ ਨਸ਼ੱਈ ਬਣ ਰਹੇ ਸਨ। ਇਲਾਜ ਵੀ ਇਤਨਾ ਚੰਗਾ ਨਹੀਂ ਸੀ ਹੁੰਦਾ। ਹਕੀਮ ਨੂੰ ਬਦਨਾਮੀ ਦਾ ਉਤਨਾ ਭਾਵੇਂ ਡਰ ਨਹੀਂ ਸੀ ਪਰ ਲੋਕਾਂ ਦੀ ਜ਼ਿੰਦਗੀ ਨਾਲ ਹੋਏ ਧੋਖੇ ਦਾ ਬੜਾ ਦੁੱਖ ਲੱਗਾ। ਇਸ ਸਭ ਕੁਝ ਦੀ ਉਸਨੂੰ ਵੀ ਸਮਝ ਨਹੀਂ ਸੀ ਆ ਰਹੀ। ਆਖ਼ਿਰ ਉਸ ਨੇ ਬਹੁਤ ਹੀ ਗੰਭੀਰਤਾ ਨਾਲ ਹਰ ਇਕ ਪਾਸੇ ਨਜ਼ਰ ਰੱਖਣੀ ਅਰੰਭ ਕਰ ਦਿੱਤੀ। ਅੰਤ ਨੂੰ ਉਸ ਦੀ ਤਜਰਬੇਕਾਰ ਅੱਖ ਨੇ ਸਭ ਕੁਝ ਥੋੜ੍ਹੇ ਹੀ ਦਿਨਾਂ ਦੀ ਮਿਹਨਤ ਨਾਲ ਲੱਭ ਲਿਆ। ਅਸਲ ਵਿੱਚ ਡੇਰੇ ਵਿੱਚ ਇਕ ਕਰਮਚਾਰੀ ਨਵਾਂ ਭਰਤੀ ਕੀਤਾ ਸੀ, ਜਿਹੜਾ ਬਹੁਤਾ ਖਾਂਦਾ ਸੀ ਅਤੇ ਬਹੁਤ ਹੀ ਸੌਂਦਾ ਭਾਵ ਆਲਸੀ ਸੁਭਾਅ ਦਾ ਮਾਲਿਕ ਸੀ। ਮਰੀਜ਼ਾਂ ਨੇ ਜਦੋਂ ਰਾਤ ਨੂੰ ਹਾਲ ਦੁਹਾਈ ਕਰਨੀ ਤਾਂ ਬਾਰ-ਬਾਰ ਉਸਦਾ ਬੂਹਾ ਖੜਕਾਉਣਾ ਤਾਂ ਉਸਨੇ ਬਹੁਤ ਦੁਖੀ ਹੋਣਾ। ਇਕ ਦਿਨ ਇਸ ਆਲਸੀ ਨੇ ਫ਼ਕੀਰ ਹਕੀਮ ਨੂੰ ਕਿਸੇ ਮਰੀਜ਼ ਨੂੰ ਬਹੁਤਾ ਦੁਖੀ ਹੋਣ ਕਰਕੇ ਕੁਝ ਨੀਂਦ ਦੀ ਦਵਾਈ ਦੇ ਦਿੱਤੀ ਜਿਸ ਨਾਲ ਉਹ ਅਰਾਮ ਨਾਲ ਸੌਂ ਗਿਆ। ਹੁਣ ਫ਼ਕੀਰ ਹਕੀਮ ਨੇ ਤਾਂ ਦਵਾਈ ਇਸ ਲਈ ਦਿੱਤੀ ਸੀ ਕਿ ਇਸ ਦੀਆਂ ਕਈ ਹੱਡੀਆਂ ਟੁੱਟ ਗਈਆਂ ਸਨ ਜਿਸ ਕਰਕੇ ਵਿਚਾਰਾ ਬਹੁਤ ਕੁਰਲਾ ਰਿਹਾ ਸੀ। ਇਹ ਸਭ ਕੁਝ ਉਸ ਆਲਸੀ ਨੇ ਦੇਖ ਲਿਆ। ਉਸਨੇ ਹਰ ਰੋਜ਼ ਥੋੜ੍ਹੀ ਜਿਹੀ ਉਹ ਦਵਾਈ ਸਾਰਿਆਂ ਦੀ ਦਵਾਈ ਵਿੱਚ ਰਲਾ ਮਿਲਾ ਦੇਣੀ ਤਾਂ ਕਿ ਸਾਰੇ ਹੀ ਰਾਤ ਨੂੰ ਸੁੱਤੇ ਰਹਿਣ। ਅਜਿਹਾ ਹੀ ਹੋਣ ਲੱਗ ਪਿਆ ਜਿਸ ਨਾਲ ਉਸ ਨੇ ਰੱਜਕੇ ਰੋਟੀ ਪਾਣੀ ਖਾ ਕੇ ਸਾਰੀ ਰਾਤ ਸੁੱਤੇ ਰਹਿਣਾ ਪਰ ਦੂਜੇ ਪਾਸੇ ਜਿਨ੍ਹਾਂ ਨੇ ਹਰ ਰੋਜ਼ ਨਸ਼ੇ ਦੀ ਦਵਾਈ ਖਾਣੀ, ਉਨ੍ਹਾਂ ਨੇ ਆਦੀ ਹੋ ਜਾਣਾ। ਹੱਡੀਆਂ ਤਾਂ ਠੀਕ ਹੋ ਜਾਣ ਪਰ ਪੱਕੇ ਨਸ਼ਈ ਹੋ ਜਾਣ ਕਰਕੇ ਸਾਰੀ ਜ਼ਿੰਦਗੀ ਜ਼ਹਿਰ ਬਣਨ ਲੱਗ ਪਈ। ਆਖ਼ਿਰ

ਫ਼ਕੀਰ ਨੇ ਪਕੜ ਕੇ ਚੰਗੀ ਤਰ੍ਹਾਂ ਤਾੜਕੇ ਪੁੱਛ ਪੜਤਾਲ ਕੀਤੀ ਤਾਂ ਉਹ ਮੰਨ ਗਿਆ ਕਿ ਮੈਂ ਆਪਣੇ ਅਰਾਮ ਲਈ ਅਜਿਹਾ ਕਰਦਾ ਸੀ। ਫ਼ਕੀਰ ਨੇ ਉਸਦਾ ਮੂੰਹ ਕਾਲਾ ਕਰਕੇ ਉਥੋਂ ਕੱਢਿਆ ਹੀ ਨਹੀਂ ਬਲਕਿ ਲੋਕਾਂ ਨੂੰ ਵੀ ਸੁਚੇਤ ਕੀਤਾ ਕਿ ਅਜਿਹੇ ਆਲਸੀ ਨੂੰ ਹੋਰ ਵੀ ਕੋਈ ਕੰਮ 'ਤੇ ਨਾ ਰੱਖੇ, ਜਿਸ ਨੇ ਆਪਣੇ ਜ਼ਿੰਦਗੀ ਦੇ ਔਗੁਣ ਜ਼ਿਆਦਾ ਖਾ ਕੇ ਜ਼ਿਆਦਾ ਸੌਣ ਕਰਕੇ ਹੋਰਾਂ ਦੀ ਹੀਰੇ ਵਰਗੀ ਜ਼ਿੰਦਗੀ ਨਰਕ ਬਣਾ ਦਿੱਤੀ ਸੀ।

ਜ਼ਿਆਦਾ ਸੌਣ ਦਾ ਆਦੀ ਹਰ ਰੋਜ ਖਾਂਦਾ ਵੀ ਰੱਜ ਕੇ ਹੈ ਤਾਂਕਿ ਮੈਨੂੰ ਚੰਗੀ ਤਰ੍ਹਾਂ ਨੀਂਦ ਆ ਜਾਵੇ। ਥੋੜ੍ਹਾ ਸੌਣ ਵਾਲਾ ਹਮੇਸ਼ਾ ਆਪਣੀ ਖ਼ੁਰਾਕ ਹਲਕੀ ਰੱਖਦਾ ਹੈ ਤਾਂਕਿ ਜ਼ਿੰਦਗੀ ਆਲਸੀ ਨਹੀਂ ਬਲਕਿ ਉਦਮੀ ਰਹੇ। ਅਜਿਹਾ ਪੁਰਖ ਆਪ ਹੀ ਸੁੱਖ ਨਹੀਂ ਭੋਗਦਾ ਬਲਕਿ ਕਈ ਹੋਰਾਂ ਨੂੰ ਵੀ ਸੁਖ ਵੰਡ ਦਿੰਦਾ ਹੈ। ਆਲਸੀ ਕੋਲੋਂ ਤਾਂ ਆਪਣੇ ਵੀ ਕੰਮ ਨਹੀਂ ਹੁੰਦੇ ਪਰ ਉੱਦਮੀ ਦੂਜੇ ਦੇ ਵੀ ਕੰਮ ਕਰਕੇ ਮਾਨਸਿਕ ਖ਼ੁਸ਼ੀ ਵੀ ਹਾਸਿਲ ਕਰ ਲੈਂਦਾ ਹੈ।

ਭਾਈ ਗੁਰਦਾਸ ਜੀ ਨੇ ਇਸੇ ਵਾਸਤੇ ਪ੍ਰਭੂ ਮਿਲਾਪ ਦੀ ਲੋਚਾ ਵਿੱਚ ਜਿਊਣ ਵਾਲਿਆਂ ਅੰਦਰ ਇਹ ਵੀਚਾਰ ਵੇਖਕੇ ਹੀ ਕਿਹਾ ਹੋਵੇਗਾ ਕਿ :-

ਹਉ ਤਿਸ ਘੋਲਿ ਘੁਮਾਇਆ ਥੋੜਾ ਸਵੈ ਥੋੜਾ ਹੀ ਖਾਵੈ ॥

ਇਥੇ ਪਹੁੰਚ ਕੇ ਭਾਈ ਗੁਰਦਾਸ ਜੀ ਦੇ ਇਸ ਬਚਨ ਵਿੱਚ ਵਰਤੇ ਸ਼ਬਦ— **"ਗੁਰਮੁਖਿ ਸੋਈ ਸਹਜ ਸਮਾਵੈ"** ਦੀ ਆਪਣੇ ਆਪ ਹੀ ਵਿਆਖਿਆ ਹੋ ਜਾਂਦੀ ਹੈ। ਸੋਈ ਦਾ ਭਾਵ ਹੈ ਜਿਸਦੇ ਜੀਵਨ ਵਿੱਚ ਇਹ ਨਿਸ਼ਾਨੀਆਂ ਹਨ। ਅਜਿਹਾ ਸੰਜਮੀ ਪੁਰਖ ਹਲਕਾ ਫੁਲਕਾ ਰਹਿ ਕੇ ਸੰਸਾਰ ਦੀ ਨਗਰੀ ਤੋਂ ਖ਼ੁਸ਼ੀਆਂ ਨਾਲ ਰੁਖ਼ਸਤ ਹੁੰਦਾ ਹੈ ਅਤੇ ਪ੍ਰਭੂ ਪ੍ਰਮਾਤਮਾ ਵਿੱਚ ਅਭੇਦ ਹੋ ਜਾਂਦਾ ਹੈ।

ਜਹ ਤੇ ਉਪਜੀ ਤਹ ਮਿਲੀ ਸਚੀ ਪ੍ਰੀਤਿ ਸਮਾਹੁ ॥
ਕਰੁ ਗਹਿ ਲੀਨੀ ਪਾਰਬ੍ਰਹਮਿ ਬਹੁੜਿ ਨ ਵਿਛੁੜੀਆਹੁ ॥

(ਅੰਗ ੧੩੫)

ਭਾਈ ਵੀਰ ਸਿੰਘ ਜੀ ਦੀ ਕਲਮ ਨੇ ਇਕ ਬੜਾ ਪਿਆਰਾ ਬਚਨ ਲਿਖਿਆ ਹੈ ਕਿ ਹੇ ਬੰਦੇ! ਥੋੜ੍ਹੀ ਹਿੰਮਤ ਵੇਖ ਤੈਨੂੰ ਕਿਵੇਂ ਮਾਲਿਕ ਦੀ ਨੇੜਤਾ ਬਖ਼ਸ਼ ਸਕਦੀ ਹੈ। ਅਰਸ਼ਾਂ ਦਿਆ ਮਾਲਿਕਾ! ਤੂੰ ਫ਼ਰਸ਼ਾਂ 'ਤੇ ਰੁਲਣ ਵਾਸਤੇ ਨਹੀਂ ਆਇਆ ਬਲਕਿ ਫ਼ਰਸ਼ਾਂ ਤੋਂ ਉਠ ਅਰਸ਼ਾਂ ਦਾ ਮਾਲਿਕ ਬਣ। ਮਨੁੱਖਾ ਦੇਹੀ ਵੀ ਮਿਲੀ ਹੋਈ ਹੈ। ਗੁਰੂ ਵੀ ਰਹਿਮਤ ਵਰਸਾ ਰਹੇ ਹਨ। ਰੱਬ ਵੀ ਮਿਲਾਪ ਲਈ ਬਖ਼ਸ਼ਿਸ਼ ਦਾ ਦਰਵਾਜ਼ਾ ਖੋਲ੍ਹ ਉਡੀਕ ਕਰ ਰਿਹਾ ਹੈ, ਬਸ ਹੁਣ ਦੇਰੀ ਹੈ ਤਾਂ ਕੇਵਲ ਥੋੜ੍ਹੀ ਜਿਹੀ ਹਿੰਮਤ ਕਰਕੇ ਮਾਲਕ ਪ੍ਰਮੇਸ਼ਰ ਦੀ ਯਾਦ ਵਿਚ ਜੁੜਨਾ ਹੈ :

ਉੱਚਾ ਉਠ ਜ਼ਿਮੀ ਤੋਂ ਪਿਆਰੇ ਤੈਨੂੰ ਖੰਭ ਰੱਬ ਨੇ ਲਾਏ ।
ਉਹ ਕਿਉਂ ਰਿੜ੍ਹੇ ਗੋਡਿਆਂ ਪਰਨੇ, ਜੋ ਉੱਡ ਅਸਮਾਨੀ ਜਾਏ ।
ਉੱਚੀ ਨਜ਼ਰ ਤੇ ਹਿੰਮਤ ਉੱਚੀ ਦਾਈਆ ਉੱਚਾ ਰੱਖੀਂ,
ਅਰਸ਼ੀ ਤਾਣ ਜਿਹਦੇ ਹੋ ਪਲੇ ਉਹ ਕਿਉ ਭੁੰਜੇ ਆਏ।

ਅਜਿਹੀ ਰਹਿਤ ਦਾ ਸੁੱਖ

ਸੰਸਾਰ ਅੰਦਰ ਜਿੰਨੇ ਕਿਸੇ ਦੀ ਜ਼ਿੰਦਗੀ ਵਿੱਚ ਝਮੇਲੇ ਹਨ, ਉਤਨਾ ਹੀ ਉਸ ਦਾ ਜੀਵਨ ਭਟਕਣਾ ਵਿੱਚ ਹੋਵੇਗਾ। ਬਹੁਤ ਵੱਡੇ ਕਾਰੋਬਾਰੀ ਕੋਲ ਜ਼ਿੰਦਗੀ ਦੇ ਪਲਾਂ ਦੀ ਮੌਜ ਮਾਨਣੀ ਤਾਂ ਇਕ ਪਾਸੇ, ਉਹ ਤਾਂ ਬਹੁਤ ਵਾਰੀ ਜ਼ਿੰਦਗੀ ਦੀਆਂ ਲੋੜਾਂ ਵੀ ਪੂਰੀਆਂ ਨਹੀਂ ਕਰ ਪਾਉਂਦਾ, ਜਿਵੇਂ ਵਕਤ ਨਾਲ ਪ੍ਰਸ਼ਾਦਾ ਪਾਣੀ ਛਕਣਾ, ਵਕਤ ਨਾਲ ਸੌਣਾ, ਵਕਤ਼ ਨਾਲ ਉਠਣਾ, ਘੜੀ ਪਲ ਸ਼ਾਂਤੀ ਨਾਲ ਆਪਣੇ ਆਪੇ ਕੋਲ ਹੋਕੇ ਸੱਚੇ ਸਾਹਿਬ ਦੀ ਇਬਾਦਤ ਵਿੱਚ ਕੋਈ ਪਲ ਗੁਜ਼ਾਰਨਾ ਇਤਿ ਆਦਿਕ। ਇਹ ਲਾਲਸਾ ਅੰਦਰੋਂ ਰਸ ਪਿਆਰ ਆਦਿਕ ਸੁਕਾ ਕੇ ਸੁੱਕਾ, ਸੜਿਆ, ਤ੍ਰਿਸ਼ਨ ਅਗਨਿ ਦਾ ਭੁਜਿਆ ਜੀਵਨ ਬਣਾ ਦਿੰਦੀ ਹੈ। ਅਜਿਹਾ ਪੁਰਖ :

ਹਰਿ ਬਿਨੁ ਜੀਉ ਜਲਿ ਬਲਿ ਜਾਉ ॥
ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ ॥

(ਅੰਗ ੧੪)

ਵਾਂਗ ਜੀਵਨ ਬਰਬਾਦ ਕਰਕੇ ਤੁਰ ਜਾਂਦਾ ਹੈ। ਗੁਰਮਤਿ ਦਾ ਰਾਹ ਇਸ ਤੋਂ ਬਿਲਕੁਲ ਵੱਖਰਾ ਹੈ, ਇਹ ਤਾਂ ਸਗੋਂ ਪ੍ਰੇਮ ਦੀ ਖੇਡ ਹੈ। ਦੋ ਗੱਲਾਂ ਇਥੇ ਵੀਚਾਰ ਕੇ ਫਿਰ ਅਗਾਂਹ ਚੱਲਦੇ ਹਾਂ। ਪਹਿਲੀ ਗੱਲ ਪ੍ਰੇਮ ਦੀ ਹੈ। ਪ੍ਰੇਮ ਸ਼ਬਦ ਦਾ ਸਰੂਪ ਹੀ ਸਾਹਮਣੇ ਆਉਂਦਿਆਂ ਅੰਦਰ ਇਕ ਰਸ ਜਿਹਾ ਪੈਦਾ ਹੋ ਜਾਂਦਾ ਹੈ। ਪ੍ਰੇਮ ਦੀਆਂ ਖ਼ੂਬੀਆਂ ਤਾਂ ਅਨੇਕਾਂ ਹਨ, ਕਿਉਂਕਿ ਜਿਹੜਾ ਵਾਹਿਗੁਰੂ ਜੀ ਨਾਲ ਮਿਲਾਪ ਕਰਵਾ ਦਿੰਦਾ ਹੈ ਉਹ ਕਿਤਨਾ ਮਹਾਨ ਹੋਵੇਗਾ, ਇਹ ਦਸਿਆ ਨਹੀਂ ਜਾ ਸਕਦਾ ਪਰ ਫਿਰ ਵੀ ਜੋ ਕੁਝ ਸਮਝ ਸਕਿਆ ਹਾਂ, ਉਹ ਹੈ ਕਿ ਪ੍ਰੇਮ ਕਦੇ ਦੂਜੇ ਨੂੰ ਬਦਲਾਉਣ ਵਿੱਚ ਵਿਸ਼ਵਾਸ ਨਹੀਂ ਰੱਖਦਾ ਬਲਕਿ ਆਪਣੇ ਆਪ ਨੂੰ ਬਦਲਾ ਕੇ ਆਪਣੇ ਪਿਆਰੇ ਦੇ ਦਰ 'ਤੇ ਕਬੂਲ ਪੈਣ ਦਾ ਨਾਂ ਹੈ। ਪ੍ਰੇਮ ਤੋਂ ਬਿਨਾਂ ਹਰ ਕੋਈ ਕਿਸੇ ਦੂਜੇ ਨੂੰ ਬਦਲਾਉਣਾ ਚਾਹੁੰਦਾ ਹੈ ਪਰ ਆਪ ਬਦਲਣਾ ਨਹੀਂ ਚਾਹੁੰਦਾ। ਪ੍ਰੇਮੀ ਬੰਦਾ ਰਹਿੰਦਾ ਤਾਂ ਜਗਤ ਵਿੱਚ ਹੀ ਹੈ ਪਰ ਉਹ ਕਦੇ ਸੰਸਾਰੀ ਨਹੀਂ ਹੁੰਦਾ ਬਲਕਿ ਜਗਤ ਨੂੰ ਸੱਚੇ ਦੀ ਕੋਠੀ ਜਾਣ ਕੇ ਰਹਿੰਦਾ ਹੈ। ਪ੍ਰੇਮੀ ਗੁਰਮੁਖ ਪ੍ਰੀਵਾਰ ਵਿੱਚ ਰਹਿੰਦਾ ਹੈ ਪਰ ਵਿਕਾਰੀ ਨਹੀਂ ਹੁੰਦਾ। ਪ੍ਰੇਮੀ ਪੁਰਖ ਕਿਰਤ ਵਿਹਾਰ ਕਰਦਾ ਹੈ ਪਰ ਧੋਖੇ ਦਾ ਵਪਾਰੀ ਨਹੀਂ ਹੁੰਦਾ। ਸਭ ਕੁਝ ਪਾ ਕੇ ਵੀ ਹੰਕਾਰੀ ਨਹੀਂ ਹੁੰਦਾ। ਸੂਰਮਾ ਹੁੰਦਾ ਹੈ ਪਰ ਅਤਿਆਚਾਰੀ ਨਹੀਂ। ਪ੍ਰੇਮ ਅਜਿਹਾ ਕੁਝ ਕਰਨ ਹੀ ਨਹੀਂ ਦਿੰਦਾ। ਲਿਖਣ

ਤੋਂ ਮੁਰਾਦ ਹੈ ਕਿ ਆਮ ਸੰਸਾਰੀ ਬੰਦੇ ਨਾਲੋਂ ਪ੍ਰੇਮੀ ਦਾ ਜੀਵਨ ਹੱਟਕੇ ਭਾਵ ਵੱਖਰੇਪਣ ਵਾਲਾ ਹੁੰਦਾ ਹੈ। ਉਹ ਰੱਬ ਦੇ ਨੇੜੇ ਹੋਣ ਕਰਕੇ ਜਿਵੇਂ ਵਾਹਿਗੁਰੂ ਜੀ ਰਹਿੰਦੇ ਸੰਸਾਰ ਵਿੱਚ ਹਨ ਪਰ ਸੰਸਾਰੀ ਨਹੀਂ, ਜਗਤ ਦੀ ਕਾਰ ਵਿਹਾਰ ਭਾਵ ਸਾਰੇ ਜਗਤ ਦੀ ਪ੍ਰਤਿਪਾਲਨਾ ਕਰਦਿਆਂ ਵੀ ਧੋਖੇ ਦਾ ਵਪਾਰ ਨਹੀਂ। ਪਾਪੀਆਂ ਨੂੰ ਸਜ਼ਾਵਾਂ ਦਿੰਦਿਆਂ ਵੀ ਅੱਤਿਆਚਾਰੀ ਨਹੀਂ। ਵਾਹਿਗੁਰੂ ਜੀ ਇੰਨਾ ਕੁਝ ਕਰਦਿਆਂ ਵੀ ਕਦੇ ਸਹਜ ਨੂੰ ਤਿਆਗਦੇ ਨਹੀਂ, ਇਸੇ ਤਰ੍ਹਾਂ ਗੁਰਮੁਖ ਪ੍ਰੇਮੀ ਦੀ ਜ਼ਿੰਦਗੀ ਵਿਚੋਂ ਕਦੇ ਸਹਿਜ ਗੁਆਚਦਾ ਨਹੀਂ। ਕਰਦਾ ਸਭ ਕੁਝ ਹੈ ਪਰ ਪ੍ਰੇਮ ਪ੍ਰਮੁੱਖ ਹੋਣ ਕਰਕੇ ਹਰ ਕਾਰਜ ਅਨੰਦ ਦਾ ਕਾਰਜ ਬਣ ਜਾਂਦਾ ਹੈ।

ਦੂਜੀ ਗੱਲ ਸਮਝਣ ਵਾਲੀ ਹੈ "ਖੇਡ"। ਖੇਡ ਤਾਂ ਖੇਡੀ ਹੀ ਸਦਾ ਚਾਉ ਅਤੇ ਉਮਾਹ ਨਾਲ ਜਾਂਦੀ ਹੈ। ਇਸ ਵਿੱਚ ਦੋ ਵਿਰੋਧੀ ਧਿਰਾਂ ਹੋਣ ਕਰਕੇ ਵੀ ਪ੍ਰੇਮ ਭਾਵਨਾ ਹੁੰਦੀ ਹੈ। ਖ਼ਿਆਲ ਕਰਨਾ, ਜੰਗ ਵਿੱਚ ਅਤੇ ਖੇਡ ਵਿੱਚ ਇੰਨਾ ਹੀ ਅੰਤਰ ਹੈ ਕਿ ਵਿਰੋਧੀ ਧਿਰ ਜੰਗ ਵਿੱਚ ਵੀ ਹੁੰਦੀ ਹੈ ਪਰ ਅੰਦਰ ਈਰਖਾ ਹੁੰਦੀ ਹੈ। ਗੁਰਮੁਖ ਜ਼ਿੰਦਗੀ ਨੂੰ ਪ੍ਰੇਮ ਦੀ ਖੇਡ ਸਮਝ ਕੇ ਖੇਡਦਾ ਹੈ। ਅੰਦਰੋਂ ਕਦੇ ਸਹਜ ਨਹੀਂ ਗਵਾਉਂਦਾ। ਪ੍ਰੇਮ ਦੀ ਖੇਡ ਅਸਲ ਵਿੱਚ ਹੁੰਦੀ ਹੀ ਮਾਨਸਿਕ ਅਵਸਥਾ ਦੀ ਖੇਡ ਹੈ। ਇਹ ਪ੍ਰੇਮ ਸਰੀਰਾਂ ਦੀ ਖੇਡ ਨਹੀਂ, ਇਹ ਤਾਂ ਸਗੋਂ ਮਨ ਦੀ ਖੇਡ ਹੈ। ਇਕ ਗਾਥਾ ਸਮਝਕੇ ਇਸ ਵੀਚਾਰ ਦੇ ਹੋਰ ਨੇੜੇ ਹੋਣ ਦੀ ਕੋਸ਼ਿਸ਼ ਕਰੀਏ ਕਿ ਕਿਵੇਂ ਗੁਰਮੁਖ ਧਰਮ ਕਮਾ ਕੇ ਸਾਂਈਂ ਦੇ ਦਰ ਪ੍ਰਵਾਨ ਹੋ ਜਾਂਦਾ ਹੈ। ਇਕ ਕਾਲਜ ਵਿੱਚ ਇਕ ਪ੍ਰੋਫ਼ੈਸਰ ਵਿਦਿਆਰਥੀਆਂ ਨੂੰ ਜੀਵਨ ਜੁਗਤਿ ਸਮਝਾ ਰਿਹਾ ਸੀ ਕਿ ਗੁਰੂ ਦੇ ਉਪਦੇਸ਼ਾਂ ਦੁਆਰਾ ਗੁਜ਼ਾਰੀ ਜ਼ਿੰਦਗੀ ਕਿਹੋ ਜਿਹੀ ਤੇ ਗੁਰੂ ਉਪਦੇਸ਼ਾਂ ਨਾਲੋਂ ਟੁੱਟਕੇ ਸੰਸਾਰ ਵਿੱਚ ਖੱਚਤ ਹੋ ਕੇ ਗੁਜ਼ਾਰੀ ਜ਼ਿੰਦਗੀ ਵਿੱਚ ਕੀ ਅੰਤਰ ਹੈ। ਪ੍ਰੋਫ਼ੈਸਰ ਨੇ ਇਕ ਬਹੁਤ ਸੋਹਣੀ ਉਦਾਹਰਣ ਦੇ ਕੇ ਸਮਝਾਇਆ। ਇਕ ਦੀਵਾਰ ਉੱਤੇ ਦੋ ਤਸਵੀਰਾਂ ਦਿਸ ਰਹੀਆਂ ਸਨ। ਤਸਵੀਰਾਂ ਦਾ ਕੰਮ ਅਸਲ ਵਿੱਚ ਘਰ ਦੀ ਸਜਾਵਟ ਵਿੱਚ ਵਾਧਾ ਕਰਨਾ ਹੈ। ਦੋਵੇਂ ਤਸਵੀਰਾਂ ਬਹੁਤ ਸੁੰਦਰ ਨਜ਼ਰ ਆ ਰਹੀਆਂ ਸਨ। ਦੋਹਾਂ ਵਿੱਚ ਦੇਖਣ ਨੂੰ ਕੋਈ ਅੰਤਰ ਨਹੀਂ ਸੀ। ਪ੍ਰੋ: ਸਾਹਿਬ ਨੇ ਦੂਰ ਖਲੋਕੇ ਕਿਹਾ ਕਿ ਇਕ ਤਸਵੀਰ ਮੇਰੇ ਕੋਲ ਲੈ ਆਵੋ। ਇਕ ਵਿਦਿਆਰਥੀ ਨੇ ਇਕ ਤਸਵੀਰ ਉਤਾਰਕੇ ਪਕੜਾ ਦਿੱਤੀ। ਤਸਵੀਰ ਵੀ ਠੀਕ ਠਾਕ ਸੀ ਅਤੇ ਦੀਵਾਰ ਵੀ ਠੀਕ ਸੀ। ਹੁਣ ਪ੍ਰੋਫ਼ੈਸਰ ਨੇ ਦੂਜੀ ਤਸਵੀਰ ਉਤਾਰ ਕੇ ਲਿਆਉਣ ਲਈ ਕਿਹਾ ਤਾਂ ਵਿਦਿਆਰਥੀ ਨੇ ਆਖਿਆ ਕਿ ਸਰ, ਇਹ ਤਸਵੀਰ ਤਾਂ ਉਤਾਰੀ ਨਹੀਂ ਜਾ ਸਕਦੀ ਕਿਉਂਕਿ ਪਹਿਲੀ ਤਸਵੀਰ ਕਿਸੇ ਵੱਖਰੇ ਫ਼ਰੇਮ ਵਿੱਚ ਫਿੱਟ ਕਰਕੇ ਕੰਧ 'ਤੇ ਲਮਕਾਈ ਸੀ ਪਰ ਦੂਜੀ ਕੰਧ ਦੇ ਉੱਤੇ ਹੀ ਉਕਰੀ ਹੋਈ ਹੈ। ਜੇਕਰ

ਇਸਨੂੰ ਉਤਾਰਨ ਦੀ ਕੋਸ਼ਿਸ਼ ਕਰਾਂਗੇ ਤਾਂ ਤਸਵੀਰ ਵੀ ਬਰਬਾਦ ਹੋਵੇਗੀ ਅਤੇ ਦੀਵਾਰ ਵੀ ਬਰਬਾਦ ਹੋਵੇਗੀ। ਪ੍ਰੋਫੈਸਰ ਸਾਹਿਬ ਨੇ ਆਖਿਆ ਕਿ ਬਸ ਇਹੋ ਹੀ ਅਸਲ ਜੁਗਤਿ ਗੁਰੂ ਉਪਦੇਸ਼ ਨੂੰ ਧਾਰਨ ਕਰਕੇ ਗੁਰਮੁਖਾਂ ਵਾਲਾ ਜੀਵਨ ਗੁਜ਼ਾਰਨ ਦੀ ਹੈ। ਗੁਰਮੁਖ ਬੰਦਾ ਮਾਇਆ ਵਿੱਚ ਰਹਿੰਦਾ ਹੋਇਆ ਵੀ ਆਪਣੇ ਜੀਵਨ ਨੂੰ ਫ਼ਰੇਮ ਕੀਤੀ ਤਸਵੀਰ ਵਾਂਗ ਕੰਧ 'ਤੇ ਟੰਗਦਾ ਹੈ। ਜਦੋਂ ਲੋੜ ਪਈ ਉਦੋਂ ਉਤਾਰ ਲਈ ਤਸਵੀਰ ਭਾਵ ਆਪ ਵੀ ਸੁੰਦਰ ਜੀਵਨ ਵਾਲਾ ਤੇ ਸੰਸਾਰ ਰੂਪ ਦੀਵਾਰ ਵੀ ਠੀਕ ਰਹੀ।

ਕਹੈ ਨਾਨਕੁ ਗੁਰ ਪਰਸਾਦੀ ਜਿਨਾ ਲਿਵ ਲਾਗੀ
ਤਿਨੀ ਵਿਚੇ ਮਾਇਆ ਪਾਇਆ ॥

(ਅੰਗ ੯੨੧)

ਪਰ ਦੂਜੇ ਪਾਸੇ ਗੁਰ ਉਪਦੇਸ਼ ਤੋਂ ਸੱਖਣਾ ਕੰਧ 'ਤੇ ਉਕਰੀ ਤਸਵੀਰ ਵਰਗਾ ਹੈ ਜਿਹੜਾ ਲੋੜ ਪੈਣ 'ਤੇ ਸਰੀਰ ਵੀ ਤੇ ਕੰਧ ਵੀ ਵਿਗਾੜ ਦਿੰਦਾ ਹੈ ਭਾਵ ਆਪਾ ਵੀ ਬਰਬਾਦ ਕਰ ਲੈਂਦਾ ਹੈ ਅਤੇ ਸੰਸਾਰ ਨੂੰ ਵੀ ਕਰੂਪਤਾ ਦੇ ਦਾਗ਼ ਲਾ ਦਿੰਦਾ ਹੈ।

ਮਨੁ ਮਾਇਆ ਮੈ ਰਮਿ ਰਹਿਓ ਨਿਕਸਤ ਨਾਹਿਨ ਮੀਤ ॥
ਨਾਨਕ ਮੂਰਤਿ ਚਿਤ੍ਰ ਜਿਉ ਛਾਡਿਤ ਨਾਹਿਨ ਭੀਤਿ ॥

(ਅੰਗ ੧੪੨੮)

ਗੁਰਮੁਖਿ ਸਭ ਕੁਝ ਵਿੱਚ ਰਹਿੰਦਾ ਵੀ ਨਿਵੇਕਲਾ ਰਹਿੰਦਾ ਹੈ। ਭੈਰਉ ਰਾਗ ਅੰਦਰ ਧੰਨ ਗੁਰੂ ਪੰਚਮ ਪਾਤਸ਼ਾਹ ਨੇ ਮੈਨੂੰ ਇਕ ਗੱਲ ਸਮਝਾ ਦਿੱਤੀ ਹੈ ਕਿ ਜੋ ਕੁਝ ਵੀ ਵਾਪਰਦਾ ਹੈ, ਉਹ ਸਭ ਕੁਝ ਪ੍ਰਭੂ ਪ੍ਰਮੇਸ਼ਰ ਦੇ ਹੁਕਮ ਨਾਲ ਹੀ ਵਾਪਰਦਾ ਹੈ। ਮੈਨੂੰ ਆਪਣੇ ਸਤਿਗੁਰੂ ਪਾਤਿਸ਼ਾਹ ਜੀ 'ਤੇ ਪੂਰਨ ਭਰੋਸਾ ਹੋਣ ਕਰਕੇ ਮੈਂ ਉਹ ਬਚਨ ਸਦਾ ਲਈ ਪੱਲੇ ਬੰਨ੍ਹ ਲਿਆ ਜਿਸ ਕਰਕੇ ਮੇਰੀ ਸਮੁੱਚੀ ਜ਼ਿੰਦਗੀ ਸੁੱਖਾਂ ਭਰੀ ਹੋ ਗਈ ਹੈ। ਜੀਵ ਨੂੰ ਕਲਪਣਾ ਤਾਂ ਹੋਣੀ ਚਾਹੀਦੀ ਹੈ ਜੇ ਮੇਰੀ ਤੇ ਵਾਹਿਗੁਰੂ ਜੀ ਦੀ ਕੋਈ ਦੂਰੀ ਹੋਵੇ। ਜੇ ਕੋਈ ਚੀਜ਼ ਉਸ ਤੋਂ ਵੱਧ ਪਿਆਰੀ ਲੱਗਕੇ ਉਸ ਤੋਂ ਮੇਰਾ ਧਿਆਨ ਹਟਾ ਦੇਵੇ। ਝੂਰਨਾ ਤਾਂ ਚਾਹੀਦਾ ਹੈ ਕਿ ਪ੍ਰਮਾਤਮਾ ਤੋਂ ਬਿਨਾਂ ਮੇਰਾ ਕੁਝ ਕੋਈ ਵਿਗਾੜ ਸਕਦਾ ਹੋਵੇ, ਕੋਈ ਕੁਝ ਉਸ ਦੇ ਹੁਕਮ ਤੋਂ ਬਾਹਰ ਕਰ ਸਕਦਾ ਹੋਵੇ। ਜਦੋਂ ਉਹ ਹਰ ਥਾਂ ਹੈ ਅਤੇ ਸਾਡੀ ਹਰ ਲੋੜ ਨੂੰ ਮੈਥੋਂ ਵੱਧ ਜਾਣਦਾ ਹੈ ਤਾਂ ਫਿਰ ਕਿਸ ਗੱਲ ਤੋਂ ਕਲਪਣਾ ? ਫਿਰ ਤਾਂ ਸਗੋਂ ਭਰੋਸੇ ਤੇ ਲਾਡ ਲਡਾਉਣ ਨੂੰ ਜੀਅ ਕਰਦਾ ਹੈ। ਮੈਨੂੰ ਤਾਂ ਪੂਰਨ ਬੇਫ਼ਿਕਰੀ ਹੋ ਗਈ, ਜਦੋਂ ਇਹ ਗੱਲ ਮੇਰੇ ਗੁਰੂ ਜੀ ਨੇ ਸਮਝਾ ਦਿੱਤੀ ਕਿ ਨਾ ਤਾਂ ਉਸਦੇ ਹੁਕਮ ਤੋਂ ਬਾਹਰ ਕੁਝ ਹੈ ਅਤੇ

ਨਾ ਹੀ ਉਹ ਖ਼ੁਦ ਕਦੇ ਭੁੱਲਕੇ ਵੀ ਜੀਵ ਨੂੰ ਦੁੱਖ ਦਿੰਦਾ ਹੈ, ਉਹ ਤਾਂ ਸਗੋਂ ਸੁੱਖਾਂ ਦਾ ਦਾਤਾ ਹੈ। ਉਹ ਵਾਹਿਗੁਰੂ ਜੀ ਸਭ ਦਾ ਮਾਲਿਕ ਹੈ। ਸਭ ਕੁਝ ਉਸ ਦੀ ਰਜ਼ਾ ਵਿੱਚ ਹੁੰਦਾ ਹੈ। ਉਹ ਹਰ ਥਾਂ ਵਿਆਪਕ ਹੈ, ਭਾਵ ਸਭ ਕੁਝ ਉਸ ਦੀ ਗਿਆਤ ਵਿੱਚ ਹੈ ਤਾਂ ਫਿਰ ਸਾਡਾ ਇਕ ਹੀ ਫ਼ਰਜ਼ ਬਣਦਾ ਹੈ ਕਿ ਬੇਲੋੜਾ ਫ਼ਿਕਰ, ਚਿੰਤਾ ਛੱਡਕੇ ਸਗੋਂ ਉਸਦੇ ਦਰ 'ਤੇ ਅਰਦਾਸ ਕਰੀਏ ਕਿ ਹੇ ਵਾਹਿਗੁਰੂ ਜੀ! ਮੈਂ ਤੇਰੀ ਸ਼ਰਨ ਆਇਆ ਹਾਂ, ਮੇਰੀ ਲਾਜ ਰੱਖ ਲਵੋ ਜੀ। ਗੁਰੂ ਸਾਹਿਬ ਜੀ ਦਾ ਪਾਵਨ ਬਚਨ ਹੈ :

ਤਉ ਕੜੀਐ ਜੇ ਹੋਵੈ ਬਾਹਰਿ ॥
ਤਉ ਕੜੀਐ ਜੇ ਵਿਸਰੈ ਨਰਹਰਿ ॥
ਤਉ ਕੜੀਐ ਜੇ ਦੂਜਾ ਭਾਏ ॥
ਕਿਆ ਕੜੀਐ ਜਾਂ ਰਹਿਆ ਸਮਾਏ ॥੧॥
ਮਾਇਆ ਮੋਹਿ ਕੜੇ ਕੜਿ ਪਚਿਆ ॥
ਬਿਨੁ ਨਾਵੈ ਭ੍ਰਮਿ ਭ੍ਰਮਿ ਭ੍ਰਮਿ ਖਪਿਆ ॥੧॥ ਰਹਾਉ ॥
ਤਉ ਕੜੀਐ ਜੇ ਦੂਜਾ ਕਰਤਾ ॥
ਤਉ ਕੜੀਐ ਜੇ ਅਨਿਆਇ ਕੋ ਮਰਤਾ ॥
ਤਉ ਕੜੀਐ ਜੇ ਕਿਛੁ ਜਾਣੈ ਨਾਹੀ ॥
ਕਿਆ ਕੜੀਐ ਜਾਂ ਭਰਪੂਰਿ ਸਮਾਹੀ ॥੨॥
ਤਉ ਕੜੀਐ ਜੇ ਕਿਛੁ ਹੋਇ ਧਿਙਾਣੈ ॥
ਤਉ ਕੜੀਐ ਜੇ ਭੂਲਿ ਰੰਞਾਣੈ ॥
ਗੁਰਿ ਕਹਿਆ ਜੋ ਹੋਇ ਸਭੁ ਪ੍ਰਭ ਤੇ ॥
ਤਬ ਕਾੜਾ ਛੋਡਿ ਅਚਿੰਤ ਹਮ ਸੋਤੇ ॥੩॥
ਪ੍ਰਭ ਤੂਹੈ ਠਾਕੁਰੁ ਸਭੁ ਕੋ ਤੇਰਾ ॥
ਜਿਉ ਭਾਵੈ ਤਿਉ ਕਰਹਿ ਨਿਬੇਰਾ ॥
ਦੁਤੀਆ ਨਾਸਤਿ ਇਕੁ ਰਹਿਆ ਸਮਾਇ ॥
ਰਾਖਹੁ ਪੈਜ ਨਾਨਕ ਸਰਣਾਇ ॥੪॥

(ਅੰਗ ੧੧੯੦)

ਧਰਮੀ ਪੁਰਖ ਦੀ ਜ਼ਿੰਦਗੀ ਅਸਲ ਵਿੱਚ ਇਨ੍ਹਾਂ ਭਰੋਸੇ ਦੇ ਮਾਣਿਕ ਮੋਤੀਆਂ ਨਾਲ ਭਰਪੂਰ ਹੁੰਦੀ ਹੈ। ਅਜਿਹੇ ਪੁਰਖਾਂ ਤੋਂ ਹੀ ਭਾਈ ਗੁਰਦਾਸ ਜੀ ਬਲਿਹਾਰ ਜਾਂਦੇ ਹਨ।

ਘੋਲਿ ਘੁਮਾਇਆ

ਜਿਹੜੀ ਚੀਜ਼ ਆਪਣੇ ਆਪ ਨੂੰ ਪਸੰਦ ਹੋਵੇ, ਉਹੋ ਚੀਜ਼ ਕਿਸੇ ਦੂਸਰੇ ਕੋਲ ਵੀ ਹੋਵੇ ਤਾਂ ਸੁਭਾਵਿਕ ਗੱਲ ਹੈ ਕਿ ਉਸ ਬੰਦੇ ਨਾਲ ਵੀ ਪਿਆਰ ਬਣ ਜਾਂਦਾ ਹੈ ਜਿਸ ਕੋਲ ਮਨ ਭਾਉਂਦੀ ਦਾਤਿ ਹੋਵੇ। ਜਿਵੇਂ ਸੰਸਾਰ ਵਿਚੋਂ ਅਜਿਹੀਆਂ ਕੁਝ ਕੁ ਉਦਾਹਰਣਾਂ ਦੇਖਦੇ ਹਾਂ। ਜਿਸਨੂੰ ਕ੍ਰਿਕਟ ਨਾਲ ਪਿਆਰ ਹੋਵੇ ਉਹ ਕ੍ਰਿਕਟ ਦੇ ਖਿਡਾਰੀ ਦਾ ਵੀ ਬਹੁਤ ਸਤਿਕਾਰ ਪਿਆਰ ਕਰੇਗਾ। ਜਿਸਨੂੰ ਵਿਦਿਆ ਨਾਲ ਪਿਆਰ ਹੋਵੇ ਉਹ ਵਿਦਿਆਰਥੀ ਨਾਲ ਵੀ ਪਿਆਰ ਕਰੇਗਾ। ਭਾਵ ਜਿਸਨੂੰ ਜਿਸ ਕਿਸੇ ਵੀ ਕਿਸਮ ਦੇ ਹੁਨਰ ਨਾਲ ਪਿਆਰ ਹੋਵੇ, ਉਹ ਉਸ ਹੁਨਰ ਵਾਲੇ ਜਾਂ ਉਸਦੇ ਧਾਰਨੀ ਨਾਲ ਪਿਆਰ ਕਰੇਗਾ। ਇਸੇ ਤਰ੍ਹਾਂ ਸੰਸਾਰ ਜਾਂ ਕਾਇਨਾਤ ਵਿੱਚ ਇਹ ਗੁਣ ਅਸਲ ਵਿੱਚ ਆਏ ਹਨ ਪ੍ਰਮੇਸ਼ਰ ਵਲੋਂ ਤਾਂ ਫਿਰ ਜਿਹੜੀ ਚੀਜ਼ ਪ੍ਰਮੇਸ਼ਰ ਪਿਤਾ ਨੂੰ ਬਹੁਤ ਪਿਆਰੀ ਹੈ, ਜਿਸ ਕੋਲ ਵੀ ਉਹ ਦਾਤਿ ਹੋਵੇ ਉਹ ਵੀ ਪ੍ਰਮੇਸ਼ਰ ਨੂੰ ਬਹੁਤ ਪਿਆਰਾ ਲੱਗਦਾ ਹੈ। ਅੰਮ੍ਰਿਤ ਬਾਣੀ ਦੇ ਬਚਨ ਹਨ ਕਿ ਵਾਹਿਗੁਰੂ ਜੀ ਨੂੰ "ਤੁਧੁ ਭਾਵੈ ਤੇਰੀ ਬੰਦਗੀ ਤੂ ਗੁਣੀ ਗਹੀਰਾ ॥" ਹੋਣ ਕਰਕੇ ਜਿਨ੍ਹਾਂ ਕੋਲ ਤੇਰੀ ਬੰਦਗੀ ਹੈ, ਤੈਨੂੰ ਉਹ ਹੀ ਚੰਗੇ ਲੱਗਦੇ ਹਨ :-

ਭਗਤ ਤੇਰੈ ਮਨਿ ਭਾਵਦੇ ਦਰਿ ਸੋਹਨਿ ਕੀਰਤਿ ਗਾਵਦੇ ॥

(ਅੰਗ ੪੬੮)

ਇਸੇ ਲਈ ਇਹ ਭਗਤੀ ਦੀ ਦਾਤਿ ਦਾਤਾਰ ਨੇ ਆਪਣੇ ਪਾਸ ਰੱਖੀ ਹੈ। ਜਿਹੜਾ ਉਸਨੂੰ ਭਾਉਂਦਾ ਹੈ, ਇਹ ਦਾਤਿ ਵੀ ਵਾਹਿਗੁਰੂ ਉਸੇ ਨੂੰ ਹੀ ਬਖ਼ਸ਼ ਦਿੰਦੇ ਹਨ :-

ਦਾਤੈ ਦਾਤਿ ਰਖੀ ਹਥਿ ਅਪਣੈ ਜਿਸੁ ਭਾਵੈ ਤਿਸੁ ਦੇਈ ॥
ਨਾਨਕ ਨਾਮਿ ਰਤੇ ਸੁਖੁ ਪਾਇਆ ਦਰਗਹ ਜਾਪਹਿ ਸੇਈ ॥

(ਅੰਗ ੬੦੪)

ਭਾਈ ਗੁਰਦਾਸ ਜੀ ਦਾ ਕਿਸੇ ਨਾਮ ਜਪਣ ਜਾਂ ਇਸ ਪਉੜੀ ਵਿੱਚ ਦਿੱਤੇ ਗੁਣਾਂ ਦੇ ਧਾਰਨੀ ਦਾ ਆਪਣਾ ਕੋਈ ਸਰੀਰਕ ਜਾਂ ਖ਼ੂਨੀ ਰਿਸ਼ਤਾ ਨਹੀਂ ਹੈ, ਇਥੇ ਤਾਂ ਬਲਕਿ ਉਹੋ ਵੀਚਾਰ ਹੈ ਕਿ ਪਿਆਰਿਆ! ਤੈਨੂੰ ਰੱਬ ਦੀ ਬੰਦਗੀ ਨਾਲ ਪਿਆਰ ਹੈ, ਇਸੇ ਲਈ ਮੈਂ ਤੈਥੋਂ ਸਦਕੇ ਵਾਰੀ ਘੋਲੀ ਜਾਂਦਾ ਹਾਂ। ਪਿਆਰੇ ਦਾ ਪਿਆਰ ਹਾਸਿਲ ਕਰਨ ਲਈ ਜਿਸਨੇ ਆਪਣੇ ਅੰਦਰੋਂ ਇਨ੍ਹਾਂ ਔਗੁਣਾਂ ਨੂੰ ਕੱਢਕੇ ਸਾਂਈਂ

ਦੇ ਅਮੋਲਕ ਨਾਮ ਨਾਲ ਪਿਆਰ ਕੀਤਾ ਹੈ, ਜਨਮ ਭਾਵੇਂ ਉਸਨੇ ਆਪਣਾ ਸੁਧਾਰਿਆ ਹੈ ਪਰ ਮੇਰੇ ਹਿਰਦੇ ਦੀ ਦੁਨੀਆਂ ਉਸ ਤੋਂ ਕੁਰਬਾਨ ਬਲਿਹਾਰ ਜਾਂਦੀ ਹੈ। ਇਕ ਵਾਰੀ ਪਿੱਛੇ ਦਿੱਤੀ ਉਦਾਹਰਣ ਨੂੰ ਫਿਰ ਸੋਚ ਮੰਡਲ ਦੇ ਨੇੜੇ ਕਰਕੇ ਵੇਖੋ। ਖਿਡਾਰੀ ਖੇਡਦਾ ਆਪਣੇ ਕੈਰੀਅਰ ਲਈ ਹੈ। ਆਪਣੀ ਤਰੱਕੀ, ਆਪਣੇ ਲਈ ਪ੍ਰਾਪਤ ਧਨ ਲਈ ਖੇਡਦਾ ਹੈ ਪਰ ਜਿਉਂ ਜਿਉਂ ਉਹ ਚੰਗਾ ਖੇਡਦਾ ਹੈ, ਤਿਉਂ ਤਿਉਂ ਖੇਡ ਜਗਤ ਨਾਲ ਪਿਆਰ ਕਰਨ ਵਾਲੇ ਵੀ ਆਪਣਾ ਪਿਆਰ ਵਧਾਉਂਦੇ ਜਾਂਦੇ ਹਨ। ਇਸੇ ਤਰ੍ਹਾਂ ਨਾਮ ਜਪਣ ਵਾਲਾ ਭਾਵੇਂ ਆਪਣੇ ਜੀਵਨ ਦੇ ਸੁਧਾਰ ਲਈ ਜਾਂ ਜੀਵਨ ਦੀ ਬਾਜ਼ੀ ਜਿੱਤਣ ਲਈ ਨਾਮ ਜਪਦਾ ਹੈ ਪਰ ਜਿਉਂ ਜਿਉਂ ਉਹ ਨਾਮ ਵਧੇਰੇ ਜਪ ਜਪਕੇ ਚੰਗੇ ਗੁਣਾਂ ਦਾ ਧਾਰਨੀ ਹੋਈ ਜਾਂਦਾ ਹੈ, ਤਿਉਂ ਤਿਉਂ ਰੱਬੀ ਰਹਿਮਤਾਂ ਉਸ ਉਪਰ ਵਰਸਦੀਆਂ ਰਹਿੰਦੀਆਂ ਹਨ। ਭਾਈ ਸਾਹਿਬ ਭਾਈ ਗੁਰਦਾਸ ਜੀ ਵਰਗੇ ਮਹਾਨ ਗੁਰਸਿੱਖ ਵੀ ਉਨ੍ਹਾਂ ਉਤੋਂ ਵਾਰਨੇ ਬਲਿਹਾਰੇ ਜਾਂਦੇ ਹਨ।

ਹਉ ਤਿਸ ਘੋਲਿ ਘੁਮਾਇਆ ਦਾ ਅਸਲ ਵਿੱਚ ਅਰਥ ਇਤਨਾ ਗਹਿਰਾ ਹੈ ਕਿ ਇਸਦਾ ਸੰਬੰਧ ਅੰਦਰੂਨੀ ਮਾਨਸਿਕ ਪੱਧਰ ਦੀ ਖ਼ੁਸ਼ੀ ਨਾਲ ਜਾ ਜੁੜਦਾ ਹੈ। ਧਾਰਮਿਕ ਦੁਨੀਆਂ ਵਿੱਚ ਤਾਂ ਵੈਸੇ ਹੀ ਹੁੰਦਾ ਹੈ ਪਰ ਫਿਰ ਵੀ ਇਹ ਖ਼ੁਸ਼ੀ ਕਦੇ ਗੱਲਾਂ ਰਾਹੀਂ ਪ੍ਰਗਟ ਨਹੀਂ ਹੁੰਦੀ ਬਲਕਿ ਇਹ ਤਾਂ ਤਨੋ ਮਨੋਂ ਵਾਰੀ ਜਾਣ ਦਾ ਨਾਉਂ ਹੈ। ਦਿਲ ਦੀ ਮੁਹੱਬਤ ਹੀ ਅਸਲ ਵਿੱਚ ਸੱਚੀ ਮੁਹੱਬਤ ਕਹੀ ਜਾਂਦੀ ਹੈ। ਵਾਰੀ ਜਾਣਾ ਅਸਲ ਦਿਲ ਦੀ ਮੁਹੱਬਤ ਹੈ। ਪ੍ਰਮੇਸ਼ਰ ਜੀ ਨੇ ਵੀ ਇਸੇ ਲਈ ਆਪਣੇ ਵਿੱਚ ਕੇਵਲ ਬੰਦਗੀ ਕਰਨ ਵਾਲੇ ਨੂੰ ਹੀ ਅਭੇਦਤਾ ਬਖ਼ਸ਼ੀ ਹੈ। ਚਲੋ ਦੁਨੀਆਂਦਾਰਾਂ ਦਾ ਤਾਂ ਹੋ ਵੀ ਸਕਦਾ ਹੈ ਕਿ ਕਿਸੇ ਤਰ੍ਹਾਂ "ਮਨਿ ਨਹੀਂ ਪ੍ਰੀਤ ਮੁਖਹੁ ਗੰਢ ਲਾਵਤ" ਹੋ ਸਕਦਾ ਹੋਵੇ ਪਰ ਪ੍ਰਮੇਸ਼ਰ ਜੀ ਦਾ ਕੇਵਲ ਬੰਦਗੀ ਕਰਨ ਵਾਲੇ ਨਾਲ ਹੀ ਪਿਆਰ ਕਰਨਾ ਕਿਤਨੀ ਵੱਡੀ ਆਪਣੇ ਆਪ ਵਿੱਚ ਪ੍ਰਵਾਨਗੀ ਦੀ ਮਿਸਾਲ ਹੈ। ਭਾਈ ਗੁਰਦਾਸ ਜੀ ਦਾ ਘੋਲਿ ਘੁਮਾਈ ਜਾਣਾ ਅਸਲ ਵਿੱਚ ਅੰਦਰਲੀ ਉਹ ਸੱਚੀ ਖ਼ੁਸ਼ੀ ਦਾ ਪ੍ਰਗਟਾਵਾ ਹੈ ਜਿਹੜਾ ਕਿਸੇ ਤਰ੍ਹਾਂ ਵੀ ਪਾਖੰਡ ਨਾਲ ਹਾਸਿਲ ਨਹੀਂ ਕੀਤਾ ਜਾ ਸਕਦਾ। ਪ੍ਰੋ: ਪੂਰਨ ਸਿੰਘ ਜੀ ਹੋਰਾਂ ਦੇ ਬੋਲ ਪਿਆਰ ਨਾਲ ਪੜ੍ਹਕੇ ਵੇਖੀਏ ਤਾਂ ਇਉਂ ਲੱਗਦੇ ਹਨ ਕਿ ਜਿਵੇਂ ਕੋਈ ਇਕ ਇਕ ਸ਼ਹਿਦ ਦੀ ਬੂੰਦ ਆਪਣੀ ਰਸਨਾ ਉੱਤੇ ਰੱਖਕੇ ਤੇ ਪਿਆਰ ਨਾਲ ਚੱਖ ਕੇ ਸੁਆਦ ਸੁਆਦ ਹੁੰਦਾ ਜਾਵੇ। ਉਹ ਲਿਖਦੇ ਹਨ ਕਿ ਸੰਸਾਰ ਵਿਚੇ ਕਿਸੇ ਵੀ ਚੀਜ਼ ਦਾ ਕਾਲ (ਘਾਟਾ) ਨਹੀਂ। ਜਿਧਰ ਨਜ਼ਰ ਮਾਰੀਏ ਹਰ ਪਾਸੇ ਭੰਡਾਰੇ ਭਰੇ ਪਏ ਹਨ। ਜਲ, ਰੌਸ਼ਨੀ, ਹਵਾ, ਬਨਾਸਪਤੀ, ਪਸ਼ੂ ਪੰਛੀਆਂ ਦੇ ਕਲੋਲ, ਦਰਿਆਵਾਂ ਦੇ ਵਗਦੇ ਵਹਿਣ ਭਾਵ ਖਾਣ, ਪਹਿਨਣ,

ਰਹਿਣ-ਸਹਿਣ, ਸੁੰਦਰਤਾ, ਸਿਆਣਪ, ਸੋਨਾ-ਚਾਂਦੀ, ਹੀਰੇ-ਮੋਤੀ, ਧਨ-ਦੌਲਤ ਭਾਵ ਹਰ ਪਾਸੇ ਲਹਿਰਾਂ ਬਹਿਰਾਂ ਹਨ। ਜੇ ਕਾਲ ਹੈ ਤਾਂ ਕੇਵਲ ਸੱਚੀ ਪ੍ਰੀਤ ਦਾ। ਦੇਖਣ ਨੂੰ ਪ੍ਰੀਤਵਾਨ ਬਹੁਤ ਲੱਗਦੇ ਹਨ ਪਰ ਥੋੜ੍ਹੇ ਸਮੇਂ ਮਗਰੋਂ ਹੀ ਅਸਲੀਅਤ ਪ੍ਰਗਟ ਹੋ ਜਾਂਦੀ ਹੈ ਅਤੇ ਸਤਿਗੁਰੂ ਪਿਤਾ ਧੰਨ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਬਚਨ ਸੱਚ ਦੇ ਦੀਦਾਰ ਕਰਵਾ ਦਿੰਦੇ ਹਨ ਕਿ :-

ਜਗਤ ਮੈ ਝੂਠੀ ਦੇਖੀ ਪ੍ਰੀਤਿ ॥

ਅਪਨੇ ਹੀ ਸੁਖ ਸਿਉ ਸਭ ਲਾਗੇ ਕਿਆ ਦਾਰਾ ਕਿਆ ਮੀਤ ॥

(ਅੰਗ ੫੩੬)

ਦੁਨੀਆਂ ਦੀ ਪ੍ਰੀਤ ਵਿੱਚ ਇੱਕ ਹੋਰ ਵੀ ਗੱਲ ਵੀਚਾਰਨਯੋਗ ਹੈ ਕਿ ਜਦੋਂ ਕਦੇ ਪਿਆਰ ਦੀ ਦੁਨੀਆਂ ਵਿੱਚ ਹੋਰ ਕੋਈ ਤੀਸਰਾ ਆਉਂਦਾ ਹੈ ਤਾਂ ਉਸ ਦਾ ਆਉਣਾ ਨਾ ਬਰਦਾਸ਼ਤੇ ਕਬੂਲ ਹੁੰਦਾ ਹੈ ਭਾਵ ਸਹਾਰ ਨਹੀਂ ਹੁੰਦਾ। ਅਜਿਹੀਆਂ ਉਦਾਹਰਣਾਂ ਗੁਰ ਪਾਤਿਸ਼ਾਹ ਜੀ ਨੇ ਵੀ ਸਮਝਾਈਆਂ ਹਨ ਕਿ :-

ਢੂਢੇਦੀਏ ਸੁਹਾਗ ਕੂ ਤਉ ਤਨਿ ਕਾਈ ਕੋਰ ॥

ਜਿਨ੍ਹਾ ਨਾਉ ਸੁਹਾਗਣੀ ਤਿਨ੍ਹਾ ਝਾਕ ਨ ਹੋਰ ॥੧੧੪॥

(ਅੰਗ ੧੩੮੪)

ਹਰ ਇਸਤ੍ਰੀ ਦੀ ਭਾਵਨਾ ਹੈ ਕਿ ਮੇਰਾ ਪਤੀ ਪਿਆਰਾ ਕੇਵਲ ਮੇਰੀ ਹੀ ਜ਼ਿੰਦਗੀ ਲਈ ਹੋਵੇ, ਹੋਰ ਕੋਈ ਵੀ ਸਾਡੀ ਪ੍ਰੇਮ ਦੀ ਦੁਨੀਆਂ ਵਿੱਚ ਨਾ ਹੋਵੇ ਪਰ ਇਧਰ ਤਾਂ ਸਗੋਂ ਈਰਖਾ ਦੀ ਥਾਂ ਜਿਨ੍ਹਾਂ ਨੇ ਮੇਰਾ ਪਿਆਰਾ ਰਾਵਿਆ ਹੈ ਮੈਂ ਉਨ੍ਹਾਂ ਤੋਂ ਕੁਰਬਾਨ ਜਾਂਦੀ ਹਾਂ। ਜੇਕਰ ਉਸਦਾ ਮਿਲਾਪ ਮੈਨੂੰ ਨਹੀਂ ਹੋਇਆ ਤਾਂ ਇਸ ਦਾ ਦੋਸ਼ ਕਿਸੇ ਦੂਸਰੇ ਦੇ ਸਿਰ ਨਹੀਂ ਬਲਕਿ ਮੇਰੇ ਆਪਣੇ ਹੀ ਔਗੁਣ ਹਨ।

ਦੁਨੀਆਂ ਅੰਦਰ ਹਰ ਮਨੁੱਖ ਕੁਝ ਨਾ ਕੁਝ ਬਣਨਾ ਚਾਹੁੰਦਾ ਹੈ। ਹਰ ਰੋਜ਼ ਮਿਹਨਤ ਵੀ ਕਰਦੇ ਹਾਂ, ਅਰਦਾਸਾਂ ਵੀ ਕਰਦੇ ਹਾਂ ਕਿ ਦੁਨੀਆਂ ਦੇ ਮਹਾਨ ਸਤਿਕਾਰੇ ਹੋਏ ਕਿਸੇ ਰੁਤਬੇ 'ਤੇ ਪਹੁੰਚ ਜਾਈਏ ਪਰ ਜੇਕਰ ਭਾਵਨਾ ਦੀ ਛੋਹ ਵਾਲੀ ਸੋਚ ਨਾਲ ਵੀਚਾਰ ਕੇ ਵੇਖੀਏ ਤਾਂ ਸੁਭਾਵਿਕ ਹੀ ਸ਼ਰਧਾ ਨਾਲ ਧੰਨ ਗੁਰੂ ਅਰਜਨ ਪਾਤਿਸ਼ਾਹ ਜੀ, ਧੰਨ ਗੁਰੂ ਅਰਜਨ ਪਾਤਿਸ਼ਾਹ ਜੀ ਰਸਨਾ ਕਹਿ ਉਠਦੀ ਹੈ ਜਦੋਂ ਇਤਨੇ ਮਹਾਨ ਰੁਤਬੇ ਭਾਵੇਂ 'ਪ੍ਰਤੱਖ ਹਰਿ' ਹੋ ਕੇ ਵੀ ਬਣਨਾ ਕੀ ਚਾਹੁੰਦੇ ਹਨ। ਇਨ੍ਹਾਂ ਪੰਗਤੀਆਂ ਵਿੱਚ ਰੱਬ ਅੱਗੇ ਸ਼ਰਧਾ ਪੂਰੀ ਕਰਨ ਦੀ ਅਰਦਾਸ ਕਰਦੇ ਹਨ। ਸਭ ਤੋਂ ਪਹਿਲਾਂ ਹੇ ਮੇਰੇ ਮਿੱਤਰ ! ਮੈਂ ਬੇਨਤੀ ਕਰਦਾ ਹਾਂ ਕਿ ਪ੍ਰਮੇਸ਼ਰ ਦੀ ਸੇਵਾ ਕਰਨ ਦਾ ਵਕਤ ਹੈ। ਇਥੋਂ ਰੱਬੀ ਸੇਵਾ ਦਾ ਲਾਹਾ ਖੱਟਕੇ ਜਿਹੜਾ ਜਾਂਦਾ ਹੈ ਤਾਂ ਉਸ ਦਾ ਵਾਹਿਗੁਰੂ ਜੀ ਦੇ ਘਰ ਵੱਸਣਾ ਭਾਵ ਅਭੇਦ ਹੋਣਾ ਸੁਹੇਲਾ ਹੋ ਜਾਂਦਾ

ਹੈ। ਮੈਂ ਇਹ ਬੇਨਤੀ ਤਾਂ ਕਰਦਾ ਹਾਂ ਕਿ ਅਸਲ ਵਿੱਚ :

ਸੰਤ ਟਹਲ ਕੀ ਬੇਲਾ ॥
ਅਉਧ ਘਟੈ ਦਿਨਸੁ ਰੈਣਾ ਰੇ ॥

ਕਰਕੇ ਬੀਤਦੀ ਜਾਂਦੀ ਹੈ, ਇਸ ਲਈ ਗੁਰੂ ਨਾਲ ਮਿਲਕੇ ਆਪਣਾ ਜੰਮਣ ਮਰਨ ਤੋਂ ਮੁਕਤ ਹੋਣ ਦਾ ਕਾਰਜ ਕਰ ਲਵੋ। ਇਸ ਬਿਕਾਰ ਸੰਸੇ ਸੰਸਾਰ ਵਿਚੋਂ ਕੇਵਲ ਬ੍ਰਹਮ ਦਾ ਗਿਆਨ ਹੀ ਪਾਰ ਕਰਦਾ ਹੈ। ਇਸ ਜੀਵਨ ਦੀ ਸੁਹਜ ਭਰੀ ਅਕਥ ਕਥਾ ਨੂੰ ਉਹ ਹੀ ਜਾਣਦਾ ਹੈ ਜਿਹੜਾ ਰੱਬੀ ਰਹਿਮਤ ਨਾਲ ਇਸ ਰੱਬੀ ਰਸ ਦਾ ਧਾਰਨੀ ਹੋ ਜਾਂਦਾ ਹੈ। ਜਿਸ ਵਸਤੂ ਦੀ ਪ੍ਰਾਪਤੀ ਲਈ ਅਸਲ ਵਿੱਚ ਜੀਵ ਇਥੇ ਆਇਆ ਹੈ, ਉਸ ਨੂੰ ਤਿਆਗ ਕੇ ਇਸ ਨੇ ਹੋਰ ਬਹੁਤ ਕੁਝ ਇਕੱਠਾ ਕਰ ਲਿਆ ਹੈ, ਪਰ ਉਹ ਵਸਤੂ ਵੀ ਜੋੜ ਅਤੇ ਗੁਰੂ ਕਿਰਪਾ ਦਾ ਸਦਕਾ ਮਨਹਿ ਬਸੇਰਾ ਦਾ ਅਰਥ ਭਾਵ ਜਿਵੇਂ ਕਿਸੇ ਦੀ ਜ਼ਮੀਨ ਤਾਂ ਹੋਵੇ ਪਰ ਉਸਨੇ ਸਰਕਾਰੀ ਕਾਗ਼ਜ਼ਾਂ ਵਿੱਚ ਆਪਣੇ ਨਾਮ ਨਾ ਕਰਵਾਈ ਹੋਵੇ ਤਾਂ ਪ੍ਰੀਖਿਆ ਵੇਲੇ ਕੋਈ ਕਾਗ਼ਜ਼ ਨਾ ਹੋਣ ਕਰਕੇ ਉਹ ਉਸਦੇ ਨਾਮ ਨਹੀਂ ਮੰਨੀ ਜਾਂਦੀ। ਕਿਸੇ ਤਰ੍ਹਾਂ ਹਰਿ ਗੁਰ ਤੇ ਮਨਹਿ ਬਸੇਰਾ ਦਾ ਅਰਥ ਹੈ ਕਿ ਗੁਰੂ ਜੀ ਇਹ ਜਪਿਆ ਨਾਮ ਕਿਰਪਾ ਕਰਕੇ ਮਨ ਵਿਚ ਵਸਾ ਦਿੰਦੇ ਹਨ। ਜਦੋਂ ਦਰਗਾਹੀ ਪਰਖ ਹੋਵੇਗੀ ਉਦੋਂ ਮਨ ਵਿੱਚ ਨਾਮ ਵਸਿਆ ਹੋਣ ਕਰਕੇ ਨਿਜ ਘਰਿ ਦੀ ਪ੍ਰਾਪਤੀ ਹੋ ਜਾਵੇਗੀ। ਹੁਣ ਥੋੜ੍ਹਾ ਜਿਹਾ ਧਿਆਨ ਦੇ ਕੇ ਪੜ੍ਹਨਾ ਜੀ ਕਿ ਅਜਿਹੇ ਪੁਰਖ ਨੇ ਜਿਸਨੇ ਗੁਰੂ ਦਾ ਆਖਾ ਮੰਨ ਕੇ ਨਾਮ ਜਪ ਲਿਆ, ਹੇ ਵਾਹਿਗੁਰੂ ਜੀ! ਮੇਰੀ ਇਕ ਸ਼ਰਧਾ ਪੂਰੀ ਕਰਕੇ ਮੈਨੂੰ ਅਜਿਹੇ ਪੁਰਖਾਂ ਦੇ ਚਰਨਾਂ ਦੀ ਧੂੜੀ ਬਣਾ ਦਿਉ ਜੀ। ਅਸੀਂ ਮਹਾਨ ਰੁਤਬਿਆਂ ਮਗਰ ਦੌੜਦੇ ਫਿਰਦੇ ਹਾਂ ਪਰ ਧੰਨ ਗੁਰੂ ਅਰਜਨ ਪਾਤਿਸ਼ਾਹ ਜੀ ਨਾਮ ਜਪਣ ਵਾਲਿਆਂ ਦੀ ਚਰਨ ਧੂੜ ਬਣਨ ਲਈ ਅਰਦਾਸ ਕਰਦੇ ਹਨ। ਸਮੁੱਚੇ ਅੰਮ੍ਰਿਤ ਬੋਲ ਹਨ :

ਕਰਉ ਬੇਨੰਤੀ ਸੁਣਹੁ ਮੇਰੇ ਮੀਤਾ ਸੰਤ ਟਹਲ ਕੀ ਬੇਲਾ ॥
ਈਹਾ ਖਾਟਿ ਚਲਹੁ ਹਰਿ ਲਾਹਾ ਆਗੈ ਬਸਨੁ ਸੁਹੇਲਾ ॥੧॥
ਅਉਧ ਘਟੈ ਦਿਨਸੁ ਰੈਣਾਰੇ ॥ ਮਨ ਗੁਰ ਮਿਲਿ ਕਾਜ ਸਵਾਰੇ ॥੧॥ ਰਹਾਉ ॥
ਇਹੁ ਸੰਸਾਰੁ ਬਿਕਾਰੁ ਸੰਸੇ ਮਹਿ ਤਰਿਓ ਬ੍ਰਹਮ ਗਿਆਨੀ ॥
ਜਿਸਹਿ ਜਗਾਇ ਪੀਆਵੈ ਇਹੁ ਰਸੁ ਅਕਥ ਕਥਾ ਤਿਨਿ ਜਾਨੀ ॥੨॥
ਜਾ ਕਉ ਆਏ ਸੋਈ ਬਿਹਾਝਹੁ ਹਰਿ ਗੁਰ ਤੇ ਮਨਹਿ ਬਸੇਰਾ ॥
ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ ਬਹੁਰਿ ਨ ਹੋਇਗੋ ਫੇਰਾ ॥੩॥
ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ ॥
ਨਾਨਕ ਦਾਸੁ ਇਹੈ ਸੁਖੁ ਮਾਗੈ ਮੋ ਕਉ ਕਰਿ ਸੰਤਨ ਕੀ ਧੂਰੇ ॥੪॥੫॥

ਕੋਸ਼ਾਂ ਦੀ ਦੁਨੀਆਂ ਤੋਂ ਥੋੜ੍ਹਾ ਜਿਹਾ ਦੂਰ ਹੋ ਕੇ ਭਾਵਨਾ ਦੀ ਦੁਨੀਆਂ ਨਾਲ ਬਲਿਹਾਰੀ ਸ਼ਬਦ ਵੀਚਾਰ ਕੇ ਵੇਖੀਏ ਤਾਂ ਸਿਧਾ ਜਿਹਾ ਅਰਥ ਹੈ ਬਲਿ ਤੋਂ ਭਾਵ ਤਾਕਤ ਅਤੇ ਹਾਰੀ ਤੋਂ ਭਾਵ ਹਾਰ ਜਾਣਾ, ਉਸ ਅੱਗੇ ਆਪਣੇ ਆਪ ਨੂੰ ਅਸਮਰਥ ਜਾਣ ਕੇ ਉਸ ਦੀ ਸਮਰਥਾ ਨੂੰ ਕਬੂਲ ਕਰ ਲੈਣਾ ਬਣਦਾ ਹੈ। ਹੁਣ ਵੇਖੋ ਹਰ ਬੰਦਾ ਦੁਨੀਆਂ ਵਿੱਚ ਦੂਜੇ ਨੂੰ ਹਰਾ ਕੇ ਆਪ ਜੇਤੂ ਬਣਨਾ ਚਾਹੁੰਦਾ ਹੈ ਪਰ ਬਲਿਹਾਰੀ ਕਹਿਣ ਵਾਲਾ ਆਪ ਹੀ ਆਪਣੇ ਆਪ ਹਾਰ ਕਬੂਲ ਕਰਕੇ ਇਤਨਾ ਸਤਿਕਾਰ ਦੂਜੇ ਨੂੰ ਦਿੰਦਾ ਹੈ ਕਿ ਮੈਂ ਤੈਨੂੰ ਜੇਤੂ ਅਤੇ ਆਪਣੇ ਆਪ ਨੂੰ ਹਾਰਿਆ ਹੋਇਆ ਸਮਝਦਾ ਹਾਂ।

ਹੁਣ ਪਿਆਰ ਨਾਲ ਵੀਚਾਰੀਏ ਕਿ ਬੰਦਗੀ ਕਰਕੇ ਜੀਵਨ ਤਾਂ ਆਪਣਾ ਸੁਧਾਰਨਾ ਹੈ, ਪਰ ਨਾਲ ਹੀ ਵਾਹਿਗੁਰੂ ਜੀ ਸਦਕੇ ਹਨ, ਗੁਰੂ ਜੀ ਸਦਕੇ ਹਨ, ਭਾਈ ਗੁਰਦਾਸ ਜੀ ਵਰਗੇ ਸਦਕੇ ਹਨ। ਇਥੇ ਹੀ ਬਸ ਨਹੀਂ, ਸੱਚੇ ਮਾਰਗ ਦੇ ਪਾਂਧੀ ਲਈ ਸੰਸਾਰ ਵੀ ਸਿਫ਼ਤਾਂ ਦੇ ਹਾਰ ਪਰੋ ਕੇ ਖਲੋ ਜਾਂਦਾ ਹੈ।

ਸੋ ਭਾਈ ਗੁਰਦਾਸ ਜੀ ਦਾ ਹਉਂ ਤਿਸ ਘੋਲਿ ਘੁਮਾਇਆ ਕੇਵਲ ਪੜ੍ਹਨਾ ਹੀ ਕਾਫ਼ੀ ਨਹੀਂ ਬਲਕਿ ਅੰਦਰੋਂ ਮਹਿਸੂਸ ਕਰਨ ਦੀ ਲੋੜ ਹੈ। ਕਿਤਨੀ ਪਿਆਰੀ ਸਤਿਕਾਰੀ ਰੂਹ ਅੱਜ ਉਸ ਤੋਂ ਕੁਰਬਾਨ ਜਾ ਰਹੀ ਹੈ ਜਿਸਨੇ ਇਸ ਪਉੜੀ ਵਿੱਚ ਦਰਸਾਏ ਗੁਣਾਂ ਨੂੰ ਧਾਰਨ ਕਰਕੇ ਆਪਣੇ ਜੀਵਨ ਨੂੰ ਹੀ ਨਹੀਂ ਸੁਧਾਰਿਆ ਬਲਕਿ ਪ੍ਰੀਤਮ ਸੱਚਾ ਵੀ ਪਾ ਲਿਆ ਹੈ।

ਸੁਭਾਵਿਕ ਹੀ ਹੈ ਕਿ **"ਤੂ ਸਮਰਥ ਵਡਾ ਮੇਰੀ ਮਤਿ ਥੋਰੀ"** ਹੋਣ ਕਰਕੇ ਅਸੀਂ ਇਸ ਸੁਆਲ ਦਾ ਜਵਾਬ ਧੰਨ ਗੁਰੂ ਪੰਚਮ ਗੁਰਦੇਵ ਜੀ ਦੇ ਮੁਬਾਰਿਕ ਚਰਨ ਪਕੜ ਕੇ ਹੀ ਪੁੱਛੀਏ ਜੀ ! ਤੁਸੀਂ ਕਿਰਪਾ ਕਰਕੇ ਇਹ ਸਮਝਾ ਦਿਉ ਕਿ ਤੁਸੀਂ ਅਜਿਹਾ ਕਿਉਂ ਕਰਨਾ ਚਾਹੁੰਦੇ ਹੋ ਤਾਂ ਸਤਿਗੁਰੂ ਪਿਤਾ ਜੀ ਮਹਾਰਾਜ ਦਾ ਦੇਵਗੰਧਾਰੀ ਰਾਗ ਅੰਦਰ ਸਾਡੇ ਵਰਗੇ ਲੋਕਾਂ ਦਾ ਅਜਿਹੇ ਸ਼ੰਕੇ ਦਾ ਜਵਾਬ ਹੀ ਮਾਨੋ ਇਸ ਅੰਮ੍ਰਿਤ ਮਈ ਸ਼ਬਦ ਵਿੱਚ ਹੈ :-

ਮਨ ਜਿਉ ਅਪੁਨੇ ਪ੍ਰਭ ਭਾਵਉ ॥
ਨੀਚਹੁ ਨੀਚੁ ਨੀਚੁ ਅਤਿ ਨਾਨ੍ਹਾ ਹੋਇ ਗਰੀਬੁ ਬੁਲਾਵਉ ॥੧॥ ਰਹਾਉ ॥
ਅਨਿਕ ਅਡੰਬਰ ਮਾਇਆ ਕੇ ਬਿਰਥੇ ਤਾ ਸਿਉ ਪ੍ਰੀਤਿ ਘਟਾਵਉ ॥
ਜਿਉ ਅਪੁਨੋ ਸੁਆਮੀ ਸੁਖੁ ਮਾਨੈ ਤਾ ਮਹਿ ਸੋਭਾ ਪਾਵਉ ॥੧॥
ਦਾਸਨ ਦਾਸ ਰੇਣੁ ਦਾਸਨ ਕੀ ਜਨ ਕੀ ਟਹਲ ਕਮਾਵਉ ॥
ਸਰਬ ਸੂਖ ਬਡਿਆਈ ਨਾਨਕ ਜੀਵਉ ਮੁਖਹੁ ਬੁਲਾਵਉ ॥੨॥

(ਅੰਗ ੫੨੯)

ਹੇ ਮਨ ! ਜਿਵੇਂ ਮੈਂ ਆਪਣੇ ਪਿਆਰੇ ਨੂੰ ਭਾਅ ਜਾਵਾਂ, ਮੈਂ ਉਸ ਤਰ੍ਹਾਂ ਹੀ ਅਤਿ ਦੀ ਨਿਮ੍ਰਤਾ ਧਾਰਨ ਕਰਕੇ ਗਰੀਬੜਾ ਜਿਹਾ ਬਣਕੇ ਆਪਣੇ ਪਿਆਰੇ ਨੂੰ ਬੁਲਾਵਾਂ ਤਾਂਕਿ ਉਸਦੇ ਦਰ 'ਤੇ ਪ੍ਰਵਾਨਗੀ ਲਈ ਅਰਜ਼ੋਈ ਕਰ ਸਕਾਂ। ਜਿਹੜੇ ਮਾਇਕੀ ਅਡੰਬਰ ਮੈਨੂੰ ਇਸ ਨਿਮਰਤਾ ਦੇ ਧਾਰਨ ਵਿੱਚ ਰੁਕਾਵਟ ਬਣਦੇ ਹਨ, ਮੈਂ ਉਨ੍ਹਾਂ ਨਾਲੋਂ ਆਪਣੀ ਪ੍ਰੀਤ ਘਟਾ ਲਵਾਂ। ਮੈਂ ਇਨ੍ਹਾਂ ਮਾਇਆ ਦੇ ਅਡੰਬਰ ਦੀ ਫੋਕੀ ਸ਼ੋਹਰਤ ਭਰਿਆ ਜੀਵਨ ਤਿਆਗ ਕੇ ਇਸ ਦੀ ਥਾਂ 'ਤੇ ਸਗੋਂ ਦਾਸਾਂ ਦੀ ਚਰਣ ਧੂੜਿ ਬਣ ਜਾਵਾਂ ਅਤੇ ਉਨ੍ਹਾਂ ਦੀ ਸੇਵਾ ਕਰਾਂ। ਜਦੋਂ ਫਿਰ ਮੇਰਾ ਪਿਆਰਾ ਪ੍ਰਭੂ ਮੈਨੂੰ ਇਕ ਵਾਰੀ ਬੁਲਾ ਲਵੇਗਾ ਤਾਂ ਉਸ ਦੇ ਇਕ ਵਾਰੀ ਬੁਲਾ ਲੈਣ ਨਾਲ ਹੀ ਮੈਨੂੰ ਸੱਚੀ ਵਡਿਆਈ ਅਤੇ ਮੈਨੂੰ ਅਸਲ ਜ਼ਿੰਦਗੀ ਪ੍ਰਾਪਤ ਹੋ ਜਾਵੇਗੀ। ਇਹੋ ਹੀ ਅਸਲ ਵਿੱਚ ਧਰਮ ਦਾ ਸ਼੍ਰੋਮਣੀ ਕਾਰਜ ਅਤੇ ਜੀਵ ਦੀ ਮੰਜ਼ਿਲ ਹੈ ਕਿ ਪ੍ਰਮੇਸ਼ਰ ਦੇ ਦਰ 'ਤੇ ਕਬੂਲ ਪੈ ਜਾਣਾ ॥

ਗੁਰਮੁਖਿ ਸੋਈ ਸਹਜ ਸਮਾਵੈ ॥



ਗਿ: ਅਮਰੀਕ ਸਿੰਘ

An I S O 9001:2000 Certified Publishing House

ISBN 81-7601-804-X

9788176018043